Digitized by Arya Samaj Foundation Chennai and eGangotri

ਪਾਸ਼ ਦਾ ਕਾਵਿ ਸੰਸਾਰ

8126

ਗੁਰਵਿੰਦਰ ਕੌਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

Forwarded free of Cost, and with the
Compliments of Deptt of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸ਼ ਦਾ ਕਾਵਿ ਸੰਸਾਰ

8126

Forwarded free of Cost with the Compliments of Deptt. of Education, Govt. of India, New Delhi.

DONATION

ਪ੍ਰੋ. ਗੁਰਵਿੰਦਰ ਕੌਰ

ਵਾਰਿਸ ਸ਼ਾਹ ਫਾਉਂਡੇਸ਼ਨ
ਅੰਮ੍ਰਿਤਸਰ - 143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

PAASH DA KAV SANSAR
by
Prof. Gurvinder Kaur

1992

ਪ੍ਰਕਾਸ਼ਕ
ਵਾਰਿਸ ਸ਼ਾਹ ਫਾਉਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ
ਡਾਕ. ਖਾਲਸਾ ਕਾਲਜ, ਅੰਮ੍ਰਿਤਸਰ-143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕਪੁਰਾ, ਅੰਮ੍ਰਿਤਸਰ।

ਮੁੱਲ : 80 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਤ

ਆਪਣੇ ਸਤਿਕਾਰਯੋਗ ਗੁਰੂ ਸਾਹਿਬ
ਡਾ. ਸਤਿੰਦਰ ਸਿੰਘ ਜੀ ਨੂੰ, ਜਿਨ੍ਹਾਂ
ਦੀ ਅਸ਼ੀਰਵਾਦ ਸਦਕਾ, ਮੈਨੂੰ
ਨੈਤਿਕ ਅਤੇ ਸਾਹਿਤਕ
ਚੇਤਨਾ ਉਪਲੱਬਧ
ਹੋਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੈ-ਸੂਚੀ

	ਮੁਖ-ਸ਼ਬਦ (ਡਾ. ਬਲਜੀਤ ਕੌਰ)	3
	ਭੂਮਿਕਾ	6
	ਆਧੁਨਿਕ ਪੰਜਾਬੀ ਕਵਿਤਾ (ਮੁਖ ਬੰਧ) ਪ੍ਰੋ. ਬ੍ਰਹਮਜਗਦੀਸ਼ ਸਿੰਘ	9
1.	ਜੁਝਾਰ-ਵਿਦਰੋਹੀ ਕਾਵਿ-ਧਾਰਾ ਦਾ ਇਤਿਹਾਸ ਤੇ ਪ੍ਰਕਿਰਤੀ	49
2.	ਪਾਸ਼ ਕਾਵਿ : ਜੁਝਾਰ ਵਿਦਰੋਹੀ ਚੇਤਨਾ	64
3.	ਪਾਸ਼ ਕਾਵਿ : ਰੂਪਕ ਪੱਖ	92
4.	ਪਾਸ਼ ਕਾਵਿ : ਵਿਅੰਗ ਵਿਧੀ	111
5.	ਪਾਸ਼ ਦਾ ਜੁਝਾਰ ਵਿਦਰੋਹੀ ਕਾਵਿ-ਧਾਰਾ ਵਿਚ ਸਥਾਨ	120
6.	ਪਾਸ਼ ਦੀ ਵਿਲੱਖਣਤਾ	136
7.	ਨਿਸ਼ਕਰਸ਼	145
	ਪੁਸਤਕ ਸੂਚੀ	148

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖ-ਸ਼ਬਦ

ਅਵਤਾਰ ਸਿੰਘ ਪਾਸ਼ ਆਧੁਨਿਕ ਪੰਜਾਬੀ ਕਾਵਿ ਦੀ ਜੁਝਾਰ-ਵਿਦਰੋਹੀ ਧਾਰਾ ਦੇ ਮੋਢੀ ਤੇ ਮੋਹਰੀ ਕਵੀਆਂ ਵਿਚੋਂ ਪ੍ਰਮੁੱਖ ਨਾਂ ਹੈ, ਜਿਸਦੀ ਕਾਵਿ ਰਚਨਾ ਦਾ ਅਧਿਐਨ ਦੋਹਰਾ ਮਹੱਤਵ ਰੱਖਦਾ ਹੈ : ਇਕ ਤਾਂ ਇਸ ਕਰਕੇ, ਕਿ ਇਹ ਇਸ ਕਾਵਿ-ਧਾਰਾ ਦੇ ਮੁੱਖ ਪਛਾਣ-ਚਿੰਨ੍ਹਾਂ ਦਾ ਧਾਰਨੀ ਹੈ ਤੇ ਦੂਸਰੇ ਇਸ ਕਰਕੇ, ਕਿ ਇਹ ਕਵੀ ਦੀ ਵਿਅਕਤੀਗਤ ਕਾਵਿ-ਪ੍ਰਤਿਭਾ ਦਾ ਪਰਿਚਾਇਕ ਹੈ। ਧਾਰਾ ਦਾ ਪ੍ਰਤੀਨਿਧ ਕਵੀ ਹੋਣ ਵਜੋਂ ਪਾਸ਼ ਆਪਣੀ ਕਾਵਿ-ਰਚਨਾ ਵਿਚ ਸਮੇਂ ਦੇ ਸਮਾਜਕ-ਰਾਜਨੀਤਕ ਯਥਾਰਥ ਦਾ ਵਿਸ਼ੇਸ਼ ਦ੍ਰਿਸ਼ਟੀ ਤੋਂ ਪ੍ਰਤੱਖਣ ਪੇਸ਼ ਕਰਦਾ ਹੈ ਅਤੇ ਇਸ ਪ੍ਰਤੱਖਣ ਨੂੰ ਕ੍ਰਾਂਤੀ ਦੇ ਆਦਰਸ਼ ਦੁਆਰਾ ਇਕ ਨਿਸ਼ਚਿਤ ਦਿਸ਼ਾ ਵੀ ਦੇਂਦਾ ਹੈ। ਇਸ ਸਮਾਜਕ ਰਾਜਨੀਤਕ ਕ੍ਰਾਂਤੀ ਲਈ ਤਿੱਖੇ ਤੱਤੇ ਜਮਾਤੀ ਰੋਹ ਤੇ ਵਿਦਰੋਹ ਨੂੰ ਉਭਾਰਦੇ ਹੋਏ ਉਹ ਇਸ ਕਾਵਿ-ਧਾਰਾ ਦੇ ਹੋਰ ਕਵੀਆਂ ਵਾਂਗ ਜਮਾਤੀ ਦੁਸ਼ਮਣੀ, ਹਿੰਸਾ ਤੇ ਗੁਰੀਲਾ ਯੁੱਧ ਦੇ ਅਮਲ ਨੂੰ ਜਾਇਜ਼ ਠਹਿਰਾਉਂਦਾ ਹੈ। ਪਰ ਪਾਸ਼ ਨੂੰ ਨਿਰਾ ਇਕ ਧਾਰਾ ਦੇ ਕਵੀ ਵਜੋਂ ਦੇਖਣਾ ਉਸਦੀ ਕਵਿਤਾ ਨਾਲ ਇਨਸਾਫ਼ ਨਹੀਂ ਕਰ ਸਕਦਾ। ਇਸ ਲਈ ਉਸ ਦੀ ਵਿਅਕਤੀਗਤ ਵਿਲੱਖਣਤਾ ਨੂੰ ਪਛਾਨਣਾ ਵੀ ਅਤਿ ਜ਼ਰੂਰੀ ਹੈ।

ਪਾਸ਼ ਦੀ ਇਸ ਧਾਰਾਈ ਪ੍ਰਤੀਬੱਧਤਾ ਅਤੇ ਵਿਅਕਤੀਗਤ ਪ੍ਰਤਿਭਾ ਨੂੰ ਗੁਰਵਿੰਦਰ ਕੌਰ ਨੇ ਆਪਣੀ ਇਸ ਆਲੋਚਨਾਤਮਕ ਪੁਸਤਕ 'ਪਾਸ਼ ਦਾ ਕਾਵਿ ਸੰਸਾਰ' ਵਿਚ ਉਜਾਗਰ ਕਰਨ ਦਾ ਉੱਦਮ ਕੀਤਾ ਹੈ। ਪਾਸ਼-ਕਾਵਿ ਆਪਣੇ ਰਚਨਾ-ਕਾਲ ਤੋਂ ਹੀ ਪੰਜਾਬੀ ਕਾਵਿ ਦੇ ਰਸਿਕਾਂ ਅਤੇ ਵਿਦਿਆਰਥੀਆਂ ਦਾ ਧਿਆਨ ਖਿੱਚਦਾ ਰਿਹਾ ਹੈ ਪਰ ਪਿਛਲੇ ਕੁਝ ਕੁ ਸਾਲਾਂ ਤੋਂ ਇਸ ਕਾਵਿ ਦੇ ਅਧਿਐਨ ਲਈ ਵਿਸ਼ੇਸ਼ ਯਤਨ ਹੋਏ ਹਨ। ਗੁਰਵਿੰਦਰ ਕੌਰ ਦੀ ਇਹ ਪੁਸਤਕ ਵੀ ਅਜੇਹਾ ਹੀ ਇਕ ਪ੍ਰਸੰਸਨੀਯ ਯਤਨ ਹੈ। ਇਸ ਵਿਚ ਲੇਖਕਾ ਨੇ ਪਾਸ਼-ਕਾਵਿ ਦੇ ਲਗ ਭਗ ਸਾਰੇ ਮਹੱਤਵਪੂਰਨ ਪੱਖਾਂ ਨੂੰ ਛੁਹਿਆ ਹੈ। ਇਸ ਦੇ ਪਹਿਲੇ ਅਧਿਆਇ ਵਿਚ ਉਸ ਨੇ ਉਸ ਕਾਵਿ-ਧਾਰਾ ਦਾ ਇਤਿਹਾਸਕ ਤੇ ਸਾਹਿਤਿਕ ਪਿਛੋਕੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਸਾਰਿਆ ਹੈ ਜਿਸ ਨਾਲ ਪਾਸ਼ ਸੰਬੰਧਿਤ ਰਿਹਾ ਹੈ। ਇਸ ਅਧਿਆਇ ਵਿਚ ਇਸ ਕਾਵਿ ਧਾਰਾ ਲਈ ਪ੍ਰਚਲਿਤ ਵੱਖ ਵੱਖ ਨਾਵਾਂ ਦਾ ਵੀ ਵਿਸ਼ਲੇਸ਼ਣ ਕੀਤਾ ਹੈ। ਇਸ ਤੋਂ ਇਲਾਵਾ ਇਸ ਧਾਰਾ ਦੀਆਂ ਮੁੱਖ ਵਿਚਾਰਧਾਰਾਈ ਤੇ ਸਾਹਿਤਿਕ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰਨ ਦਾ ਯਤਨ ਵੀ ਕੀਤਾ ਗਿਆ ਹੈ ਜਿਸ ਤੋਂ ਪਾਸ਼-ਕਾਵਿ ਦੇ ਅਧਿਐਨ ਲਈ ਪਿੱਠ ਭੂਮੀ ਤਿਆਰ ਹੁੰਦੀ ਹੈ।

ਪੁਸਤਕ ਦਾ ਦੂਸਰਾ ਅਧਿਆਇ ਪਾਸ਼-ਕਾਵਿ ਦੇ ਮੂਲ ਸੂਤਰ ਦੀ ਪਛਾਣ ਨਾਲ ਸੰਬੰਧਿਤ ਹੈ। ਇਹ ਸੂਤਰ ਹੈ ਇਸ ਦੀ ਜੁਝਾਰ-ਵਿਦਰੋਹੀ ਚੇਤਨਾ। ਲੇਖਿਕਾ ਨੇ 'ਚੇਤਨਾ' ਦੀ ਪਰਿਭਾਸ਼ਾ ਦੇਂਦੇ ਹੋਏ ਮਾਰਕਸਵਾਦੀ ਦ੍ਰਿਸ਼ਟੀ ਤੋਂ ਇਸ ਦੇ ਅਰਥ ਸਪੱਸ਼ਟ ਕੀਤੇ ਹਨ ਅਤੇ ਪਾਸ਼-ਕਾਵਿ ਦੇ ਸੰਦਰਭ ਵਿਚ ਇਸ ਦੀ ਵਿਆਖਿਆ ਕੀਤੀ ਹੈ। ਉਸਦੀ ਸਥਾਪਨਾ ਹੈ ਕਿ ਪਾਸ਼-ਕਾਵਿ ਦੀ ਜੁਝਾਰ-ਵਿਦਰੋਹੀ ਚੇਤਨਾ ਉਸ ਦੇ ਤੀਬਰ ਯਥਾਰਥ ਬੋਧ ਵਿਚੋਂ ਆਧਾਰ ਗ੍ਰਹਿਣ ਕਰਦੀ ਹੈ ਅਤੇ ਅੱਗੋਂ ਯਥਾਰਥ ਪਰਿਵਰਤਨ/ਕ੍ਰਾਂਤੀ ਲਈ ਆਧਾਰ ਭੂਮੀ ਬਣਦੀ ਹੈ।

ਤੀਜੇ ਅਧਿਆਇ ਵਿਚ ਲੇਖਿਕਾ ਨੇ ਪਾਸ਼-ਕਾਵਿ ਦੇ ਰੂਪਕ ਪੱਖ ਨੂੰ ਚਰਚਾ ਦਾ ਵਿਸ਼ੈ ਬਣਾਇਆ ਹੈ। ਭਾਵੇਂ ਆਧੁਨਿਕ ਸਾਹਿਤ ਚਿੰਤਨ-ਪੱਧਤੀਆਂ ਰੂਪ ਨੂੰ ਹੀ ਕਾਵਿ ਕਿਰਤ ਦੀ ਹੋਂਦ ਮੰਨਦੀਆਂ ਹੋਈਆਂ ਕਾਵਿ ਦੇ ਰੂਪਕ ਪੱਖ ਉਤੇ ਵਿਸ਼ੈ ਪੱਖ ਨਾਲੋਂ ਵੱਖਰਿਆਂ ਵਿਚਾਰ ਕਰਨ ਨੂੰ ਸੰਭਵ ਨਹੀਂ ਮੰਨਦੀਆਂ, ਫਿਰ ਵੀ ਲੇਖਿਕਾ ਨੇ ਵਿਸ਼ਲੇਸ਼ਣ ਦੀ ਸੁਵਿਧਾ ਲਈ ਅਜੇਹਾ ਕੀਤਾ ਹੈ। ਚੌਥੇ ਅਧਿਆਇ ਵਿਚ ਪਾਸ਼ ਦੀ ਵਿਅੰਗ-ਵਿਧੀ ਉਤੇ ਵੀ ਵੱਖਰੇ ਤੌਰ ਤੇ ਵਿਚਾਰ ਕੀਤੀ ਗਈ ਹੈ ਜੋ ਕਿ ਅਸਲ ਵਿਚ ਰੂਪਕ ਪੱਖ ਦਾ ਹੀ ਵਿਸਤਾਰ ਹੈ।

ਪੰਜਵਾਂ ਅਧਿਆਇ ਜੁਝਾਰ-ਵਿਦਰੋਹੀ ਕਾਵਿ ਧਾਰਾ ਵਿਚ ਪਾਸ਼ ਦਾ ਮਹੱਤਵ ਸਥਾਪਤ ਕਰਨ ਦੇ ਮਨੋਰਥ ਨਾਲ ਲਿਖਿਆ ਗਿਆ ਹੈ। ਇਸ ਮਨੋਰਥ ਹਿਤ ਲੇਖਿਕਾ ਨੇ ਪਾਸ਼-ਕਾਵਿ ਦੀ ਇਸ ਧਾਰਾ ਦੇ ਹੋਰ ਉਭਰਵੇਂ ਕਵੀਆਂ ਜਿਵੇਂ ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਸੰਤ ਸੰਧੂ, ਦਰਸ਼ਨ ਖਟਕੜ, ਵਰਿਆਮ ਸੰਧੂ, ਲੋਕ ਨਾਥ ਆਦਿ ਦੀ ਕਵਿਤਾ ਨਾਲ ਤੁਲਨਾ ਦੁਆਰਾ ਇਨ੍ਹਾਂ ਵਿਚਲੀ ਸਾਂਝ ਤੇ ਵੱਖਰਤਾ ਨੂੰ ਪਛਾਨਣ ਦਾ ਯਤਨ ਕੀਤਾ ਹੈ। ਛੇਵੇਂ ਅਧਿਆਇ ਵਿਚ ਪਾਸ਼-ਕਾਵਿ ਦੀ ਵਿਅਕਤੀਗਤ ਸੁਰ ਦੀ ਪਛਾਣ ਕਰਾਈ ਗਈ ਹੈ ਜੋ ਕਿ ਸਮਕਾਲੀ ਕਾਵਿ ਨਾਲੋਂ ਉਸ ਦੀ ਵਿਲੱਖਣਤਾ ਸਥਾਪਤ ਕਰਨ ਦਾ ਆਧਾਰ ਬਣਦੀ ਹੈ।

ਇਸ ਪ੍ਰਕਾਰ ਪ੍ਰਸਤੁਤ ਪੁਸਤਕ ਪਾਸ਼-ਕਾਵਿ ਦਾ ਉਸ ਦੇ ਇਤਿਹਾਸਕ ਪ੍ਰਸੰਗ ਨਾਲ ਜੋੜ ਕੇ ਵੀ ਅਤੇ ਸੁਤੰਤਰ ਇਕਾਈ ਵਜੋਂ ਵੀ ਅਧਿਐਨ, ਮੁਲੰਕਣ ਕਰਨ ਦਾ ਸ਼ਲਾਘਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਯੋਗ ਯਤਨ ਹੈ। ਲੇਖਿਕਾ ਵਲੋਂ ਕਾਵਿ-ਅਧਿਅਨ ਦਾ ਪਹਿਲਾ ਉੱਦਮ ਹੋਣ ਵਜੋਂ ਵੀ ਇਹ ਧਿਆਨ ਦੀ ਮੰਗ ਕਰਦਾ ਹੈ। ਮੈਨੂੰ ਆਸ ਹੈ ਕਿ ਇਹ ਉੱਦਮ ਆਧੁਨਿਕ ਪੰਜਾਬੀ ਕਾਵਿ, ਖਾਸ ਕਰਕੇ ਜੁਝਾਰ-ਵਿਦਰੋਹੀ ਕਾਵਿ ਦੇ ਵਿਦਿਆਰਥੀਆਂ, ਖੋਜਾਰਥੀਆਂ ਲਈ ਲਾਹੇਵੰਦਾ ਸਾਬਿਤ ਹੋਵੇਗਾ।

ਬਲਜੀਤ ਕੌਰ (ਡਾ.)
ਰੀਡਰ
ਗੁਰੂ ਨਾਨਕ ਦੇਵ ਯੂਨੀਵਰਸਿਟੀ ਰੀਜਨਲ ਸੈਂਟਰ
ਜਲੰਧਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਆਧੁਨਿਕ ਪੰਜਾਬੀ ਕਵਿਤਾ ਦੀ ਜੁਝਾਰ-ਵਿਦਰੋਹੀ ਕਾਵਿ ਧਾਰਾ ਵਿਚ ਪਾਸ਼ ਇਕ ਵਿਲੱਖਣ ਹਸਤਾਖ਼ਰ ਹੈ । ਜੁਝਾਰ ਵਿਦਰੋਹੀ ਕਾਵਿ ਧਾਰਾ ਦਾ ਆਪਣੀ ਮੌਲਿਕਤਾ ਤੇ ਵਿਲੱਖਣਤਾ ਦੇ ਕਾਰਨ ਵਿਸ਼ੇਸ਼ ਸਥਾਨ ਹੈ । ਹੱਥਲੀ ਪੁਸਤਕ ਵਿਚ ਪਾਸ਼ ਦੀ ਕਾਵਿ-ਰਚਨਾ ਦੇ ਅਧਿਐਨ ਦੇ ਆਧਾਰ ਤੇ ਪਾਸ਼ ਦੇ ਕਾਵਿ ਸੰਸਾਰ ਬਾਰੇ ਚਰਚਾ ਕੀਤੀ ਗਈ ਹੈ ।

ਇਸ ਪੁਸਤਕ ਦੇ ਵਿਸ਼ੇ ਲਈ ਪਾਸ਼ ਦੀ ਕਵਿਤਾ ਦੀ ਚੋਣ ਦਾ ਮੁੱਖ ਕਾਰਨ ਉਸ ਦੀ ਕਵਿਤਾ ਵਿਚਲਾ ਇਨਕਲਾਬੀ ਕਰਮ ਹੈ । ਇਹ ਇਨਕਲਾਬੀ ਕਰਮ ਆਪਣੇ ਨਿੱਜੀ ਹਿਤਾਂ ਲਈ ਨਹੀਂ ਸਗੋਂ ਅਤਿ ਸਾਧਾਰਣ ਦੀ ਪੀੜਾ ਅਤੇ ਸੰਤਾਪ ਨੂੰ ਦੂਰ ਕਰਨ ਲਈ ਹੈ । ਉਸ ਦੀ ਕਵਿਤਾ ਨੂੰ ਪੜ੍ਹ ਕੇ ਮਨੁੱਖੀ ਮਨ ਬਦੋ-ਬਦੀ ਇਨਕਲਾਬੀ ਕਰਮ ਕਰਨ ਲਈ ਉਤਸਕ ਹੋ ਉਠਦਾ ਹੈ । ਇਹ ਇਨਕਲਾਬੀ ਕਰਮ ਹੀ ਇਸ ਵਿਸ਼ੈ ਦੀ ਚੋਣ ਵਿਚ ਪ੍ਰੇਰਨਾ ਦਾ ਕਾਰਨ ਬਣਿਆ ।

ਇਸ ਪੁਸਤਕ ਦੇ ਪਹਿਲੇ ਅਧਿਆਇ ਵਿਚ ਜੁਝਾਰ-ਵਿਦਰੋਹੀ ਕਾਵਿ-ਧਾਰਾ ਨੂੰ ਨਕਸਲਬਾੜੀ ਲਹਿਰ ਵਿਚੋਂ ਉਪਜੀ ਮੰਨ ਕੇ ਉਸ ਦੇ ਇਤਿਹਾਸ ਤੇ ਪ੍ਰਕਿਰਤੀ ਬਾਰੇ ਚਰਚਾ ਕੀਤੀ ਗਈ ਹੈ । ਇਸੇ ਅਧਿਆਇ ਵਿਚ ਹੀ ਕਾਵਿ ਧਾਰਾ ਦੇ ਨਾਮਕਰਣ ਦੀ ਸਮੱਸਿਆ ਦਾ ਹੱਲ ਕਰਨ ਤੋਂ ਬਾਅਦ ਜੁਝਾਰ ਵਿਦਰੋਹੀ ਕਾਵਿ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਆਪਣੀ ਚਰਚਾ ਦਾ ਆਧਾਰ ਬਣਾਇਆ ਗਿਆ ਹੈ ।

ਦੂਸਰੇ ਅਧਿਆਇ ਵਿਚ ਪਾਸ਼ ਦੀ ਕਾਵਿ ਰਚਨਾ ਨੂੰ ਆਧਾਰ ਬਣਾ ਕੇ ਉਸ ਦੀ ਜੁਝਾਰ-ਵਿਦਰੋਹੀ ਚੇਤਨਾ ਬਾਰੇ ਵਿਚਾਰ ਕੀਤੀ ਗਈ ਹੈ । ਚੇਤਨਾ ਸ਼ਬਦ ਦੀ ਵਿਆਖਿਆ ਕਰਦੇ ਹੋਏ ਪਿਛਲੇ ਅਧਿਆਇ ਵਿਚ ਦਿੱਤੀਆਂ ਗਈਆਂ ਜੁਝਾਰ ਵਿਦਰੋਹੀ ਕਾਵਿ ਦੀਆਂ ਵਿਸ਼ੇਸ਼ਤਾਵਾਂ ਨਾਲ ਸਮਵਿੱਥ ਰੱਖ ਕੇ ਉਸ ਦੀ ਜੁਝਾਰ-ਵਿਦਰੋਹੀ ਚੇਤਨਾ ਦੀ ਪਰਖ ਕੀਤੀ ਗਈ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਸਰੇ ਅਧਿਆਇ ਵਿਚ ਪਾਸ਼ ਕਾਵਿ ਦੇ ਰੂਪਕ ਪੱਖ ਨੂੰ ਉਘਾੜਨ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਪਾਸ਼ ਦੁਆਰਾ ਵਰਤੀਆਂ ਗਈਆਂ ਵੱਖੋ ਵੱਖਰੀਆਂ ਜੁਗਤਾਂ ਦੀ ਪੇਸ਼ਕਾਰੀ ਕਰਨ ਦੇ ਨਾਲ ਨਾਲ ਇਸ ਗੱਲ ਉਤੇ ਭਰਪੂਰ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਉਸ ਦੀ ਕਾਵਿ-ਸ਼ੈਲੀ ਜੁਝਾਰ ਵਿਦਰੋਹੀ ਕਾਵਿ-ਧਾਰਾ ਦੇ ਅਨੁਕੂਲ ਹੈ ਅਤੇ ਇਨਕਲਾਬੀ ਵਿਸ਼ੇ ਨੂੰ ਉਤਸ਼ਾਹ ਭਰਪੂਰ ਰੂਪ ਵਿਚ ਪੇਸ਼ ਕਰਦੀ ਹੈ।

ਚੌਥੇ ਅਧਿਆਇ ਵਿਚ ਪਾਸ਼ ਕਾਵਿ ਦੀ ਵਿਅੰਗ ਵਿਧੀ ਦੀ ਚਰਚਾ 'ਸਾਡੇ ਸਮਿਆਂ ਵਿਚ' ਪੁਸਤਕ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। ਇਸ ਅਧਿਆਇ ਵਿਚ ਵਿਅੰਗ ਸੰਬੰਧੀ ਸਿਧਾਂਤਕ ਚਰਚਾ ਦੇ ਨਾਲ ਨਾਲ ਪਾਸ਼ ਕਾਵਿ ਦੀ ਵਿਅੰਗ-ਵਿਧੀ ਬਾਰੇ ਇਸ ਗੱਲ ਨੂੰ ਸਪੱਸ਼ਟ ਰੂਪ ਵਿਚ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਉਸ ਦੀ ਕਵਿਤਾ ਵਿਚ ਪ੍ਰਯੁਕਤ ਵਿਅੰਗ ਬੜਾ ਖੁਰਦਰਾ ਤੇ ਤੇਜ਼ ਤੁਰਸ਼ ਸੁਭਾਅ ਵਾਲਾ ਹੈ।

ਪੰਜਵੇਂ ਅਧਿਆਇ ਵਿਚ ਜੁਝਾਰ-ਵਿਦਰੋਹੀ ਕਵੀਆਂ ਨੂੰ ਸਮਵਿੱਧ ਰੱਖ ਕੇ ਪਾਸ਼ ਦਾ ਜੁਝਾਰ-ਵਿਦਰੋਹੀ ਕਾਫ਼ਿ-ਧਾਰਾ ਵਿਚ ਸਥਾਨ ਨਿਸ਼ਚਤ ਕਰਨ ਦਾ ਯਤਨ ਕੀਤਾ ਗਿਆ ਹੈ।

ਛੇਵਾਂ ਅਧਿਆਇ ਪਾਸ਼ ਦੀ ਵਿਲੱਖਣਤਾ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਕੇਵਲ ਉਸ ਦੇ ਇਕੋ ਇਕ ਇਨਕਲਾਬੀ ਪੱਖ ਨੂੰ ਲੈ ਕੇ ਪੁਰਾਤਨ ਕਵੀ, ਪੂਰਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਬਾਵਾ ਬਲਵੰਤ ਦੇ ਨਾਲ ਅੰਤਰ ਸਥਾਪਿਤ ਕਰਕੇ ਉਸ ਦੀ ਵਿਲੱਖਣਤਾ ਦੀ ਉਸਾਰੀ ਕਰਨ ਦਾ ਕੋਸ਼ਿਸ਼ ਕੀਤੀ ਗਈ ਹੈ। ਅੰਤ ਵਿਚ ਸਮੁੱਚੇ ਅਧਿਐਨ ਦੇ ਆਧਾਰ ਤੇ ਪਾਸ਼ ਦੇ ਕਾਵਿ ਸੰਸਾਰ ਨੂੰ ਨਿਸ਼ਕਰਸ਼ ਦੇ ਰੂਪ ਵਿਚ ਕੁਝ ਕੁ ਨੁਕਤਿਆਂ ਵਿਚ ਸਮੇਟਣ ਦਾ ਯਤਨ ਕੀਤਾ ਗਿਆ ਹੈ।

ਇਸ ਪੁਸਤਕ ਦੇ ਸੰਪੂਰਣ ਹੋਣ ਵਿਚ ਡਾ. ਸਤਿੰਦਰ ਸਿੰਘ ਜੀ, ਪ੍ਰੋਫ਼ੈਸਰ ਤੇ ਮੁਖੀ ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਵਿਸ਼ੇਸ਼ ਯੋਗਦਾਨ ਹੈ, ਜਿਨ੍ਹਾਂ ਮੇਰੀ ਇਸ ਪੁਸਤਕ ਦੀ ਤਿਆਰੀ ਸਮੇਂ ਯੋਗ ਅਗਵਾਈ ਕੀਤੀ ਹੈ। ਮੈਂ ਆਪਣੀ ਸਤਿਕਾਰਤ ਅਧਿਆਪਕਾ ਡਾ. ਬਲਜੀਤ ਕੌਰ ਹੁਰਾਂ ਦੀ ਵੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਵਿਦਵਤਾ ਭਰਪੂਰ ਅਗਵਾਈ ਦਿੱਤੀ ਅਤੇ ਇਸ ਪੁਸਤਕ ਦਾ ਮੁਖ-ਸ਼ਬਦ ਲਿਖਣ ਦੀ ਕ੍ਰਿਪਾਲਤਾ ਕੀਤੀ। ਇਹਨਾਂ ਦੋਹਾਂ ਸਖਸ਼ੀਅਤਾਂ ਤੋਂ ਇਲਾਵਾ ਮੈਂ ਡਾ. ਕੰਵਲਜੀਤ ਗਰੋਵਰ ਜੀ ਅਤੇ ਡਾ. ਬਿਕਰਮ ਸਿੰਘ ਘੁੰਮਣ ਜੀ ਦੀ ਵੀ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਹ ਪੁਸਤਕ ਛਪਵਾਉਣ ਦੀ ਪ੍ਰੇਰਣਾ ਦਿੱਤੀ। ਇਹਨਾਂ ਸਾਰੀਆਂ ਸਖਸ਼ੀਅਤਾਂ ਦੀ ਪ੍ਰੇਰਨਾ ਸਦਕਾ ਹੀ ਇਹ ਖੋਜ ਕਾਰਜ ਨੇਪਰੇ ਚਾੜ੍ਹਨਾ ਆਸਾਨ ਹੋਇਆ। ਇਹਨਾਂ ਦਾ ਧੰਨਵਾਦ ਕਰਨ ਲਈ ਸ਼ਬਦਾਂ ਦਾ ਮੁਥਾਜ ਨਹੀਂ ਹੋਇਆ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਦਾ। ਪ੍ਰੋ. ਬ੍ਰਹਮ ਜਗਦੀਸ਼ ਸਿੰਘ ਜੀ ਵੀ ਮੇਰੇ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਨੇ 'ਮੁੱਖ ਬੰਧ' ਵਜੋਂ ਆਪਣਾ 'ਆਧੁਨਿਕ ਪੰਜਾਬੀ ਕਵਿਤਾ' ਨਾਮੀ ਲੇਖ ਸ਼ਾਮਿਲ ਕਰਨ ਦੀ ਆਗਿਆ ਦਿੱਤੀ।

ਇਸ ਖੋਜ-ਕਾਰਜ ਦੌਰਾਨ ਮੈਂ ਆਪਣੇ ਬਹੁਤ ਸਾਰੇ ਸ਼ੁਭ ਚਿੰਤਕਾਂ ਵਿਸ਼ੇਸ਼ ਕਰਕੇ ਆਪਣੇ ਵੀਰ ਪ੍ਰੋ. ਬਲਵਿੰਦਰ ਪਾਲ ਸਿੰਘ ਅਤੇ ਪਿਆਰੀ ਅਮਰੀਕਾ ਦੀ ਵਸਨੀਕ ਆਪਣੀ ਮਹਿਬੂਬ ਸਹੇਲੀ ਰਣਜੀਤ ਕੌਰ ਮੁਲਤਾਨੀ, ਦੀ ਵੀ ਹਮੇਸ਼ਾਂ ਅਹਿਸਾਨਮੰਦ ਰਹਾਂਗੀ, ਜਿਨ੍ਹਾਂ ਨੇ ਮੈਨੂੰ ਇਸ ਪੁਸਤਕ ਲਈ ਪ੍ਰੇਰਨਾ ਅਤੇ ਉਤਸ਼ਾਹ ਬਖਸ਼ਿਸ਼ ਕੀਤਾ। ਅਖੀਰ ਵਿਚ ਮੈਂ ਆਪਣੇ ਮੰਮੀ ਜੀ ਅਤੇ ਡੈਡੀ ਜੀ ਦੀ ਵੀ ਅਤਿ ਮਸ਼ਕੂਰ ਹਾਂ ਜਿਨ੍ਹਾਂ ਦੀ ਅਸ਼ੀਰਵਾਦ ਸਦਕਾ ਇਹ ਖੋਜ- ਕਾਰਜ ਸੰਪੂਰਣ ਤੇ ਪ੍ਰਕਾਸ਼ਿਤ ਹੋਇਆ।

ਗੁਰਵਿੰਦਰ ਕੌਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the Compliments of Deptt of Education, Govt. of India, New Delhi

ਆਧੁਨਿਕ ਪੰਜਾਬੀ ਕਵਿਤਾ : ਇਤਿਹਾਸ ਅਤੇ ਪ੍ਰਵਿਰਤੀਆਂ

ਆਧੁਨਿਕਤਾ ਦਾ ਸੰਕਲਪ

'ਆਧੁਨਿਕ' ਸੰਕਲਪ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਅਤੇ ਵਿਆਖਿਆਵਾਂ ਸਾਡੇ ਤਕ ਪਹੁੰਚੀਆਂ ਹਨ । ਕ੍ਰਿਸਟਾਫ਼ਰ ਕਾਡਵੈਲ 'ਆਧੁਨਿਕਤਾ' ਨੂੰ ਉਸ ਸੰਸਕ੍ਰਿਤੀ ਨਾਲ ਜੋੜ ਕੇ ਵੇਖਦਾ ਹੈ ਜੋ ਪੰਦਰ੍ਹਵੀਂ ਸਦੀ ਤੋਂ ਲੈ ਕੇ ਹੁਣ ਤਕ ਯੂਰਪ ਵਿਚੋਂ ਵਿਕਸਿਤ ਹੋ ਕੇ ਦੂਰ-ਦੁਰਾਡੇ ਫੈਲ ਗਈ ਹੈ । ਉਸ ਅਨੁਸਾਰ ਸ਼ੈਕਸਪੀਅਰ, ਗੈਲੀਲੀਓ, ਮਾਈਕਲ ਐਂਜੀਲੋ, ਪੋਪ, ਗੋਇਟੇ ਅਤੇ ਵਾਲਤੇਅਰ ਵਿਚ ਕੁਝ ਅਜਿਹੇ 'ਆਧੁਨਿਕ' ਅੰਸ਼ ਜ਼ਰੂਰ ਹੈਨ ਜਿਨ੍ਹਾਂ ਦੇ ਸਹਾਰੇ ਉਨ੍ਹਾਂ ਨੂੰ ਹੋਮਰ, ਥੇਲਜ਼ ਅਤੇ ਚਾਸਰ ਆਦਿ ਤੋਂ ਨਖੇੜਿਆ ਜਾ ਸਕਦਾ ਹੈ । ਇਨ੍ਹਾਂ 'ਆਧੁਨਿਕ' ਅੰਸ਼ਾਂ ਕਾਰਣ ਹੀ ਉਕਤ ਚਿੰਤਕਾਂ ਦੀ ਵੈਲੇਰੀ, ਸੇਜ਼ਾਂ, ਜੇਮਜ ਜਾਇਸ ਬਰਗਸਾਂ ਅਤੇ ਆਈਨਸਟਾਈਨ ਨਾਲ ਤੁਲਣਾ ਵੀ ਕੀਤੀ ਜਾ ਸਕਦੀ ਹੈ । ਕਾਡਵੈਲ ਅਨੁਸਾਰ ਮਾਨਵੀ ਸੰਸਕ੍ਰਿਤੀ ਵਿਚ ਆਈ ਇਸ ਤਬਦੀਲੀ ਦਾ ਆਧਾਰ ਆਰਥਿਕ ਹੈ । ਉਤਪਾਦਨ ਦੇ ਵਸੀਲਿਆਂ ਵਿਚ ਆਈ ਬੁਰਜੂਆ-ਕ੍ਰਾਂਤੀ ਹੀ ਇਸ ਤਬਦੀਲੀ ਲਈ ਸਭ ਤੋਂ ਵੱਧ ਜ਼ੁੰਮੇਵਾਰ ਸ਼ਕਤੀ ਹੈ ਅਤੇ ਇਸ ਤਰ੍ਹਾਂ ਆਧੁਨਿਕ ਕਾਵਿ ਅਸਲ ਵਿਚ ਪੂੰਜੀਵਾਦੀ ਕਾਵਿ ਹੀ ਹੈ ।[1]

ਸਟੀਫ਼ਨ ਸਪੈਂਡਰ ਨੇ 'ਆਧੁਨਿਕ' ਪਦ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਆਧੁਨਿਕ (modern) ਅਤੇ ਸਮਕਾਲਿਕ (contemporary) ਨੂੰ ਨਖੇੜਣਾ ਜ਼ਰੂਰੀ ਸਮਝਿਆ ਹੈ । ਉਸ ਅਨੁਸਾਰ ਸਮਕਾਲਿਕ ਸਾਹਿੱਤਕਾਰ ਦਾ ਸੰਬੰਧ ਵੀ ਆਧੁਨਿਕ ਜਗਤ ਨਾਲ ਹੀ ਹੈ । ਉਹ ਵੀ ਆਪਣੇ ਰਚਨਾਤਮਕ ਕਾਰਜ ਵਿਚ ਆਧੁਨਿਕ ਜਗਤ ਦੀ ਪੇਸ਼ਕਾਰੀ ਕਰਦਾ ਹੈ ਪਰ ਅਜਿਹਾ ਕਰਨ ਸਮੇਂ ਉਹ ਆਧੁਨਿਕ ਜਗਤ ਦਾ ਸੰਚਾਲਨ ਕਰਨ ਵਾਲੀਆਂ ਇਤਿਹਾਸਕ ਸ਼ਕਤੀਆਂ, ਵਿਗਿਆਨ ਦੀਆਂ ਕਦਰਾਂ ਕੀਮਤਾਂ ਅਤੇ ਪ੍ਰਗਤੀ ਨੂੰ ਪ੍ਰਵਾਨ ਕਰਦਾ ਹੋਇਆ ਦਿਖਾਈ ਦਿੰਦਾ ਹੈ । ਪਰੰਤੂ ਇਸ ਦੇ ਵਿਪਰੀਤ ਆਧੁਨਿਕ ਸਾਹਿਤਕਾਰ ਸਮਕਾਲਿਕ-ਦ੍ਰਿਸ਼ ਪ੍ਰਤੀ ਆਲੋਚਨਾਤਮਕ ਵਤੀਰਾ ਅਖ਼ਤਿਆਰ ਕਰਦਾ ਹੈ । ਉਹ ਆਪਣੇ ਸਮਕਾਲੀਨ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਪ੍ਰਵਾਨ ਨਹੀਂ ਕਰਦਾ । ਉਹ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਚਨਾਤਮਕ ਕਾਰਜ ਵਿਚ ਅਤੀਤ ਅਤੇ ਵਰਤਮਾਨ ਵਿਚਲੀ ਖਾਈ ਨੂੰ ਆਪਣੀ ਚੇਤਨਤਾ ਦੁਆਰਾ ਪੂਰਣ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਭਾਵ ਬੋਧ ਸਦਕਾ ਉਹ ਵਰਤਮਾਨ ਪ੍ਰਤੀ ਪ੍ਰਤੀਬੱਧ ਹੈ, ਆਪਣੀ ਬੁਧੀ ਦੁਆਰਾ ਉਹ ਵਰਤਮਾਨ ਦੀ ਆਲੋਚਨਾ ਕਰਦਾ ਹੈ ਅਤੇ ਇਸ ਕ੍ਰਿਆ ਵਿਚ ਉਹ ਆਪਣੇ ਅਤੀਤ-ਬੋਧ ਤੋਂ ਅਗਵਾਈ ਪ੍ਰਾਪਤ ਕਰਦਾ ਹੈ। ਅਤੀਤ ਅਤੇ ਵਰਤਮਾਨ ਵਿਚਲੇ ਅਜਿਹੇ ਸੰਜੋਗ ਨੇ ਯੂਲੀਸਿਜ਼' ਅਤੇ 'ਗੈਰੀਨਿਕਾ' ਵਰਗੀਆਂ ਮਹਾਨ ਕਲਾ-ਕ੍ਰਿਤੀਆਂ ਨੂੰ ਜਨਮ ਦਿੱਤਾ।[2]

ਆਧੁਨਿਕ ਸਾਹਿੱਤ ਦੇ ਲੱਛਣ ਨਿਰਧਾਰਿਤ ਕਰਦਿਆਂ ਡਾ. ਸਤਿੰਦਰ ਸਿੰਘ ਨੇ ਲਿਖਿਆ ਹੈ "ਆਧੁਨਿਕ ਸਾਹਿੱਤ ਨੇ ਸਮਾਜਿਕ ਮਨੁੱਖ ਨਾਲੋਂ ਵਿਅਕਤੀਮੁਖ ਹੋਂਦ ਸਵੈਚੇਤਨਾ ਪ੍ਰਤੱਖਣ ਨਾਲੋਂ ਅਚੇਤ ਭਾਵਨਾ, ਬੌਧਿਕ ਕ੍ਰਿਆ ਅਤੇ ਵਿਵਸਥਿਤ-ਨੈਤਿਕਤਾ ਨਾਲੋਂ ਉਤਕੰਠਾ ਅਤੇ ਇੱਛਾ ਸ਼ਕਤੀ, ਵਿਹਾਰਿਕ ਯਥਾਰਥ ਨਾਲੋਂ ਡੂੰਘੀ ਵਾਸਤਵਿਕਤਾ ਅਤੇ ਸਥਿਤ ਬਿੰਬ ਨਾਲੋਂ ਗਤੀਸ਼ੀਲ ਦ੍ਰਿਸ਼ਟੀ ਨੂੰ ਉਚਿਆਂ ਚੁੱਕਿਆ ਹੈ। ਇਸ ਤਰ੍ਹਾਂ ਦੇ ਅਤੇ ਹੋਰ ਢੰਗਾਂ ਰਾਹੀਂ ਇਹ ਅਤੀਤ ਨਾਲੋਂ ਟੁੱਟ ਜਾਂਦਾ ਹੈ ਅਤੇ ਸਥਾਪਿਤ ਦਾ ਲਾਜ਼ਮੀ ਵਿਰੋਧ ਪੇਸ਼ ਕਰਦਾ ਹੈ।[3]" ਡਾ. ਸਤਿੰਦਰ ਸਿੰਘ ਨੇ ਆਧੁਨਿਕ ਅਤੇ ਆਧੁਨਿਕਤਾ ਨੂੰ ਸਮਝਣ ਵਿਚ ਰਤਾ ਟਪਲਾ ਖਾਧਾ ਹੈ। ਉਹ 'ਸਮਕਾਲੀ' ਅਤੇ 'ਆਧੁਨਿਕ ਦੇ ਦਰਮਿਆਨ ਵੀ ਸਹੀ ਨਖੇੜ ਕਰਨ ਵਿਚ ਅਸਮਰਥ ਰਿਹਾ ਹੈ। ਉਹ ਲਿਖਦਾ ਹੈ, "ਆਧੁਨਿਕ ਤੇ ਸਮਕਾਲੀ ਦੇ ਅਰਥ ਅੱਡ ਅੱਡ ਹਨ। ਸਮਕਾਲੀ ਤਾਂ ਉਹ ਤਤਕਾਲ ਸਾਹਿੱਤ ਜਗਤ ਹੈ। ਜਿਸ ਵਿਚ ਅਸੀਂ ਰਹਿ ਰਹੇ ਹਾਂ ਪਰ ਇਸ ਵਿਚ ਆਧੁਨਿਕ ਲੇਖਕਾਂ ਤੇ ਲੱਛਣਾਂ ਦਾ ਆਪਣਾ ਸਥਾਨ ਹੈ"[4] ਇਹ ਲੱਛਣ ਕੀ ਹਨ ਅਤੇ ਆਧੁਨਿਕ ਲੇਖਕਾਂ ਦਾ ਆਪਣਾ ਸਥਾਨ ਕੀ ਹੈ ? ਇਸ ਦੇ ਵਿਸਤਾਰ ਵਿਚ ਜਾਣ ਦੀ ਡਾ. ਸਤਿੰਦਰ ਸਿੰਘ ਨੇ ਕੋਈ ਜ਼ਰੂਰਤ ਨਹੀਂ ਸਮਝੀ।

ਡਾ. ਕਰਮਜੀਤ ਸਿੰਘ ਨੇ ਆਪਣੇ ਸ਼ੋਧ-ਪ੍ਰਬੰਧ ਵਿਚ ਆਧੁਨਿਕਤਾ ਦੇ ਆਰੰਭ ਨੂੰ ਉਨ੍ਹੀਵੀਂ ਸਦੀ ਦੇ ਅੰਤ ਨਾਲ ਜੋੜ ਕੇ ਇਸ ਦੇ ਇਤਿਹਾਸ ਅਤੇ ਵਿਕਾਸ ਨੂੰ ਕਾਫ਼ੀ ਸੀਮਿਤ ਕਰ ਦਿੱਤਾ ਹੈ। ਉਹ ਲਿਖਦਾ ਹੈ, "ਪੱਛਮ ਵਿਚ ਆਧੁਨਿਕਤਾ ਦਾ ਉਦੈ ਉਨ੍ਹੀਵੀਂ ਸਦੀ ਦੇ ਅੰਤ ਵਿਚ ਸਨਅਤੀ ਯੁੱਗ ਅਤੇ ਸ਼ਹਿਰੀ ਸਭਿਅਤਾ ਦੇ ਸਥਾਪਿਤ ਹੋਣ ਨਾਲ ਹੋਇਆ ਹੈ।"[6] ਆਪਣੇ ਇਸ ਮੰਤਵ ਦੀ ਪੁਸ਼ਟੀ ਲਈ ਭਾਵੇਂ ਉਸ ਨੇ ਜਾਨ ਵੇਨ ਦਾ ਇਕ ਉਧਰਣ ਵੀ ਪ੍ਰਸਤੁਤ ਕੀਤਾ ਹੈ। ਪਰੰਤੂ, ਇਹ ਮੱਤ ਕਾਫ਼ੀ ਸੀਮਤ ਅਤੇ ਸੰਕੀਰਣ ਜੇਹਾ ਹੈ। ਭਾਵੇਂ ਅਗੇ ਜਾ ਕੇ ਡਾ. ਕਰਮਜੀਤ ਸਿੰਘ ਨੇ ਆਪਣੇ ਸ਼ੋਧ-ਪ੍ਰਬੰਧ ਵਿਚ ਕਾਡਵੈਲ ਅਤੇ ਸਪੈਂਡਰ ਦੇ ਹਵਾਲਿਆਂ ਦੁਆਰਾ ਆਪਣੇ ਸੰਕਲਪ ਨੂੰ ਕਾਫ਼ੀ ਠੀਕ ਕਰ ਲਿਆ ਹੈ।

ਪ੍ਰਸਿੱਧ ਅੰਗਰੇਜ਼ੀ ਕਵੀ ਅਤੇ ਆਲੋਚਕ ਡਬਲਯੂ. ਐਚ, ਆਡੇਨ ਨੇ ਆਧੁਨਿਕ ਵਿਸ਼ਵ-ਦਰਸ਼ਨ ਦੇ ਕੁਝ ਪੱਖਾਂ ਵੱਲ ਸਾਡਾ ਧਿਆਨ ਵਿਸ਼ੇਸ਼ ਰੂਪ ਵਿਚ ਖਿਚਿਆ ਹੈ।

ੳ. ਆਧੁਨਿਕ ਭੌਤਿਕ ਵਿਗਿਆਨ ਨੇ ਦ੍ਰਿਸ਼ਟਮਾਨ ਜਗਤ ਦੀ ਨਿਰੰਕੁਸ਼ਤਾ ਦੀ ਮਿਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਕੁਝ ਇਸ ਤਰ੍ਹਾਂ ਵਿਸ਼ਲੇਸ਼ਣ ਕੀਤਾ ਹੈ ਕਿ ਆਧੁਨਿਕ ਸੰਵੇਦਨਾ ਵਾਲੇ ਕਵੀ ਦੇ ਸਾਹਮਣੇ ਸਦੀਵਤਾ ਦਾ ਇਕ ਵੀ ਵਸਤੂਗਤ ਪ੍ਰਮਾਣ ਨਹੀਂ ਰਿਹਾ ਜਿਸ ਤੋਂ ਆਪਣੇ ਜੀਵਨ ਦੀ ਅਨਿੱਤਯਤਾ ਦੀ ਪ੍ਰਿਸ਼ਟ-ਭੂਮੀ ਵਿਚ ਉਹ ਕਿਸੇ ਨਿਰੰਕੁਸ਼ ਜਾਂ ਸਦੀਵੀ ਮੁੱਲ ਵਾਲੀ ਕਲਾ ਰਚਨਾ ਕਰਨ ਲਈ ਪ੍ਰੇਰਿਤ ਹੋ ਸਕੇ।

ਅ. ਦ੍ਰਿਸ਼ਟਮਾਨ ਸੰਵੇਦਨਾਤਮਕ ਜਗਤ ਦੀ ਵਾਸਤਵਿਕਤਾ ਅਤੇ ਸਾਰਥਿਕਤਾ ਵਿਚ ਵਿਸ਼ਵਾਸ ਦਾ ਖੰਡਿਤ ਹੋਣਾ ਆਧੁਨਿਕ ਯੁਗ ਬੋਧ ਦਾ ਇਕ ਹੋਰ ਮਹੱਤਵਪੂਰਣ ਪੱਖ ਹੈ। ਆਧੁਨਿਕ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨੇ ਗਿਆਨ ਇੰਦਰੀਆਂ ਦੁਆਰਾ ਯਥਾਰਥ ਦੇ ਸਰਲ ਸਪਾਟ ਨਿਰੀਖਣ ਵਿਚ ਵੀ ਸਾਡਾ ਵਿਸ਼ਵਾਸ ਖੇਰੂੰ ਖੇਰੂੰ ਕਰ ਦਿੱਤਾ ਹੈ।

ਏ. ਆਧੁਨਿਕ ਗਿਆਨ ਦੇ ਬਹੁ-ਪਾਸਾਰੀ ਪ੍ਰਕਾਸ਼ ਨੇ ਕਿਸੇ ਸਥਾਈ ਮਾਨਵੀ ਆਦਰਸ਼ ਦਾ ਧਰਵਾਸ ਵੀ ਸਾਥੋਂ ਖੋਹ ਲਿਆ ਹੈ ਜੋ ਇਕਸਾਰ, ਇਕਾਗਰ ਮਾਨਵ ਜਗਤ ਦੀ ਅਖੰਡ ਨਿਰੰਤਰਤਾ ਦਾ ਆਧਾਰ ਬਣਿਆ ਰਹਿ ਸਕਦਾ ਹੈ। ਵੱਖ-ਵੱਖ ਯੁਗਾਂ ਅਤੇ ਭਿੰਨ ਭਿੰਨ ਸੰਸਕ੍ਰਿਤੀਆਂ ਦਾ ਸਾਹਿੱਤ ਅਤੇ ਕਲਾ ਆਧੁਨਿਕ ਮਨੁੱਖ ਦੀ ਪਹੁੰਚ ਵਿਚ ਹਨ। ਇਸ ਤੱਥ ਨੇ ਪਰੰਪਰਾ ਦਾ ਅਰਥ ਹੀ ਬਦਲ ਕੇ ਰੱਖ ਦਿੱਤਾ ਹੈ।

ਸ. ਆਧੁਨਿਕ ਯੁਗ ਵਿਚ ਵਿਅਕਤੀਗਤ ਰਚਨਾਤਮਕ ਕਿਰਤਾਂ ਦੇ ਪ੍ਰਭਾਵ ਮੰਡਲ ਦਾ ਸਮੂਹਿਕ ਚਰਿਤਰ ਬਦਲ ਜਾਣ ਨਾਲ ਆਧੁਨਿਕ ਕਵਿਤਾ ਦੀ ਅਭਿਵਿਅੰਜਨ ਸ਼ੈਲੀ ਦਾ ਮੂਲ ਸੁਭਾ ਹੀ ਹੋਰ ਦਾ ਹੋਰ ਹੋ ਗਿਆ ਹੈ। ਬੋਲ ਦੀ ਅਤਿ ਨਿਕਟੀ ਨਿਸ਼ੰਗ ਧੁਨੀ, ਜਿਸ ਵਿਚ ਵਿਅਕਤੀ, ਇਕੱਲੇ ਵਿਅਕਤੀ ਨੂੰ ਸੰਬੋਧਿਤ ਹੁੰਦਾ ਹੈ। ਆਧੁਨਿਕ ਕਾਵਿ-ਸ਼ੈਲੀ ਦਾ ਵਿਸ਼ੇਸ਼ ਲੱਛਣ ਬਣ ਨਿਬੜੀ ਹੈ।[6]

ਡਾ. ਅਤਰ ਸਿੰਘ ਅਨੁਸਾਰ ਆਧੁਨਿਕਤਾ ਦਾ ਮੁੱਖ ਲੱਛਣ ਜੀਵਨ ਨੂੰ ਉਸਦੀਆਂ ਜਟਿਲਤਾਵਾਂ ਅਤੇ ਉਸ ਦੇ ਭਾਗਾਂ ਵਿਭਾਗਾਂ ਦੇ ਬਾਵਜੂਦ ਇਕਾਗਰ ਰੂਪ ਵਿਚ ਵੇਖਣ ਦੀ ਪ੍ਰੇਰਣਾ ਦੇਣਾ ਹੈ। ਅਨੁਭਵ ਦੇ ਕਿਸੇ ਇਕ ਪੱਖ ਨੂੰ ਓਹਲੇ ਕਰਨ ਨਾਲ ਇਸ ਦ੍ਰਿਸ਼ਟੀ-ਕੋਣ ਦੇ ਖੰਡਿਤ ਹੋ ਜਾਣ ਦਾ ਡਰ ਹੈ। ਇਸ ਨੂੰ ਪ੍ਰਗਟ ਕਰਨ ਦਾ ਭਾਵ ਸਾਹਿੱਤ ਨੂੰ ਕੇਵਲ ਮਨੋਰੰਜਨ ਜਾਂ ਭਾਵ-ਮੁਕਤੀ ਦੇ ਵਸੀਲੇ ਵਜੋਂ ਵਰਤਣ ਦਾ ਨਹੀਂ ਸਗੋਂ ਇਸ ਨੂੰ ਅਪਨਾਉਣ ਦਾ ਅਰਥ ਇਸ ਰਾਹੀਂ ਜੀਵਨ ਦੇ ਕੇਂਦਰੀ ਸੱਚ ਤਕ ਅੱਪੜਨ ਦਾ ਹੈ।[7] ਡਾ. ਅਤਰ ਸਿੰਘ ਦੀ ਇਸ ਟਿੱਪਣੀ ਤੋਂ ਅਸੀਂ ਆਧੁਨਿਕਤਾ ਬਾਰੇ ਹੇਠ ਲਿਖੇ ਸਿੱਟੇ ਕੱਢ ਸਕਦੇ ਹਾਂ।

1. ਆਧੁਨਿਕ ਸੰਵੇਦਨਾ ਜੀਵਨ-ਅਨੁਭਵ ਦੀ ਗਤੀਸ਼ੀਲ ਅਤੇ ਜਟਿਲ ਸਮਗਰਤਾ ਨੂੰ ਰਚਨਾ ਵਿਚ ਇਕਾਗਰ ਕਰਨ ਦਾ ਯਤਨ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਆਧੁਨਿਕਤਾ ਜੀਵਨ-ਅਨੁਭਵ ਦੇ ਕਿਸੇ ਇਕ ਪੱਖ ਨੂੰ ਅੱਖੋਂ ਪਰੋਖੇ ਕਰਕੇ ਇਸਦੀ ਸਮੁੱਚਤਾ ਨੂੰ ਖੰਡਿਤ ਨਹੀਂ ਕਰਦੀ। ਅਤੇ

3. ਸਾਹਿੱਤ ਜਾਂ ਕਲਾ ਵਿਚ ਇਸ ਦ੍ਰਿਸ਼ਟੀਕੋਣ ਦੀ ਵਰਤੋਂ ਕੇਵਲ ਮਨੋਰੰਜਨ ਜਾਂ ਭਾਵ-ਮੁਕਤੀ ਦਾ ਮਾਧਿਅਮ ਹੀ ਨਹੀਂ ਬਣਦੀ ਸਗੋਂ ਕਾਲਾਤੀਤ ਮਨੁੱਖੀ ਅਨੁਭਵ ਦੀ ਪ੍ਰਤੀਤੀ ਦੁਆਰਾ ਜੀਵਨ ਦੇ ਰਹੱਸਮਈ ਅਰਥ ਦੀ ਸਾਧਨਾ ਦਾ ਆਧਾਰ ਬਣਦੀ ਹੈ।

ਆਧੁਨਿਕ ਸਾਹਿੱਤ ਦੀਆਂ ਪ੍ਰਵਿਰਤੀਆਂ ਅਤੀਤ-ਭਵਿੱਖ ਟਕਰਾਓ ਦੇ ਸੰਪੂਰਨ ਦ੍ਰਿਸ਼ ਨੂੰ ਅਭਿਵਿਅਕਤ ਕਰਨ ਵਾਲੀਆਂ ਵੱਖ-ਵੱਖ ਅਭਿਅੰਜਨਾ ਸ਼ੈਲੀਆਂ ਦੇ ਪ੍ਰੋਗਰਾਮ ਵਜੋਂ ਸਾਹਮਣੇ ਆਉਂਦੀਆਂ ਹਨ। ਅਜਿਹੇ ਪ੍ਰੋਗਰਾਮਾਂ ਨੂੰ ਹੇਠ ਲਿਖਤ ਮਨੋਰਥਾਂ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ :

1. ਆਧੁਨਿਕਤਾ ਅਨੁਭਵ ਦੀ, ਨਵੀਂ ਕਲਾ, **ਬੋਧ** ਦੀ ਪ੍ਰਾਪਤੀ;

2. ਸਮਾਜ ਨੂੰ ਪ੍ਰਭਾਵਿਤ ਕਰਨ ਵਾਲੇ ਕਲਾ ਰੂਪਾਂ ਦਾ ਆਵਿਸ਼ਕਾਰ,

3. **ਸਾਂਝੇ ਜੀਵਨ** ਦੇ ਆਧੁਨਿਕ ਪ੍ਰਤੀਕਵਾਦ ਦੁਆਰਾ ਅਤੀਤ ਨੂੰ ਵਰਤਮਾਨ ਨਾਲ ਜੋੜਨ ਵਾਲੀ ਕਲਾ ਦਾ ਵਿਚਾਰ;

4. **ਕਲਾ ਦਾ ਵਿਕਲਪੀ ਜੀਵਨ;**

5. **ਵਿਰੂਪਣ:**

6. **ਪਰੰਪਰਾ ਦਾ ਕ੍ਰਾਂਤੀਸ਼ੀਲ ਸੰਕਲਪ।**[8]

ਪਰੰਪਰਾ ਅਤੇ ਆਧੁਨਿਕਤਾ

ਆਧੁਨਿਕਤਾ ਦੀ ਵਿਆਖਿਆ ਅਤੇ ਵਿਵੇਚਨ ਕਰਨ ਵਾਲੇ ਚਿਤਕ ਨੇ ਪਰੰਪਰਾ ਅਤੇ ਆਧੁਨਿਕਤਾ ਦੇ ਸੰਕਲਪ ਬਾਰੇ ਵੀ ਬੜੇ ਗੰਭੀਰ ਰੂਪ ਵਿਚ ਵਿਚਾਰ ਕੀਤੀ ਹੈ। ਇਸ ਪ੍ਰਸੰਗ ਵਿਚ ਟੀ. ਐਸ. ਐਲੀਅਟ ਦੀਆਂ ਟਿੱਪਣੀਆਂ ਬੜੀਆਂ ਮਹੱਤਵਪੂਰਨ ਹਨ। ਉਸ ਅਨੁਸਾਰ ਆਧੁਨਿਕ ਸੰਵੇਦਨਾ ਦਾ ਕੇਂਦਰੀ ਬਿੰਦੂ ਜੀਵਨ-ਅਨੁਭਵ ਦੀ ਅਖੰਡਤਾ ਹੈ। ਅਖੰਡਤਾ ਦੇ ਸੰਕਲਪ ਦਾ ਪਰਿਤਿਆਗ ਕਰਨ ਨਾਲ ਕੋਈ ਰਚਨਾ ਸਮੁੱਚ ਨਾਲੋਂ ਤਰੁੰਡੇ ਹੋਏ ਟੋਟਿਆਂ ਵਾਂਗ ਖੰਡਿਤ ਹੋ ਜਾਂਦੀ ਹੈ। ਅਖੰਡਤਾ ਦਾ ਅਨੁਭਵ ਪਰੰਪਰਾ ਨੂੰ ਇਤਿਹਾਸਕ ਪਰਿਪੇਖ ਵਿਚ ਗ੍ਰਹਿਣ ਕਰਨ ਤੋਂ ਬਿਨਾਂ ਸੰਭਵ ਨਹੀਂ। ਪਰੰਪਰਾ ਨੂੰ ਇਸ ਸਕਾਰਾਤਮਕ ਅਰਥ ਵਿਚ ਗ੍ਰਹਿਣ ਕਰਨ ਲਈ ਕਵੀ ਨੂੰ ਅਜਿਹੀ ਇਤਿਹਾਸਕ ਸੋਝੀ ਪੈਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਨ ਦੀ ਲੋੜ ਹੈ। ਜੋ ਕਾਲ-ਨਿਰਪੇਖਤਾ ਦਾ ਅਰਥ ਵੀ ਦਿੰਦੀ ਹੈ, ਕਾਲ-ਸਾਪੇਖਤਾ ਦਾ ਵੀ ਅਤੇ ਇਨ੍ਹਾਂ ਦੋਹਾਂ ਦਾ ਇਕੱਠਾ ਵੀ। ਇਹੀ ਸੋਝੀ ਕਿਸੇ ਲੇਖਕ ਨੂੰ ਸਮੇਂ ਵਿਚ ਆਪਣੇ ਸਥਾਨ ਬਾਰੇ ਆਪਣੀ ਤਤਕਾਲੀਨਤਾ ਬਾਰੇ ਬੜੀ ਤੀਬਰਤਾ ਨਾਲ ਸੁਚੇਤ ਕਰਦੀ ਹੈ। ਕਿਸੇ ਇਕੱਲੇ ਕਵੀ ਜਾਂ ਕਲਾਕਾਰ ਦਾ ਕੋਈ ਸੰਪੂਰਨ ਅਰਥ ਸੰਭਵ ਨਹੀਂ। ਉਸ ਦੀ ਸਾਰਥਿਕਤਾ ਦਾ ਮੁੱਲ ਬੀਤ ਚੁੱਕੇ ਕਵੀਆਂ ਅਤੇ ਕਲਾਕਾਰਾਂ ਦੇ ਸੰਬੰਧ ਵਿਚ ਹੀ ਸਾਰਥਿਕ ਹੋ ਸਕਦਾ ਹੈ। ਤੁਸੀਂ ਉਸ ਦਾ ਇਕੱਲੇ ਦਾ ਮੁੱਲ ਨਹੀਂ ਅੰਕ ਸਕਦੇ, ਟਾਕਰੇ ਅਤੇ ਤੁਲਨਾ ਲਈ ਉਸ ਨੂੰ ਗੁਜਰੇ ਹੋਏ ਕਵੀਆਂ ਦੇ ਪ੍ਰਸੰਗ ਵਿਚ ਰੱਖਣਾ ਤੁਹਾਡੇ ਲਈ ਆਵੱਸ਼ਕ ਹੈ।[9]

ਸਟੀਫਨ ਸਪੈਂਡਰ ਨੇ ਆਧੁਨਿਕਤਾ ਨੂੰ ਪਰਿਭਾਸ਼ਿਤ ਕਰਨ ਸਮੇਂ ਪਰੰਪਰਾ ਦੇ ਕ੍ਰਾਂਤੀਸ਼ੀਲ ਸੰਕਲਪ ਉਤੇ ਬਹੁਤ ਜ਼ੋਰ ਦਿੱਤਾ ਹੈ। ਉਸ ਅਨੁਸਾਰ ਇਸ ਦਾ ਮਤਲਬ ਹੈ ਕੁਝ ਚੋਣਵੀਆਂ ਪਰੰਪਰਾਵਾਂ ਨੂੰ ਨਵੀਨ ਕਲਾ ਕ੍ਰਿਤੀਆਂ ਵਿਚ ਪੁਨਰ-ਪ੍ਰਯੁਕਤ ਕਰਨਾ। ਪਰੰਪਰਾਵਾਦੀ, ਪਰੰਪਰਾ ਦੇ ਅਜਿਹੇ ਪ੍ਰਯੋਗ ਨੂੰ ਚੰਗਾ ਨਹੀਂ ਸਮਝਣਗੇ ਪਰੰਤੂ ਅਸਲ ਵਿਚ ਇਹ ਲੋਕ ਤੜਾਗੀਵਾਦੀ ਜਾਂ ਰਵਾਇਤਵਾਦੀ ਹੀ ਹੁੰਦੇ ਹਨ। ਪਰੰਪਰਾ ਦੇ ਰੂਪਾਂਤਰਣ ਜਾਂ ਵਿਰੂਪਣ ਦੀ ਇਕ ਬੇਹਤਰੀਨ ਆਧੁਨਿਕ ਉਦਾਹਰਣ ਬਾਦਲੇਅਰ ਦੀ ਇਕ ਰਚਨਾ 'ਫਲਿਊਰਜ਼ ਡੂ ਮਾਲ' ਵਿਚ ਦੇਖੀ ਜਾ ਸਕਦੀ ਹੈ। ਬਾਦਲੇਅਰ ਦੀ ਪਾਰੰਪਰਿਕ ਕੈਥੋਲਿਕ ਚੇਤਨਾ, ਬੁਰਾਈ ਦੇ ਅਨੁਸਰਣ ਵਿਚ ਆਪਣਾ ਬੋਧ ਪ੍ਰਾਪਤ ਕਰਦੀ ਹੈ। ਉਸ ਨੇ ਕ੍ਰਿਪਾ (ਗਰੇਸ) ਨੂੰ ਦੰਡਿਤ ਹੋਣ ਵਿਚ ਲੱਭਿਆ ਹੈ। ਬਾਦਲੇਅਰ ਨੇ ਸੇਂਟ ਫਰਾਂਸਿਜ਼ ਦੇ ਛੋਟੇ ਤੇ ਖੂਬਸੂਰਤ ਫੁੱਲਾਂ ਨੂੰ, ਬਦੀ ਦੇ ਫੁੱਲਾਂ ਵਿਚ ਰੂਪਾਂਤਰਿਤ ਕਰ ਕੇ ਪਰੰਪਰਾ ਨੂੰ ਇਕ ਵੱਖਰੀ ਤਰ੍ਹਾਂ ਪ੍ਰਯੁਕਤ ਕੀਤਾ ਹੈ। ਪਰੰਪਰਾ ਦਾ ਅਜਿਹਾ ਚੌਂਕਾ ਦੇਣ ਵਾਲਾ ਪ੍ਰਯੋਗ, ਆਧੁਨਿਕ ਸਾਹਿੱਤ ਦੇ ਮੁੱਢਲੇ ਦੌਰ ਨਾਲ ਸੰਬੰਧ ਰੱਖਦਾ ਹੈ। ਟੀ. ਐਸ. ਐਲੀਅਟ ਅਤੇ ਡਾਇਲਾਨ ਥਾਮਸ ਵਰਗੇ ਕਵੀਆਂ ਨੇ ਪਰੰਪਰਾ ਦਾ ਪ੍ਰਯੋਗ ਵਧੇਰੇ ਰਚਨਾਤਮਕ ਪ੍ਰਤਿਭਾ ਅਤੇ ਕਲਾਕੁਸ਼ਲਤਾ ਨਾਲ ਕੀਤਾ ਹੈ।

ਜਿਥੋਂ ਤਕ ਪੰਜਾਬੀ ਆਧੁਨਿਕਤਾਵਾਦੀ ਕਾਵਿ ਦਾ ਸੰਬੰਧ ਹੈ। ਇਸ ਵਿਚ ਇਹ ਪ੍ਰਵਿਰਤੀ ਮੁੱਖ ਤੌਰ ਤੇ ਸਰਲਤਾ ਦੀ ਧਾਰਣੀ ਹੀ ਰਹੀ ਹੈ। ਸਭਿਆਚਾਰ ਤੇ ਸਭਿਅਤਾ ਨੂੰ ਮੂਲੋਂ ਉਖੇੜ ਦੇਣ ਵਾਲੀਆਂ ਪ੍ਰਵਿਰਤੀਆਂ ਜਿਵੇਂ ਕਿ ਨਾਸ਼ਵਾਦ/ਸੂੰਨਸਾਨ ਆਦਿ ਆਧੁਨਿਕ ਪੰਜਾਬੀ ਕਾਵਿ ਵਿਚ ਪੇਸ਼ ਨਹੀਂ ਹੋਈਆਂ। ਪੰਜਾਬੀ ਕਾਵਿ ਵਿਚ ਆਧੁਨਿਕਤਾ ਦਾ ਪੱਖ, ਅਵਿਵਸਥਾ ਦੀ ਚੇਤਨਾ, ਅਰਾਜਕਤਾ ਤੇ ਸੰਤਾਪ ਦੀ ਭਾਵਨਾ ਪੈਦਾ ਕਰਨ ਦੇ ਰੂਪ ਵਿਚ ਹੀ ਖ਼ਾਸ ਤੌਰ ਤੇ ਉਜਾਗਰ ਹੋਇਆ ਹੈ। ਇਸ ਪ੍ਰਸੰਗ ਵਿਚ ਡਾ. ਸਤਿੰਦਰ ਸਿੰਘ ਦਾ ਮੱਤ ਉਲੇਖਯੋਗ ਹੈ। ਉਹ ਲਿਖਦਾ ਹੈ : ''ਪੰਜਾਬੀ ਦੀ ਆਧੁਨਿਕਤਾਵਾਦੀ ਕਵਿਤਾ ਪਰੰਪਰਾਗਤ, ਸਭਿਆਚਾਰ ਦੇ ਬੋਝ ਤੋਂ ਮੁਕਤ ਨਹੀਂ। ਇਸ ਵਿਚ ਭਾਵੇਂ ਪਰੰਪਰਾਗਤ ਮਿਥ/ਵਿਸ਼ਵਾਸ ਛੱਡੇ ਜਾ ਚੁੱਕੇ ਹਨ ਅਤੇ ਨਵੇਂ ਕੋਡ ਦੀ ਸਿਰਜਣਾ ਦਿਖਾਈ ਦਿੰਦੀ ਹੈ ਪਰ ਪਰੰਪਰਾਗਤ ਸੰਸਕਾਰ ਅਜੇ ਵੀ ਪੇਸ਼ ਹੁੰਦੇ ਹਨ। ਹਾਂ, ਉਨ੍ਹਾਂ ਦੀ ਵਰਤਮਾਨ/ਆਧੁਨਿਕ ਸਾਰਥਿਕਤਾ ਦੀ ਤਲਾਸ਼ ਜ਼ਰੂਰ ਹੋ ਰਹੀ ਹੈ। ਜਿਸ ਕਾਰਣ ਆਧੁਨਿਕ ਪੰਜਾਬੀ ਕਾਵਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਪਰੰਪਰਾ ਤੇ ਆਧੁਨਿਕਤਾ ਦੀ ਵੱਡੀ ਕਸ਼ਮਕਸ਼ ਦਿਖਾਈ ਦਿੰਦੀ ਹੈ। ਇਕ ਪਾਸੇ ਆਧੁਨਿਕ ਸੰਵੇਦਨਾ ਅਤੇ ਦੂਜੇ ਪਾਸੇ ਪਰੰਪਰਾ-ਮੁੱਲ, ਇਨ੍ਹਾਂ ਵਿਚ ਤਣਾਉ ਦੀ ਤੀਬਰ ਚੇਤਨਾ ਇਸ ਕਾਵਿ ਦਾ ਪ੍ਰਮੁੱਖ ਬਿੰਦੂ ਹੈ :

ਨਾ ਮਨ ਵਿਚ ਵਿਸ਼ਵਾਸ ਪੁਰਾਣਾ
ਨਵਾਂ ਕੋਈ ਧਰਵਾਸ ਨਾ ਜਾਣਾ
ਕਲ੍ਹ ਦੇ ਵਾਅਦੇ ਕਿਸ ਭਰਵਾਸੇ
ਕਲ੍ਹ ਤੋਂ ਪਹਿਲਾਂ ਮੈਂ ਮਰ ਜਾਣਾ
ਹੁਣ ਦਾ ਹੁਣ ਮਹਿਮਾਨ।

—ਹਰਿਭਜਨ ਸਿੰਘ

ਕਿਸੇ ਵੀ ਮੈਂ ਰਵਾਇਤ ਦਾ ਨਹੀਂ ਕਾਇਲ
ਸੋ ਮੇਰੇ ਲਈ ਨਵੀਂ ਹੁਣ ਮੌਤ ਕੋਈ ਸੋਚੋ
ਮੈਂ ਪਹਿਲਾਂ, ਉਸ ਤੋਂ ਪਹਿਲਾਂ ਤੇ ਉਸ ਤੋਂ ਵੀ ਪਹਿਲਾਂ
ਹੰਢਾਈ ਮੌਤ ਨਹੀਂ ਚਾਹੁੰਦਾ
ਕੋਈ ਤਾਜ਼ੀ ਨਵੇਂ ਢੰਗ ਦੀ ਨੰਗੇ ਸੱਚ ਵਰਗੀ ਮੌਤ ਚਾਹੁੰਦਾ ਹਾਂ।

—ਜਗਤਾਰ

ਪੰਜਾਬੀ ਆਲੋਚਨਾ ਵਿਚ ਬਹੁਤੀ ਵਾਰ ਪਰੰਪਰਾ ਨੂੰ ਆਧੁਨਿਕਤਾ ਦੇ ਵਿਰੋਧ ਵਿਚ ਹੀ ਖੜਾ ਕੀਤਾ ਗਿਆ ਹੈ। ਪੰਜਾਬੀ ਦੇ ਸਾਹਿੱਤਕਾਰਾਂ ਨੇ ਵੀ ਆਧੁਨਿਕ ਬਣਨ ਅਤੇ ਦਿਸਣ ਦੇ ਚਾਅ ਵਿਚ ਪਰੰਪਰਾ ਦੀ ਨਿਖੇਧ ਵਿਚ ਹੀ ਨਿਹਿਤ ਨਹੀਂ ਸਗੋਂ ਇਸ ਵਿਚ ਹੈ ਕਿ ਆਧੁਨਿਕ ਸਾਹਿੱਤ ਨੇ ਅਤੀਤ ਦੇ ਗੌਰਵ ਦੀ ਸਿਮ੍ਰਤੀ ਦੁਆਰਾ ਖੰਡਿਤ ਸਭਿਅਤਾ ਨੂੰ ਪੁਨਰ ਜੀਵਿਤ ਕੀਤਾ ਹੈ। ਇਸ ਪੜਾਉ ਤੇ ਪਹੁੰਚ ਕੇ ਸਾਨੂੰ ਪਰੰਪਰਾ ਦੇ ਲੱਛਣਾਂ ਬਾਰੇ ਸਮਾਜ ਵਿਗਿਆਨਕ ਤੌਰ ਤੇ ਸੋਚਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਇਸ ਅਰਥ ਵਿਚ ਪਰੰਪਰਾ ਉਹ ਸਭ ਕੁਝ ਹੈ ਜੋ ਸਾਨੂੰ ਵਿਰ ਵਿਰਸੇ ਮਿਲਿਆ ਹੈ ਅਤੇ ਸਾਡੇ ਸਮਕਾਲੀ ਜੀਵਨ ਉੱਤੇ ਪ੍ਰਭਾਵ ਪਾਉਣ ਦੇ ਸਮਰੱਥ ਹੈ। ਇਸ ਲਈ ਆਧੁਨਿਕਤਾ ਦਾ ਸਪਸ਼ਟ ਲੱਛਣ ਹੈ—ਹੁਣ ਦੇ ਛਿਣ ਵਿਚ ਅਨੁਭਵ ਦੇ ਇਕ ਅਜਿਹੇ ਸੰਕੁਚਿਤ ਨੁਕਤੇ ਦਾ ਦਰਸ਼ਨ ਕਰਨਾ, ਜਿਸ ਵਿਚ ਸਮੁੱਚਾ ਭੂਤਕਾਲ ਤੇ ਸਾਰਾ ਭਵਿੱਖ ਅਚੇਤੇ ਕਰਤਾਰੀ ਅਮਲ ਦੇ ਦਾਬੇ ਹੇਠ ਅੰਤਰ-ਸੰਬੰਧਿਤ ਤੇ ਸੰਮਿਲਿਤ ਹੋ ਜਾਣ।[1]

ਵਿਕਾਸ ਪੜਾਅ ਅਤੇ ਪ੍ਰਮੁਖ ਪ੍ਰਵਿਰਤੀਆਂ

1849 ਈ. ਵਿਚ ਪੰਜਾਬ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੇ ਇਥੋਂ ਦੇ ਸਭਿਆਚਾਰਕ ਸਾਹਿਤਿਕ ਖੇਤਰ ਵਿਚ ਪਰਿਵਰਤਨ ਦਾ ਅਮਲ ਬੜਾ ਤਿੱਖਾ ਹੋ ਗਿਆ। ਅੰਗਰੇਜ਼ਾਂ ਦੇ ਆਗਮਨ ਨਾਲ ਭਾਰਤ ਅਤੇ ਪੰਜਾਬ ਵਿਚ ਪੂੰਜੀਵਾਦੀ ਕਦਰਾਂ-ਕੀਮਤਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਚਲਨ ਸ਼ੁਰੂ ਹੋ ਗਿਆ। ਅੰਗਰੇਜ਼ਾਂ ਨੇ ਭਾਰਤ ਵਰਸ਼ ਦੇ ਸਾਰੇ ਵੱਡੇ ਸ਼ਹਿਰਾਂ ਨੂੰ ਰੇਲ-ਮਾਰਗ ਰਾਹੀਂ ਇਕ ਦੂਜੇ ਨਾਲ ਅਤੇ ਦੇਸ਼ ਦੀਆਂ ਪ੍ਰਮੁੱਖ ਬੰਦਰਗਾਹਾਂ ਨਾਲ ਜੋੜ ਦਿੱਤਾ ਅਤੇ ਇਹ ਬੰਦਰਗਾਹਾਂ ਅਗੋਂ ਸਮੁੰਦਰੀ ਮਾਰਗ ਰਾਹੀਂ ਇੰਗਲੈਂਡ ਨਾਲ ਜੁੜੀਆਂ ਹੋਈਆਂ ਸਨ। ਇਉਂ ਭਾਰਤ ਵਿਚੋਂ ਕੱਚਾ ਮਾਲ ਰੇਲ ਗੱਡੀਆਂ ਅਤੇ ਸਮੁੰਦਰੀ ਜਹਾਜ਼ਾਂ ਰਾਹੀਂ ਇੰਗਲੈਂਡ ਵਿਚ ਪਹੁੰਚ ਜਾਂਦਾ ਸੀ ਅਤੇ ਇੰਗਲੈਂਡ ਦਾ ਤਿਆਰ ਮਾਲ ਇਥੇ ਵਿੱਕਰੀ ਲਈ ਪਹੁੰਚ ਜਾਂਦਾ ਸੀ। ਇਸ ਤਰ੍ਹਾਂ ਭਾਰਤ ਦੇ ਸਾਰੇ ਵੱਡੇ ਵੱਡੇ ਸ਼ਹਿਰ ਮਾਰਕੀਟ ਦਾ ਰੂਪ ਧਾਰਣ ਕਰ ਗਏ ਅਤੇ ਇਸ ਮਾਰਕੀਟ ਨੇ ਮਨੁੱਖ-ਮਨੁੱਖ ਵਿਚਲੇ ਰਿਸ਼ਤੇ ਨੂੰ ਟੇਢਾ ਬਲਕਿ ਅੰਨ੍ਹਾ ਹੀ ਬਣਾ ਦਿੱਤਾ।

ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਪੱਛਮੀ ਢੰਗ ਦੀ ਵਿਦਿਆ-ਪ੍ਰਣਾਲੀ ਸ਼ੁਰੂ ਹੋਈ। ਨਵੇਂ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਹੋਂਦ ਵਿਚ ਆਏ। ਜਿਥੇ ਮੁੱਢਲੀ ਵਿਦਿਆ ਦਾ ਮਾਧਿਅਮ ਪਹਿਲਾਂ ਵਾਂਗ ਹੀ ਉਰਦੂ-ਫ਼ਾਰਸੀ ਬਣਿਆ ਰਿਹਾ ਉਥੇ ਉਚੇਰੀ ਵਿਦਿਆ ਅੰਗਰੇਜ਼ੀ ਵਿਚ ਦਿੱਤੀ ਜਾਣੀ ਸ਼ੁਰੂ ਹੋਈ। ਪੰਜਾਬੀ ਸਾਹਿਤਕਾਰ ਅੰਗਰੇਜ਼ੀ ਸਾਹਿੱਤ ਦੇ ਸੰਪਰਕ ਵਿਚ ਆਏ। ਸਾਡੇ ਲੇਖਕ ਸ਼ੈਕਸਪੀਅਰ, ਵਰਡਜ਼ਵਰਥ, ਸ਼ੈਲੀ ਅਤੇ ਟੈਨੀਸਨ ਵਰਗੇ ਸਾਹਿੱਤਕਾਰਾਂ ਦੀਆਂ ਰਚਨਾਵਾਂ ਤੋਂ ਪਰਿਚਿਤ ਹੋਏ। ਇਸ ਤਰ੍ਹਾਂ ਪੰਜਾਬੀ ਸਾਹਿੱਤ ਵਿਚ ਆਧੁਨਿਕਤਾ ਅੰਗਰੇਜ਼ੀ ਸ਼ਾਸਨ ਅਤੇ ਅੰਗਰੇਜ਼ੀ ਸਾਹਿਤ ਦੇ ਸਿੱਧੇ ਪ੍ਰਭਾਵ ਅਧੀਨ ਪ੍ਰਫੁਲਿਤ ਹੋਈ।

ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਕਦੇ ਵੀ ਰਾਜ-ਭਾਸ਼ਾ ਦਾ ਦਰਜਾ ਨਹੀਂ ਸੀ ਮਿਲਿਆ। ਮੁਗਲ ਕਾਲ ਅਤੇ ਇਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਵੀ ਸਕੂਲਾਂ ਅਤੇ ਦਫ਼ਤਰਾਂ ਦੀ ਭਾਸ਼ਾ ਉਰਦੂ-ਫ਼ਾਰਸੀ ਹੀ ਰਹੀ। ਅੰਗਰੇਜ਼ਾਂ ਨੇ ਵੀ ਮੁਢਲੇ ਪੱਧਰ ਤੇ ਇਸੇ ਪ੍ਰਣਾਲੀ ਨੂੰ ਕਾਇਮ ਰੱਖਿਆ। ਸਿੱਟੇ ਵਜੋਂ ਪੰਜਾਬੀ ਸਾਹਿੱਤ ਦਾ ਮੁਹਾਵਰਾ ਅਤੇ ਰੂਪ ਸਦਾ ਲੋਕਿਕ ਹੀ ਰਿਹਾ। ਇਸ ਵਿਚ ਰਸਮੀ-ਪ੍ਰਗਟਾਵੇ ਨਾਲ ਸੰਬੰਧਿਤ ਅਭਿ-ਵਿਅੰਜਨ-ਸ਼ੈਲੀਆਂ ਕਦੇ ਵੀ ਵਿਕਸਿਤ ਨਾ ਹੋ ਸਕੀਆਂ। ਇਸੇ ਲਈ ਜਦੋਂ ਅੰਗਰੇਜ਼ੀ ਸਾਹਿੱਤ ਦੇ ਪ੍ਰਭਾਵ ਅਧੀਨ ਯਥਾਰਥਵਾਦੀ ਅਭਿਵਿਅੰਜਨਾ-ਪ੍ਰਣਾਲੀਆਂ ਦੀ ਪਰੰਪਰਾ ਸ਼ੁਰੂ ਹੋਈ ਤਾਂ ਪੰਜਾਬੀ ਸਾਹਿੱਤਕਾਰਾਂ ਨੇ ਇਨ੍ਹਾਂ ਨੂੰ ਆਪਣੇ ਸੁਭਾਉ ਦੇ ਬਹੁਤਾ ਨਜ਼ਦੀਕ ਪਾਇਆ। ਉਨ੍ਹਾਂ ਨੂੰ ਆਧੁਨਿਕ ਸਾਹਿੱਤ-ਰੂਪਾਂ ਦੇ ਮਾਧਿਅਮ ਦੁਆਰਾ ਭਾਵ-ਅਭਿਵਿਅੰਜਨ ਵਿਚ ਕੋਈ ਮੁਸ਼ਕਿਲ ਪ੍ਰਤੀਤ ਨਾ ਹੋਈ। ਇਹੀ ਕਾਰਣ ਹੈ ਕਿ ਸਾਡੇ ਇਥੇ ਵੀਹਵੀਂ ਸਦੀ ਸ਼ੁਰੂ ਹੁੰਦਿਆਂ ਹੀ ਅਚਾਨਕ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਹਰਿੰਦਰ ਸਿੰਘ ਰੂਪ ਅਤੇ ਦੀਵਾਨ ਸਿੰਘ ਕਾਲੇ ਪਾਣੀ ਵਰਗੇ ਆਧੁਨਿਕ ਲੇਖਕਾਂ ਦੀ ਇਕ ਪੂਰੀ ਫ਼ਸਲ ਇਕ ਦਮ ਪੱਕ ਕੇ ਪੂਰੀ ਤਰ੍ਹਾਂ ਤਿਆਰ ਮਿਲਦੀ ਹੈ ਜਦੋਂ ਕਿ ਉਰਦੂ ਸਾਹਿੱਤ ਵਿਚ ਆਧੁਨਿਕਤਾ ਦਾ ਸਮਾਵੇਸ਼ ਬੜਾ ਰੁਕ-ਰੁਕ ਕੇ ਹੋਇਆ। ਇਥੋਂ ਤੱਕ ਕਿ ਅੱਜ ਜਦੋਂ ਪੰਜਾਬੀ ਸਾਹਿੱਤ ਆਧੁਨਿਕਤਾਵਾਦ ਦੀਆਂ ਸਗਲ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਹੰਢਾ ਬੈਠਾ ਹੈ, ਉਰਦੂ ਸਾਹਿੱਤ ਅਜੇ ਵੀ ਰਸਮਾਂ ਅਤੇ ਰਵਾਇਤਾਂ ਦੇ ਗੌਰਖਧੰਦੇ ਤੋਂ ਪੂਰੀ ਤਰ੍ਹਾਂ ਮੁਕਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਹੋ ਸਕਿਆ ।

ਆਧੁਨਿਕ ਪੰਜਾਬੀ ਕਾਵਿ ਦੀ ਸਮੁੱਚੀ ਪਰੰਪਰਾ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਲਈ ਅਸੀਂ ਇਸ ਨੂੰ ਨਿਮਨ ਲਿਖਤ ਵਰਗੀਕਰਣ ਵਿਚ ਵਿਉਂਤਬੱਧ ਕਰ ਸਕਦੇ ਹਾਂ :

1. ਅਧਿਆਤਮਵਾਦੀ ਕਾਵਿ ਧਾਰਾ
2. ਰੋਮਾਂਟਿਕ ਕਾਵਿ ਧਾਰਾ
3. ਪ੍ਰਗਤੀਵਾਦੀ ਕਾਵਿ ਧਾਰਾ
4. ਪ੍ਰਯੋਗਵਾਦੀ ਕਾਵਿ ਧਾਰਾ
5. ਜੁਝਾਰ-ਵਿਦਰੋਹੀ ਕਾਵਿ ਧਾਰਾ
6. ਸੁਹਜਵਾਦੀ ਕਾਵਿ ਧਾਰਾ
7. ਗ਼ਜ਼ਲ ਪਰੰਪਰਾ
8. ਪਾਕਿਸਤਾਨੀ ਪੰਜਾਬੀ ਕਵਿਤਾ

ਅਧਿਆਤਮਵਾਦੀ ਕਾਵਿ ਧਾਰਾ

ਅਧਿਆਤਮਵਾਦੀ ਕਾਵਿ ਧਾਰਾ ਨੂੰ 'ਆਧੁਨਿਕ' ਦੇ ਸੰਕਲਪਗਤ ਅਰਥਾਂ ਅਨੁਸਾਰ ਆਧੁਨਿਕ ਕਾਵਿ ਧਾਰਾ ਵਿਚ ਸ਼ਾਮਿਲ ਕਰਨਾ ਕਾਫੀ ਕਠਿਨ ਹੋ ਜਾਂਦਾ ਹੈ । ਪਰ ਜਦੋਂ ਅਸੀਂ ਭਾਈ ਵੀਰ ਸਿੰਘ ਅਤੇ ਪ੍ਰੋ ਪੂਰਨ ਸਿੰਘ ਵਰਗੇ ਕਵੀਆਂ ਦੇ ਕਾਵਿ ਲੋਕ ਦਾ ਅਧਿਐਨ ਕਰਦੇ ਹਾਂ ਤਾਂ ਇਨ੍ਹਾਂ ਕਵੀਆਂ ਦੇ ਬਹੁਤ ਸਾਰੇ ਪਾਸਾਰ ਆਧੁਨਿਕਤਾ ਦੇ ਸੰਕਲਪ ਨਾਲ ਬਰ ਮੇਚਦੇ ਨਜ਼ਰ ਆਉਂਦੇ ਹਨ । ਇਹ ਦੋਵੇਂ ਕਵੀ ਪੂਰਨ ਰੂਪ ਵਿਚ ਆਧੁਨਿਕ ਕਵੀ ਤਾਂ ਭਾਵੇਂ ਨਾ ਕਹੇ ਜਾ ਸਕਣ ਪਰ ਇਨ੍ਹਾਂ ਦੀ ਆਸ਼ਿਕ ਆਧੁਨਿਕਤਾ ਵੀ ਬੜੀ ਗੌਰਵਮਈ ਅਤੇ ਮਹੱਤਵਪੂਰਨ ਹੈ :

'ਅਧਿਆਤਮ' ਵਾਸਤਵ ਵਿਚ ਆਤਮਾ ਤੋਂ ਉੱਪਰ ਕਿਸੇ ਰਸਾਨੁਭੂਤੀ ਦਾ ਨਾਮ ਹੈ । ਵਰਤਮਾਨ ਯੁਗ ਵਿਚ ਭਾਵੇਂ ਪਰਮਾਤਮਾ ਬਾਰੇ ਕੀਤੀਆਂ ਗਈਆਂ ਕੇਵਲ ਗੱਲਾਂ ਬਾਤਾਂ ਨੂੰ ਵੀ 'ਅਧਿਆਤਮ' ਆਖ ਲਿਆ ਜਾਂਦਾ ਹੈ ਪਰੰਤੂ ਆਪਣੇ ਸ਼ੁੱਧ-ਸਰੂਪ ਵਿਚ 'ਅਧਿਆਤਮ' ਉਹ ਅਨੁਭੂਤੀ/ਪ੍ਰਤੀਤੀ ਹੈ ਜਿਹੜੀ ਆਤਮਾ ਨੂੰ ਉਸ ਜੋਤਿ ਸਰੂਪ ਪਰਮਾਤਮਾ ਦੇ ਦਰਜ-ਪਰਸ ਕਰਕੇ ਨੂਰੋ-ਨੂਰ ਹੋ ਜਾਣ ਪਿਛੋਂ ਹੁੰਦੀ ਹੈ ।[12] ਅਜਿਹੀ ਅਕਸਥਾ ਵਿਚ ਪੁੱਜ ਕੇ ਆਤਮਾ ਸ਼ਬਦ ਦੇ 'ਅਨਹਦ ਨਾਦ' ਨੂੰ ਸੁਣਦੀ ਤੇ 'ਇਸ ਦੇ ਨੂਰੀ ਪ੍ਰਕਾਸ਼' ਨੂੰ ਵੇਖਦੀ ਹੈ । ਇਸ ਅਵਸਥਾ ਨੂੰ ਸੰਤਾਂ, ਭਗਤਾਂ, ਸੂਫ਼ੀਆਂ ਤੇ ਸਾਧਕਾਂ ਨੇ ਆਪਣੀਆਂ ਕਾਵਿ-ਕਿਰਤਾਂ ਵਿਚ ਬੜੇ ਰਹੱਸਵਾਦੀ ਤੇ ਅਨੂਠੇ ਢੰਗ ਨਾਲ ਅਭਿਵਿਅਕਤ ਕੀਤਾ ਹੈ । ਭਾਈ ਵੀਰ ਸਿੰਘ ਇਕ ਅਜਿਹਾ ਅਧਿਆਤਮਵਾਦੀ ਕਵੀ ਹੈ ਜੋ ਆਪਣੇ ਯੁਗ ਦੀਆਂ ਪਰਿਸਥਿਤੀਆਂ ਅਤੇ ਪਰਿਵੇਸ਼ ਵਿਚ ਆਪਣੇ ਆਪ ਨੂੰ ਅਜਨਬੀ ਮਹਿਸੂਸ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਅਜਨਬੀਅਤ ਦੇ ਇਹਸਾਸ ਨੂੰ ਉਹ ਦੋ ਵਿਧੀਆਂ ਦੁਆਰਾ ਅਭਿਵਿਅਕਤ ਕਰਦਾ ਹੈ—ਆਤਮ ਸੰਬੋਧਨ/ਆਤਮ ਆਦੇਸ਼ ਦੁਆਰਾ ਅਤੇ ਬੌਧਿਕ ਵਿਅੰਗ ਦੇ ਪ੍ਰਯੋਗ ਦੁਆਰਾ। ਦੋਵੇਂ ਕਾਵਿ-ਵਿਧੀਆਂ ਉਸ ਨੂੰ ਇਕ ਰਵਾਇਤੀ ਜਾਂ ਰੂੜ੍ਹੀਵਾਦੀ ਕਵੀ ਨਾਲੋਂ ਆਧੁਨਿਕ ਕਵੀ ਦੇ ਬਹੁਤ ਨੇੜੇ ਲੈ ਆਉਂਦੀਆਂ ਹਨ। ਨਿਮਨ ਲਿਖਿਤ ਕਾਵਿ ਪੰਕਤੀਆਂ ਵਿਚ ਉਸ ਨੇ ਇਨ੍ਹਾਂ ਦੋਹਾਂ ਵਿਧੀਆਂ ਦਾ ਪ੍ਰਯੋਗ ਬੜੀ ਸਟੀਕਤਾ ਨਾਲ ਕੀਤਾ ਹੈ :

ਤੇਰਾ ਥਾਉਂ ਕਿਸੇ ਨਦੀ ਕਿਨਾਰੇ,
ਤੇਰਾ ਥਾਉਂ ਕਿਸੇ ਜੰਗਲ ਬੇਲੇ।
ਤੇਰੇ ਭਾਗਾਂ ਵਿਚ ਅਰਸ਼ਾਂ ਤੇ ਉੱਡਣਾ
ਤੇ ਗਾਂਦਿਆਂ ਫਿਰਨ ਅਕੇਲੇ।
ਤੇਰਾ ਜੀਵਨ ਸੀਗਾ ਤੇਰੇ ਹੀ ਜੋਗਾ
ਤੂੰ ਆਪੇ 'ਆਪੇ' ਨਾਲ ਖੇਲੇਂ,
ਤੂੰ ਕਿਵੇਂ ਰੌਲਿਆਂ ਵਿਚ ਆ ਖਲੋਤੀ
ਤੇਰੇ ਚਾਰ ਚੁਫ਼ੇਰੇ ਝਮੇਲੇ।

(ਮੇਰੀ ਜਿੰਦੇ)

ਧੋਬੀ ਕੱਪੜੇ ਧੋਂਦਿਆਂ
ਵੀਰਾ ! ਹੋ ਹੁਸ਼ਿਆਰ !
ਪਿਛਲੇ ਪਾਸਿਉਂ ਆ ਰਿਹਾ
ਮੂੰਹ ਅੱਡੀ ਸੰਸਾਰ।

(ਲਹਿਰ ਹੁਲਾਰੇ, ਪੰਨਾ 74)

ਭਾਈ ਵੀਰ ਸਿੰਘ ਦੀ ਤੁਲਣਾ ਵਿਚ ਪ੍ਰੋ. ਪੂਰਨ ਸਿੰਘ ਦੇ ਕਾਵਿ ਵਿਚ ਆਧੁਨਿਕਤਾ ਦਾ ਰੰਗ ਵਧੇਰੇ ਸੰਘਣਾ ਅਤੇ ਸਪਸ਼ਟ ਹੈ। ਆਪਣੇ ਆਲੇ-ਦੁਆਲੇ ਵਿਚ ਵਿਆਪਤ ਹੁੰਦੀ ਜਾ ਰਹੀ ਪੂੰਜੀਵਾਦੀ ਜ਼ੇਹਨੀਅਤ ਪ੍ਰਤੀ ਆਪਣਾ ਆਕ੍ਰੋਸ਼/ਰੋਸ ਉਹ ਵਧੇਰੇ ਦ੍ਰਿੜਤਾ ਨਾਲ ਪ੍ਰਗਟ ਕਰਦਾ ਹੈ। ਉਦਾਹਰਣ ਲਈ :

ਸਸਤੇ ਮੁੱਲ ਨਾ ਵਿਕੀਂ ਲਾਲਾ
ਧੁਪਾਂ ਵਿਚ ਨਾ ਰਲਾਈਂ ਆਪਾ
ਖੰਡ ਖੰਡ ਵੰਡ ਨਾ ਆਪਣਾ ਆਪ ਤੂੰ
ਸੋਹਣਿਆਂ ਮੁੱਲ ਪਾ ਤੂੰ ਆਪਣਾ।

(ਮੁੱਲ ਪਾ ਤੂੰ ਆਪਣਾ)

ਅਧਿਆਤਮਵਾਦੀ ਕਾਵਿ ਪਰੰਪਰਾ ਦਾ ਮੁਲਅੰਕਣ ਕਰਦਾ ਹੋਇਆ ਡਾ. ਚਰਨ ਸਿੰਘ ਗਿੱਲ ਲਿਖਦਾ ਹੈ "ਇਸ ਕਾਵਿ ਪ੍ਰਵਿਰਤੀ ਦੀ ਪੰਜਾਬੀ ਕਵਿਤਾ ਨੂੰ ਵਿਸ਼ੇਸ਼ ਦੇਣ ਹੈ। ਇਸ ਪ੍ਰਵਿਰਤੀ ਦੇ ਕਵੀ ਨੂੰ ਗੁਰੂਆਂ ਤੋਂ ਬਾਅਦ ਪਹਿਲੀ ਵਾਰ ਪੰਜਾਬੀ ਕਵਿਤਾ ਨੂੰ ਗੰਭੀਰ ਵਿਚਾਰਾਂ ਤੇ ਡੂੰਘੇ ਅਨੁਭਵ ਦਾ ਮਾਧਿਅਮ ਬਣਾਇਆ। ਇਨ੍ਹਾਂ ਕਵੀਆਂ ਨੇ ਮਨੁੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਧਰਮ ਦੇ ਆਤਮਿਕਤਾ ਵਾਲੇ ਉੱਚੇ ਪੱਖ ਨਾਲ ਜੁੜਨ ਦੀ ਸਿਖਿਆ ਦੇ ਕੇ ਮਨੁੱਖਤਾ ਦੇ ਕਵੀ ਹੋਣ ਦਾ ਸਬੂਤ ਦਿੱਤਾ ।...ਇਹ ਕਵੀ, ਵਿਗਿਆਨਕ ਯੁੱਗ ਦੇ ਪ੍ਰਭਾਵ ਹੇਠ ਸੁਆਰਥੀ ਹੋਏ ਤੇ ਪੈਸੇ ਪਿੱਛੇ ਪਏ ਮਨੁੱਖ ਨੂੰ ਆਤਮਿਕ ਸੁਨੇਹੇ ਰਾਹੀਂ ਝੰਜੋੜ ਕੇ ਜਗਾਉਂਦੇ ਹਨ । ਇਹ ਕਵਿਤਾ ਕੇਵਲ ਇਨ੍ਹਾਂ ਕਵੀਆਂ ਦੀ ਆਤਮਿਕ ਸ਼ੁੱਧੀ ਅਤੇ ਰਹੱਸਵਾਦੀ ਅਨੁਭਵ ਤੱਕ ਹੀ ਸੀਮਿਤ ਨਹੀਂ ਸਗੋਂ ਇਸ ਦੇ ਨਾਲ ਇਨ੍ਹਾਂ ਕਵੀਆਂ ਨੇ ਯੁਗ ਚੇਤਨਾ ਦੇ ਪ੍ਰਭਾਵ ਨੂੰ ਵੀ ਕਬੂਲਿਆ ਹੈ ।[13]

ਰੋਮਾਂਟਿਕ ਕਾਵਿ ਧਾਰਾ

ਪੂੰਜੀਵਾਦੀ ਨਿਜ਼ਾਮ ਦੇ ਨਿਸ਼ਠੁਰ ਵਿਵਹਾਰ ਵਿਰੁੱਧ ਪ੍ਰੋਟੈਸਟ ਕਰਨ ਵਾਲੀ ਪਹਿਲੀ ਸਾਹਿਤਿਕ ਲਹਿਰ 'ਰੋਮਾਂਟਿਕ' ਹੀ ਹੈ । ਸਨਅਤੀ ਇਨਕਲਾਬ ਦੇ ਫਲਸਰੂਪ ਵੱਡੇ-ਵੱਡੇ ਉਦਯੋਗਿਕ ਕੇਂਦਰ ਹੋਂਦ ਵਿਚ ਆਏ । ਰੋਜ਼ੀ-ਰੋਟੀ ਦੀ ਤਲਾਸ਼ ਵਿਚ ਬਹੁਤ ਸਾਰੇ ਕਿਰਤੀ ਆਪਣੇ ਆਪਣੇ ਪਿੰਡਾਂ ਨੂੰ ਛੱਡ ਕੇ ਇਨ੍ਹਾਂ ਕੇਂਦਰਾਂ ਉਤੇ ਆਣ ਵੱਸੇ । ਸ਼ਹਿਰਾਂ ਦੀਆਂ ਨਿਉਨ-ਬੱਤੀਆਂ, ਸੜਕਾਂ ਅਤੇ ਕਮਰਿਆਂ ਨੇ ਇਨ੍ਹਾਂ ਲੋਕਾਂ ਨੂੰ ਆਪਣੇ-ਆਪਣੇ ਘਰਾਂ ਨੂੰ ਜਾਂਦੀਆਂ ਪਗਡੰਡੀਆਂ ਅਤੇ ਨਿੱਘੀਆਂ ਰਸੋਈਆਂ ਦੀ ਯਾਦ ਦਿਵਾਈ । ਇਸ ਯਾਦ ਵਿਚੋਂ ਹੀ 'ਪ੍ਰਕ੍ਰਿਤੀ ਵੱਲ ਵਾਪਸੀ' ਦਾ ਸੰਕਲਪ ਪੈਦਾ ਹੋਇਆ । ਸ਼ਹਿਰਾਂ ਵਿਚ ਆ ਵੱਸੇ ਇਨ੍ਹਾਂ ਕਿਰਤੀਆਂ ਨੂੰ ਆਪਣੀ ਸੁਨਾਖਤ ਗੁੰਮ ਜਾਣ ਦਾ ਖਤਰਾ ਵੀ ਮੌਜੂਦ ਦਿਸਿਆ । ਸਿੱਟੇ ਵਜੋਂ ਆਪੇ ਉਤੇ ਬਲ ਦੇਣ ਦਾ ਸਾਹਿਤਿਕ ਮੁਹਾਵਰਾ ਸ਼ੁਰੂ ਹੋਇਆ । ਸੰਸਕ੍ਰਿਤੀ ਦੇ ਵਿਰੋਧ ਵਿਚ ਪ੍ਰਕ੍ਰਿਤੀ ਨੂੰ ਚੁਣਨ ਦਾ ਸਵਾਲ ਵੀ ਇਸੇ ਵਸਤੂ-ਸਥਿਤੀ ਵਿਚੋਂ ਪੈਦਾ ਹੋਇਆ । ਅੰਗ੍ਰੇਜ਼ੀ ਸਾਹਿੱਤ ਦੇ ਖੇਤਰ ਵਿਚ ਵਰਡਜ਼ ਵਰਥ, ਸ਼ੈਲੀ, ਕੀਟਸ ਅਤੇ ਬਾਇਰਨ ਵਰਗੇ ਕਵੀਆਂ ਨੇ ਰੁਮਾਟਿਕ ਕਾਵਿ ਦੀ ਪ੍ਰਵਿਰਤੀ ਨੂੰ ਇਕ ਕ੍ਰਾਂਤੀਸ਼ੀਲ ਕਾਵਿ ਧਾਰਾ ਵਜੋਂ ਸਥਾਪਿਤ ਕਰਨ ਦੀ ਇਕ ਮਹੱਤਵਪੂਰਨ ਪਰੰਤੂ ਸੀਮਿਤ ਕੋਸ਼ਿਸ਼ ਜਾਰੀ ਰੱਖੀ ।

ਪੰਜਾਬੀ ਕਵਿਤਾ ਵਿਚ ਰੋਮਾਂਟਿਕ ਕਾਵਿ ਧਾਰਾ ਦੇ ਬੀਜ ਸਾਨੂੰ ਭਾਈ ਵੀਰ ਸਿੰਘ (ਬਨਫ਼ਸ਼ਾ ਦਾ ਫੁੱਲ) ਅਤੇ ਪ੍ਰੋ. ਪੂਰਨ ਸਿੰਘ (ਜਵਾਨ ਪੰਜਾਬ ਦੇ, ਪੰਜਾਬ ਦੀ ਅਹੀਰਣ ਇਕ ਗੋਹੇ ਥੱਪਦੀ, ਸੋਹਣਿਆਂ ਮੁੱਲ ਪਾ ਤੂੰ ਆਪਣਾ) ਵਿਚ ਮਿਲ ਜਾਂਦੇ ਹਨ । ਪਰੰਤੂ ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਨੇ ਇਸ ਕਾਵਿ-ਪ੍ਰਵਿਰਤੀ ਦੇ ਗੁਣ-ਲੱਛਣ ਵਧੇਰੇ ਸਫ਼ਲਤਾ ਨਾਲ ਉਭਾਰੇ । ਇਨ੍ਹਾਂ ਕਵੀਆਂ ਦੇ ਰੋਮਾਂਸਵਾਦੀ ਕਾਵਿ ਦੇ ਪ੍ਰਮੁੱਖ ਲੱਛਣ ਇਹ ਹਨ : ਜੀਵਨ ਪ੍ਰਤੀ ਵਿਅਕਤੀਗਤ ਦ੍ਰਿਸ਼ਟੀਕੋਣ, ਸੰਸਕ੍ਰਿਤੀ ਦੇ ਬੰਧਨਾਂ ਦਾ ਵਿਰੋਧ, ਕਲਪਨਾ ਦੀ ਅਧਿਕਤਾ, ਅਤੀਤ ਪ੍ਰਤੀ ਮੋਹ, ਏਂਦ੍ਰਿਕ-ਉਤੇਜਨਾ ਅਤੇ ਆਪਣੇ ਆਪੇ ਵਿਚ ਆਸਥਾ । ਇਨ੍ਹਾਂ ਲੱਛਣਾਂ ਨੂੰ ਮੂਰਤੀਮਾਨ ਕਰਦੀਆਂ ਹੋਈਆਂ ਕੁਝ ਇਕ ਕਾਵਿ-ਪੰਕਤੀਆਂ ਪੇਸ਼ ਹਨ :

ਪਾਗ਼ਲ ਜਿਹਾ ਵਹਿਸ਼ੀ ਜਿਹਾ
ਇਹ ਚਾਅ ਮੇਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖੇ ਨਾ ਲੱਗਦਾ
ਨੇਮਾਂ ਵਿਚ ਨਾ ਬੱਝਦਾ ।

—ਪ੍ਰੋ. ਪੂਰਨ ਸਿੰਘ

ਮੈਨੂੰ ਤੇ ਜੇ ਰੱਬ ਵੀ ਆਖੇ
ਆ ਮੇਰੇ ਚੌੜੇਪਣ ਵਿਚ ਰਲ ਜਾ
ਕਦੀ ਨਾ ਰਲਾਂ
ਵੱਖ ਹੀ ਖਲਾਂ ।

—ਪ੍ਰੋ. ਮੋਹਨ ਸਿੰਘ

ਮੈਂ ਨਦੀ ਬਣਾਂ ਤੂੰ ਚੰਨ ਬਣੀਂ
ਮੈਂ ਨਦੀ ਬਣਾਂ ਤੈਨੂੰ ਸੱਦ ਲਵਾਂ
ਤੂੰ ਚੰਨ ਬਣੀਂ ਮੈਨੂੰ ਖਿੱਚ ਲਵੀਂ ।
ਤੂੰ ਰਿਸ਼ਮਾਂ ਸੁੱਟ ਲਮਕਾ ਦੇਵੀਂ ।

—ਅੰਮ੍ਰਿਤਾ ਪ੍ਰੀਤਮ

ਰੋਮਾਂਸਵਾਦੀ ਕਾਵਿ ਧਾਰਾ ਦੇ ਵਿਗਠਨ ਦਾ ਸਭ ਤੋਂ ਵੱਡਾ ਕਾਰਣ ਇਸ ਦਾ ਅਤਿਅੰਤ ਨਿੱਜੀ ਅਤੇ ਵਿਤਰੇਕਵਾਦੀ ਹੋਣਾ ਹੈ । ਕਵੀ ਜਨ ਆਪਣੇ ਨਿੱਜਤਵ ਦੇ ਪ੍ਰਗਟਾਵੇ ਅਤੇ ਪ੍ਰਦਰਸ਼ਨ ਤਕ ਹੀ ਸੀਮਿਤ ਹੋ ਕੇ ਰਹਿ ਗਏ । ਸਿੱਟੇ ਵਜੋਂ ਇਹ ਕਾਵਿ ਧਾਰਾ ਜਨ ਸਮੂਹ ਤੋਂ ਟੁੱਟਦੀ ਚਲੀ ਗਈ । ਪਰੰਤੂ ਉਨ੍ਹੀਵੀ ਸਦੀ ਵਿਚ ਰਚੀ ਗਈ ਸਮੁੱਚੀ ਪੱਛਮੀ ਕਵਿਤਾ ਦਾ ਮੁੱਖ ਸੁਰ ਰੋਮਾਂਟਿਕ ਹੀ ਰਿਹਾ ਹੈ । ਪੰਜਾਬੀ ਸਾਹਿਤ ਵਿਚ ਰੋਮਾਂਟਿਕ ਕਵਿਤਾ ਦੀ ਸ਼ੁਰੂਆਤ ਦੇ ਐਨ ਨਾਲ ਹੀ ਇਥੇ 'ਤਰੱਕੀ ਪਸੰਦ ਅਦਬ' ਬਾਰੇ ਚਰਚਾ ਹੋਣ ਲੱਗੀ । 1936 ਈ. ਵਿਚ ਕੁਲ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੀ ਪਹਿਲੀ ਕਾਨਫਰੰਸ ਲਖਨਊ ਵਿਖੇ ਹੋਈ । ਇਸ ਕਾਨਫਰੰਸ ਦੀ ਸਦਾਰਤ ਮੁਨਸ਼ੀ ਪ੍ਰੇਮ ਚੰਦ ਨੇ ਕੀਤੀ ਅਤੇ ਇਸ ਵਿਚ ਸ਼ਾਮਿਲ ਸਾਰੇ ਸਾਹਿੱਤਕਾਰਾਂ ਨੇ ਇਹ ਅਹਿਦ ਲਿਆ ਕਿ ਉਹ ਆਪਣੀਆਂ ਰਚਨਾਵਾਂ ਦਾ ਰੁਖ ਜਨ ਸਾਧਾਰਣ ਦੀਆਂ ਸਮੱਸਿਆਵਾਂ ਵੱਲ ਕਰਨਗੇ । ਸਜਾਦ ਜ਼ਹੀਰ, ਫ਼ੈਜ਼ ਅਤੇ ਮੁਲਖ ਰਾਜ ਆਨੰਦ ਵਰਗੇ ਲੇਖਕਾਂ ਨੇ ਸਾਹਿੱਤ ਅਤੇ ਸਮਾਜ ਦੇ ਅਟੁੱਟ ਸੰਬੰਧਾਂ ਦੀ ਪੇਸ਼ਕਾਰੀ ਕਰਨ ਵਾਲੀਆਂ ਪ੍ਰਗਤੀਸ਼ੀਲ ਰਚਨਾਵਾਂ ਕਹਿਣੀਆਂ ਸ਼ੁਰੂ ਕਰ ਦਿੱਤੀਆਂ । ਮੁਹੰਮਦ ਦੀਨ ਤਾਸੀਰ ਅਤੇ ਸੰਤ ਸਿੰਘ ਸੇਖੋਂ ਜਹੇ ਅਦੀਬਾਂ ਨੇ ਪੰਜਾਬੀ ਸਾਹਿੱਤਕਾਰਾਂ ਨੂੰ ਵੀ ਇਸ ਤਹਿਰੀਕ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ । ਸਿੱਟੇ ਵਜੋਂ ਪੰਜਾਬੀ ਵਿਚ ਰੋਮਾਂਸਵਾਦੀ ਕਾਵਿ ਧਾਰਾ ਆਪਣੇ ਉਤਕਰਸ਼ ਤੇ ਪੁੱਜਣ ਤੋਂ ਪਹਿਲਾਂ ਹੀ ਪ੍ਰਗਤੀਵਾਦ ਵਲ ਝੁਕ ਗਈ ਅਤੇ ਇਉਂ ਆਧੁਨਿਕ ਪੰਜਾਬੀ ਕਾਵਿ ਧਾਰਾ ਵਿਚ ਪ੍ਰਗਤੀਵਾਦ ਦਾ ਜਨਮ ਹੋਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਗਤੀਵਾਦੀ ਕਾਵਿ ਧਾਰਾ

ਪ੍ਰਗਤੀਵਾਦੀ ਕਾਵਿ ਧਾਰਾ, ਆਧੁਨਿਕ ਪੰਜਾਬੀ ਕਵਿਤਾ ਦੀ ਪਹਿਲੀ ਸੁਚੇਤ ਕਾਵਿ ਧਾਰਾ ਹੈ ਜੋ ਮਾਰਕਸਵਾਦੀ ਵਿਸ਼ਵ-ਦਰਸ਼ਨ ਦੇ ਵਿਆਪਕ ਪ੍ਰਭਾਵ ਅਧੀਨ ਯਥਾਰਥ ਪ੍ਰਤੀ ਦਵੰਦਾਤਮਕ ਪਦਾਰਥਵਾਦ ਦੀ ਦ੍ਰਿਸ਼ਟੀ ਨੂੰ ਆਪਣੇ ਕਲਾਤਮਕ ਅਭਿਵਿਅੰਜਨ ਦਾ ਆਧਾਰ ਬਣਾਉਣ ਦਾ ਸੰਕਲਪ ਕਰਦੀ ਨਜ਼ਰ ਆਉਂਦੀ ਹੈ।[14] ਸੰਸਾਰ ਦੀ ਕ੍ਰਾਂਤੀਸ਼ੀਲ ਨਵ-ਉਸਾਰੀ ਦਾ ਸੰਕਲਪ, ਦਵੰਦਾਤਮਕ ਪਦਾਰਥਵਾਦ ਨੂੰ ਪੁਰਾਣੇ ਦਰਸ਼ਨ ਤੋਂ ਨਖੇੜਦਾ ਹੈ ਜੋ ਆਪਣੇ ਆਪ ਨੂੰ ਸੰਸਾਰ ਦੀ ਦਾਰਸ਼ਨਿਕ ਵਿਆਖਿਆ ਤਕ ਹੀ ਸੀਮਿਤ ਰੱਖਦਾ ਸੀ। ਆਪਣੇ ਇਸ ਗਤੀਸ਼ੀਲ ਰੂਪ ਵਿਚ ਦਵੰਦਾਤਮਕ ਪਦਾਰਥਵਾਦ, ਸਮਾਜਕ ਜੀਵਨ ਦੇ ਅੰਤਰਗਤ ਵਿਆਪ ਰਹੇ ਵਿਰੋਧਾਂ ਨੂੰ ਵੱਖ-ਵੱਖ ਵਰਗਾਂ ਦੇ ਆਪਸੀ ਤਣਾਉ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ। ਇਹ ਸੰਬਾਦਕ ਤਣਾਉ ਹੀ ਯਥਾਰਥ ਦੀ ਇਤਿਹਾਸਕ ਗਤੀ ਦੀ ਮੂਲ ਪ੍ਰੇਰਕ ਸ਼ਕਤੀ ਹੈ। ਇਸ ਤਰ੍ਹਾਂ :

> ਦਵੰਦਾਤਮਕ ਪਦਾਰਥਵਾਦ ਕੁਦਰਤ, ਮਨੁੱਖੀ ਸਮਾਜ ਤੇ ਚਿੰਤਨ ਦੇ ਦ੍ਰਿਸ਼-ਪ੍ਰਪੰਚਾਂ ਦੀ ਗੁੰਝਲਦਾਰ ਜਟਿਲਤਾ ਨੂੰ ਆਪਣੀ ਲਪੇਟ ਵਿਚ ਲੈਂਦਾ ਤੇ ਯਥਾਰਥ ਦੀ ਵਿਆਖਿਆ ਤੇ ਵਿਸ਼ਲੇਸ਼ਣ ਦੀ ਆਪਣੀ ਦਾਰਸ਼ਨਿਕ ਵਿਧੀ ਨੂੰ ਸੰਸਾਰ ਦੀ ਹਾਂ-ਮੁਖੀ ਕ੍ਰਾਂਤੀਸ਼ੀਲ ਪੁਨਰ-ਉਸਾਰੀ ਦੇ ਵਿਚਾਰ ਨਾਲ ਜੋੜਦਾ ਹੋਇਆ ਇਕ ਅਤਿਅੰਤ ਪ੍ਰਭਾਵਸ਼ਾਲੀ ਦਾਰਸ਼ਨਿਕ ਸੰਸਲੇਸ਼ਣ ਦੇ ਰੂਪ ਵਿਚ ਸਾਹਮਣੇ ਆਇਆ।[15]

ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਪ੍ਰਿਸ਼ਟ-ਭੂਮੀ ਵਿਚ ਸ਼੍ਰੇਣੀ-ਸੰਘਰਸ਼ ਦੀ ਵਿਚਾਰਧਾਰਾ ਸੁਤੰਤਰਤਾ-ਅੰਦੋਲਨ ਦਾ ਇਕ ਗਤੀਸ਼ੀਲ ਵਿਸਤਾਰ ਬਣ ਕੇ ਉਦੈ ਹੋਈ। ਇਸੇ ਭੂਮਿਕਾ ਵਿਚ ਜਦ 1936 ਈ. ਵਿਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਹੋਈ ਤਾਂ ਉਸ ਵਿਚ ਕਿਰਤੀ ਕਿਸਾਨ ਵਰਗਾਂ ਦੀ ਚੇਤੰਨਤਾ ਅਤੇ ਸੰਘਰਸ਼ ਦੇ ਸਮੁੱਚੇ ਸੰਦਰਭ ਨੂੰ ਭਾਰਤੀ ਰਾਸ਼ਟਰਵਾਦੀ ਅੰਦੋਲਨ ਦੇ ਸਾਮਰਾਜੀ ਵਿਰੋਧ ਦੇ ਵਿਆਪਕ ਪਰਿਪੇਖ ਵਿਚ ਹੀ ਰੱਖਿਆ ਗਿਆ। ਪ੍ਰੋਫੈਸਰ ਸੰਤ ਸਿੰਘ ਸੇਖੋਂ ਦੇ ਕਥਨ ਅਨੁਸਾਰ, ''ਉਸ ਸਮੇਂ ਭਾਰਤ ਦੇ ਸਾਰੇ ਭਾਗਾਂ ਵਿਚ ਬੁੱਧੀਜਨਾਂ, ਚਿੰਤਕਾਂ, ਕਲਾਕਾਰਾਂ ਤੇ ਸਾਹਿਤਕਾਰਾਂ ਨੇ ਯਥਾਰਥਵਾਦੀ ਰੁਚੀ ਨੂੰ ਗ੍ਰਹਿਣ ਕੀਤਾ ਅਤੇ ਇਹ ਅਨੁਭਵ ਕਰਕੇ ਕਿ ਇਹ ਰੁਚੀ ਸਾਡੇ ਦੇਸ਼ ਨੂੰ ਠੀਕ ਪ੍ਰਗਤੀ ਵੱਲ ਲੈ ਜਾਵੇਗੀ, ਆਪਣੀ ਯਰਾਰਥਵਾਦੀ ਭਾਵਨਾ ਨੂੰ ਪ੍ਰਗਤੀਵਾਦ ਦਾ ਨਾਮ ਦਿੱਤਾ।[16]

ਪ੍ਰਗਤੀਸ਼ੀਲ ਲੇਖਕ ਸੰਘ ਦੇ ਪਹਿਲੇ ਸੰਮੇਲਨ ਦੇ ਪ੍ਰਧਾਨਗੀ ਭਾਸ਼ਣ ਵਿਚ ਮੁਨਸ਼ੀ ਪ੍ਰੇਮ ਚੰਦ ਨੇ ਪ੍ਰਗਤੀਸ਼ੀਲ ਸਾਹਿੱਤ ਦੇ ਉਦੇਸ਼ਾਂ ਅਤੇ ਮਨੋਰਥਾਂ ਦੀ ਰੂਪ-ਰੇਖਾ ਨਿਮਨ ਸ਼ਬਦਾਂ ਵਿਚ ਅੰਕਿਤ ਕੀਤੀ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡੇ ਲਈ ਹੁਣ ਅਜਿਹੇ ਸਾਹਿੱਤ ਦੀ ਰਚਨਾ ਕਰਨੀ ਅਵੱਸ਼ਕ ਹੈ ਜੋ ਡੂੰਘਾਈ ਸੁਤੰਤਰ ਪ੍ਰੇਮ, ਸੁਹਜ ਭਾਵਨਾ, ਰਚਨਾਤਮਕ ਚੇਤਨਾ ਅਤੇ ਯਥਾਰਥ ਦੀ ਸਿਹਤ ਨਾਲ ਅਨੁਪ੍ਰਾਣਿਤ ਹੋਵੇ। ਸਾਡੇ ਸਾਹਿੱਤ ਲਈ ਸਾਡੇ ਅੰਦਰ ਸ਼ੁਕਰੀ ਨੂੰ ਜਗਾਣਾ, ਵਾਤਾਵਰਣ ਨੂੰ ਵਿਦਰੋਹ ਅਤੇ ਬੇਚੈਨੀ ਨਾਲ ਭਰਪੂਰ ਕਰਨਾ ਆਵੱਸ਼ਕ ਹੈ, ਨਾ ਕਿ ਸਾਨੂੰ ਲੋਰੀ ਦੇ ਕੇ ਸੁਆਣਾ। ਕਿਉਂਕਿ ਸਾਡੇ ਲਈ ਨੀਂਦ ਦਾ ਅਰਥ ਹੈ, ਮੌਤ।'[17]

8126

ਪੰਜਾਬੀ ਦੀ ਪ੍ਰਗਤੀਵਾਦੀ ਕਵਿਤਾ ਦੇ ਅਧਿਐਨ ਤੋਂ ਇਸ ਕਾਵਿ ਧਾਰਾ ਦੇ ਇਕ ਵਿਸ਼ੇਸ਼ ਕਾਵਿ-ਸ਼ਾਸਤਰ ਦਾ ਵੀ ਗਿਆਨ ਹੁੰਦਾ ਹੈ। ਇਥੇ ਕਵੀ ਆਪਣੇ ਆਪ ਨੂੰ ਸਿਆਸੀ ਫ਼ਿਲਾਸਫ਼ਰ ਸਮਝਦਾ ਹੈ ਅਤੇ ਆਪਣੀ ਫ਼ਿਲਾਸਫ਼ੀ ਨੂੰ ਯੁਗ ਪਰਿਵਰਤਨ ਦੇ ਮਨੋਰਥ ਹਿੱਤ ਪ੍ਰਯੋਗ ਵਿਚ ਲਿਆਉਂਦਾ ਹੈ।[18] ਪਰ ਉਹ ਉਪਦੇਸ਼ਕ ਜਾਂ ਗੁਰੂ ਨਹੀਂ ਕਿਉਂਕਿ ਉਹ ਆਪਣੇ ਪਾਠਕਾਂ ਨੂੰ ਆਪਣੇ ਸ਼ਿਸ਼ਾਂ ਦੇ ਰੂਪ ਵਿਚ ਬਲਕਿ ਆਪਣੇ 'ਸਾਥੀ' ਦੇ ਰੂਪ ਵਿਚ ਵੇਖਦਾ ਹੈ। ਉਹ ਇਕ ਵਿਸ਼ੇਸ਼ ਵਰਗ, ਵਿਸ਼ੇਸ਼ ਯੁਗ ਦਰਸ਼ਨ ਨਾਲ ਪ੍ਰਤੀਬੱਧ ਹੋ ਕੇ ਲਿਖਦਾ ਹੈ। ਉਹ ਆਪਣੇ ਪਾਠਕ/ਸਰੋਤੇ ਦੀ ਭਾਵ ਸ਼ੁੱਧੀ ਜਾਂ ਉਸ ਦੇ ਵਿਅਕਤੀਗਤ ਸੁਧਾਰ ਲਈ ਕਵਿਤਾ ਨਹੀਂ ਲਿਖਦਾ, ਉਹ ਇਸ ਗਲੋਂ ਚੇਤੰਨ ਹੈ ਕਿ ਪਾਠਕ ਕਵਿਤਾ ਸੁਣ ਕੇ ਨਹੀਂ ਸੁਧਾਰ ਸਕਦਾ। ਆਪਣੀਆਂ ਤਤਕਾਲੀਨ ਪਰਿਸਥਿਤੀਆਂ ਨੂੰ ਮੂੱਢੋ-ਸੁੱਢੋਂ ਤਬਦੀਲ ਕਰਨ ਦੇ ਅਮਲ ਵਿਚ ਹੀ ਸੁਧਾਰ ਸਕਦਾ ਹੈ, ਇਸ ਲਈ ਉਹ ਆਪਣੇ ਆਪ ਨੂੰ ਜੂਝਦੇ ਪਾਠਕ ਦੇ ਹਰ ਵੇਲੇ ਨਾਲ ਮਹਿਸੂਸ ਕਰਦਾ ਹੈ ਤੇ ਕਈ ਹਾਲਤਾਂ ਵਿਚ ਅਮਲੀ ਰੂਪ ਵਿਚ ਨਾਲ ਹੁੰਦਾ ਵੀ ਹੈ।

ਪ੍ਰਗਤੀਵਾਦੀ ਕਾਵਿ ਵਿਚ ਧਰਮ ਦਾ ਨਕਾਰਣ ਨਾਂਹਵਾਦੀ (nihilistic) ਨਹੀਂ ਸਗੋਂ ਜੀਵਨ ਦੇ ਜਿਨ੍ਹਾਂ ਸੰਕਟਾਂ ਦਾ ਹੱਲ ਤੇ ਜਿਨ੍ਹਾਂ ਇੱਛਾਵਾਂ ਦੀ ਪੂਰਤੀ ਰਹੱਸਵਾਦੀ ਕਵੀ ਧਰਮ-ਚਿੰਤਨ, ਧਰਮ-ਸਾਧਨਾ ਦੇ ਧਰਮ-ਯੁੱਧ ਵਿਚੋਂ ਲੱਭਦਾ ਰਿਹਾ ਹੈ, ਉਨ੍ਹਾਂ ਦੇ ਅਜੋਕੇ ਰੂਪ ਨੂੰ ਪ੍ਰਗਤੀਵਾਦੀ ਕਵੀ ਨਵੀਂ ਕਾਵਿ ਦ੍ਰਿਸ਼ਟੀ ਤੋਂ ਸੋਚਦਾ-ਵਿਚਾਰਦਾ ਰਿਹਾ ਹੈ ਅਤੇ ਸਮੁੱਚੀ ਧਰਮ-ਪਰੰਪਰਾ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ।[19] ਇਹ ਨਵੀਂ ਦ੍ਰਿਸ਼ਟੀ ਧਰਮ-ਨਿਰਪੇਖ ਵੀ ਹੈ ਅਤੇ ਧਰਮ-ਨਿਰਪੱਖ ਵੀ। ਦੇਖੋ :

ਆਓ ਕਿੱਸਾ ਛੇੜੀਏ ਮਨਸੂਰ ਤੇ ਸੂਲੀ ਦਾ ਫਿਰ
ਗੱਲ ਨਾ ਐਵੇਂ ਜ਼ੁਲਫ਼ ਦੀ ਲਮਕਾਈ ਜਾਈਏ ਸਾਥੀਓ।
ਆਓ ਬਹਿ ਕੇ ਸਰਬ ਲੋਹ ਦੇ ਅਰਥ ਮੁੜ ਵਾਚੀਏ
ਪਹੁਲ ਖੰਡੇਧਾਰ ਮੁੜ ਚਖੀਏ ਚਖਾਈਏ ਸਾਥੀਓ।
ਉਠੋ ਦੁਰਗਾ ਵਾਂਗਰਾਂ ਮਹਿਖਾਸੁਰਾਂ ਨੂੰ ਸੋਧੀਏ
ਚੰਡਮੁੰਡਾਂ, ਰਕਤਬੀਜਾਂ, ਨੂੰ ਮੁਕਾਈਏ ਸਾਥੀਓ।

—ਪ੍ਰੋ. ਮੋਹਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਪਰਿਪੱਖ ਤੋਂ ਇਹ ਕਾਵਿ-ਦ੍ਰਿਸ਼ਟੀ ਧਾਰਮਿਕ ਅਥਵਾ ਆਦਰਸ਼ਵਾਦੀ ਦ੍ਰਿਸ਼ਟੀ ਦਾ ਹਾਂ-ਵਾਚੀ ਬਦਲ ਹੈ ਜਿਸ ਦਾ ਉਲੇਖ ਪ੍ਰਗਤੀਵਾਦੀ ਕਵਿਤਾ ਵਿਚ ਬਾਰ-ਬਾਰ ਹੋਇਆ ਹੈ ਤੇ ਜਿਸ ਰਾਹੀਂ ਪ੍ਰਾਕ੍ਰਿਤਿਕ ਵਰਤਾਰਿਆਂ ਤੋਂ ਲੈ ਕੇ ਸਮਾਜਕ ਵਰਤਾਰਿਆਂ ਤੱਕ ਨੂੰ ਗ੍ਰਹਿਣ ਕਰਨ ਦਾ ਯਤਨ ਕੀਤਾ ਗਿਆ ਹੈ । ਇਨ੍ਹਾਂ ਵਿਚੋਂ ਕੁਝ ਇਕ ਪ੍ਰਮੁੱਖ ਵਰਤਾਰੇ ਇਸ ਪ੍ਰਕਾਰ ਹਨ :

1. ਪ੍ਰਾਕ੍ਰਿਤਕ ਵਰਤਾਰੇ ਦੀ ਸਮਝ :

ਬੜੇ ਪੇਚ ਖਾ ਖਾ ਚਲਦੀ ਏ ਦੁਨੀਆਂ,
ਇਹ ਮਰਦੀ ਨਹੀਂ ਪਰ ਬਦਲਦੀ ਏ ਦੁਨੀਆਂ ।...
ਹੈ ਮਾਦਾ ਤੇ ਮਾਦੇ ਦੀ ਹਰਕਤ ਅਨਾਦੀ
ਅਕਲ, ਰੂਹ, ਮਨੁੱਖ ਸਭ ਨੇ ਇਸ ਦੀ ਆਬਾਦੀ ।

—ਬਾਵਾ ਬਲਵੰਤ

2. ਸਮਾਜ-ਪ੍ਰਬੰਧ, ਸ਼੍ਰੇਣੀ ਸੰਘਰਸ਼ ਤੇ ਸਮਾਜਿਕ ਪਰਿਵਰਤਨ :

ਚੇ-ਚਿਰੋਕਣੀ ਗੱਲ ਨਿਤਾਰ ਛੱਡੀ
ਕਾਰਲ ਮਾਰਕਸ ਘੋਖ ਇਤਿਹਾਸ ਤਾਈਂ ।
ਇਹ ਸਮਾਜ ਸ਼੍ਰੇਣੀ-ਸਮਾਜ ਧੁਰ ਤੋਂ
ਬਲ ਬਖਸ਼ਿਆ ਏਸ ਕਿਆਸ ਤਾਈਂ ।

—ਪਿਆਰਾ ਸਿੰਘ ਸਹਿਰਾਈ

3. ਸਮਾਜਵਾਦੀ ਅਰਥ ਵਿਵਸਥਾ ਤੇ ਸਮਾਜਵਾਦੀ ਕ੍ਰਾਂਤੀ ਦੀ ਪ੍ਰਸੰਸਾ :

ਭੌਂ ਦੇ ਪੁੱਤਰ ਭੌਂ ਦੇ ਮਾਲਕ ਬਣ ਗਏ
ਭੌਂ ਦੇ ਦੁਸ਼ਮਣ ਰੱਜ ਕੇ ਹੋਏ ਖ਼ੁਵਾਰ ।
ਹੋਇਆ ਸਰਮਾਏ ਦਾ ਮੈਖ਼ਾਨਾ ਵਿਰਾਨ
ਉਤਰਿਆ ਜਾਗੀਰਦਾਰੀ ਦਾ ਖ਼ੁਮਾਰ ।

—ਪ੍ਰੋ. ਮੋਹਨ ਸਿੰਘ

4. ਨਸਲਵਾਦ ਦਾ ਵਿਰੋਧ ਤੇ ਪ੍ਰੋਲੇਤਾਰੀ ਅੰਤਰ-ਰਾਸ਼ਟਰਵਾਦ ਦਾ ਢੰਡੋਰਾ :

ਕੀ ਹੋਇਆ ਵੱਖਰੇ ਰੰਗ ਸਾਡੇ ਪਰ ਖ਼ੂਨ ਦਾ ਰੰਗ ਤਾਂ ਇਕੋ ਹੈ
ਕੀ ਹੋਇਆ ਵੱਖ ਜ਼ਬਾਨਾਂ ਨੇ ਅਸੀਂ ਪਿਆਰ ਦੀ ਵਾਜ ਪਰਖਦੇ ਹਾਂ ।

—ਪ੍ਰੋ ਮੋਹਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. ਅਮਨ ਲਹਿਰ ਦਾ ਭਰਪੂਰ ਸਮਰਥਨ :

ਕਰੋ ਮਿਆਨਾਂ ਵਿਚ ਤਲਵਾਰਾਂ, ਠਾਕ ਦਿਓ ਰਫ਼ਲਾਂ ਦੇ ਕੁੰਦੇ
ਇਸ ਦੁਨੀਆਂ 'ਚੋਂ ਬੰਬ ਹਟਾਓ, ਇਸ ਦੁਨੀਆਂ 'ਚੋਂ ਜ਼ਹਿਰਾਂ ਚੂਸੋ।
ਇਹ ਦੁਨੀਆਂ ਤਾਂ ਬੜੀ ਪਿਆਰੀ, ਇਹ ਦੁਨੀਆਂ ਫੁੱਲਾਂ ਦੀ ਖਾਰੀ।
ਇਸ ਦੁਨੀਆਂ ਵਿਚ ਦੇਸ਼ ਸਜਨ ਦਾ, ਦੇਸ ਕਿ ਜਿਸ ਦੀ ਧੂੜ ਗੁਲਾਬੀ।
ਦੇਸ ਕਿ ਜਿਥੇ ਝੁੰਡ ਅੰਬੀਆਂ ਦੇ, ਨਿੱਕੀ ਸਲੇਟੀ ਸੜਕ ਦਾ ਟੋਟਾ।

—ਸੰਤੋਖ ਸਿੰਘ ਧੀਰ

ਪ੍ਰਗਤੀਵਾਦੀ ਕਾਵਿ ਧਾਰਾ ਦੇ ਬਹੁਤੇ ਕਵੀ ਸ਼ਿਲਪ ਦੀ ਕੁਰਬਾਨੀ ਦੇ ਕੇ ਵੀ ਆਪਣੀ ਵਿਚਾਰਧਾਰਾ ਨੂੰ ਸੰਪ੍ਰੇਸ਼ਿਤ ਕਰਨ ਦੀ ਕੋਸ਼ਿਸ਼ ਵਿਚ ਰੁੱਝੇ ਨਜ਼ਰ ਆਉਂਦੇ ਹਨ। ਇਸ ਪ੍ਰਸੰਗ ਵਿਚ ਪ੍ਰੋ. ਸੰਤ ਸਿੰਘ ਸੇਖੋਂ ਲਿਖਦਾ ਹੈ, "ਆਪਣੀ ਵਿਚਾਰਧਾਰਕ ਧੁਨ ਵਿਚ ਇਸ ਧਾਰਾ ਨੇ ਰੂਪ ਵਿਧਾਨ ਦੀ ਬਹੁਤੀ ਪ੍ਰਵਾਹ ਨਹੀਂ ਸੀ ਕੀਤੀ। ਜਿਥੇ ਲੇਖਕਾਂ ਦੀ ਪ੍ਰਵਿਧਿਕ ਸੂਝ ਕੁਝ ਸੁਸਿਖਿਅਤ ਵੀ ਸੀ ਉਥੇ ਵੀ ਵਿਚਾਰਧਾਰਕ ਉਦੇਸ਼ ਕਈ ਵਾਰ ਲਲਕਾਰ ਦੇ ਨਾਅਰੇ ਉਤਪੰਨ ਕਰ ਦੇਂਦੇ ਸਨ। ਤੇ ਸੂਖਮ ਭਾਵਾਂ ਨੂੰ ਇਕ ਪ੍ਰਕਾਰ ਖੇਤਰ ਵਿਚੋਂ ਬਾਹਰ ਧੱਕ ਸੁੱਟਦੇ ਸਨ।...ਇਹ ਲੱਛਣ ਸੁਹਜਵਾਦੀ ਰੁਚੀ ਦੇ ਲੋਕਾਂ ਨੂੰ ਕੁਝ ਚੁਭਦੇ ਰਹੇ ਸਨ। ਇਸ ਲਈ ਨਵੇਂ ਪ੍ਰਗਤੀਵਾਦੀ ਕੁਝ ਵਧੇਰੇ ਸੁਹਜਵਾਦੀ ਜਹੇ ਬਣ ਰਹੇ ਸਨ।[20]

ਫਿਰ ਵੀ ਜਿਥੋਂ ਤਕ ਪ੍ਰਗਤੀਵਾਦੀ ਕਾਵਿ ਧਾਰਾ ਦੀ ਸਮੁੱਚੀ ਰਚਨਾਤਮਕ ਪ੍ਰਾਪਤੀ ਦਾ ਸੰਬੰਧ ਹੈ, ਇਹ ਆਧੁਨਿਕ ਪੰਜਾਬੀ ਕਵਿਤਾ ਦੀ ਸਭ ਤੋਂ ਲੋਕ ਪ੍ਰਿਅ ਅਤੇ ਗੌਰਵਮਈ ਕਾਵਿ ਧਾਰਾ ਹੈ। ਡਾ. ਕਰਮਜੀਤ ਸਿੰਘ ਇਸ ਕਾਵਿ ਧਾਰਾ ਦਾ ਮੁਲੰਕਣ ਕਰਦਾ ਹੋਇਆ ਲਿਖਦਾ ਹੈ, "ਆਪਣੇ ਵਿਚਾਰਧਾਰਾਈ ਮਨੋਰਥ ਦੀ ਸਾਧਨਾ ਹਿੱਤ ਇਸ ਨੇ ਪ੍ਰਤੀ ਕ੍ਰਿਆ ਦੀ ਪੱਧਰ ਤੇ ਵਰਗ ਸਮਾਜ ਦੀ ਅਸੰਤੁਲਿਤ ਜ਼ਿੰਦਗੀ ਤੇ ਸ਼ੋਸ਼ਨ ਪ੍ਰਤੀ ਤਿਖੇ ਰੋਸ ਨੂੰ ਆਪਣਾ ਰਚਨਾਤਮਕ ਸੂਤਰ ਬਣਾਇਆ। ਆਪਣੇ ਸਮਾਜਿਕ ਆਦਰਸ਼ ਦੀ ਸਾਧਨਾ ਦੀ ਪੱਧਰ ਤੇ ਇਸ ਨੇ ਵਰਗ ਰਹਿਤ ਸਮਾਜ ਦੀ ਅਰਾਧਨਾ ਕੀਤੀ। ਪਰੰਤੂ ਕ੍ਰਿਆ ਤੇ ਪ੍ਰਤੀ ਕ੍ਰਿਆ ਇਨ੍ਹਾਂ ਦੋਹਾਂ ਪੱਧਰਾਂ ਤੇ ਇਸ ਧਾਰਾ ਦੀ ਰਚਨਾਤਮਕ ਸਾਧਨਾ ਸਚੇਤ ਤੇ ਸਜਤਨ ਰਹੀ। ਇਹ ਸਚੇਤਨਾ, ਜੋ ਕਵਿਤਾ ਦੇ ਸਮਾਜਕ ਧਰਮ ਦੀ ਪਛਾਣ ਵਿਚ ਇਸ ਦੀ ਸ਼ਕਤੀ ਬਣੀ, ਕਲਾਤਮਕ ਪੱਖ ਤੋਂ ਇਸ ਦੀ ਸੀਮਾ ਬਣ ਨਿੱਬੜੀ। ਕਲਾ ਬਿਰਤੀ ਲਈ ਵਿਚਾਰ ਦੇ ਕਰੜੇ ਸੰਜਮ ਦੇ ਪੁਲ ਹੇਠੋਂ ਗੁਜ਼ਰਨਾ ਜ਼ਰੂਰੀ ਹੋ ਗਿਆ। ਸਿੱਟੇ ਵਜੋਂ ਇਸ ਦਾ ਕਲਾਤਮਕ ਅਭਿਵਿਅੰਜਨ ਸਮੁੱਚੀ ਮਨੁੱਖੀ ਸ਼ਖ਼ਸੀਅਤ ਨੂੰ ਸੰਬੋਧਿਤ ਹੋਣ ਦੇ ਸਮਰੱਥ ਨਾ ਹੋ ਸਕਿਆ। ਮਨੋਰਥਵੰਤ ਕਲਾ ਸਾਧਨਾ ਮਨੋਰਥ ਨਾਲ ਜੁੜੀ ਮਨੁੱਖੀ ਸ਼ਖ਼ਸੀਅਤ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਬੋਧਿਤ ਹੁੰਦੀ ਰਹੀ । ਫ਼ਲਸਰੂਪ ਪ੍ਰਗਤੀਵਾਦੀ ਵਿਚਾਰਧਾਰਾ ਦਾ ਸਮਾਜਿਕ ਮਨੋਰਥ ਕਲਾਤਮਕ ਬਿੰਬ ਵਿਚ ਰੂਪਾਂਤਰਿਤ ਨਾ ਹੋ ਸਕਿਆ, ਕੇਵਲ ਪ੍ਰਤਿਮਾਨ ਚਿੱਤਰਾਂ ਦਾ ਸਮੂਹ ਬਣ ਕੇ ਰਹਿ ਗਿਆ ।''[2]

ਪ੍ਰਯੋਗਵਾਦੀ ਕਾਵਿ ਧਾਰਾ

1960 ਈ. ਦੇ ਆਸ ਪਾਸ ਪ੍ਰਗਤੀਵਾਦੀ ਪੰਜਾਬੀ ਕਵਿਤਾ ਇਕ ਸੰਕਟ ਵਿਚ ਫਸੀ ਨਜ਼ਰ ਆਉਂਦੀ ਹੈ । ਅੰਮ੍ਰਿਤਾ-ਮੋਹਨ ਸਿੰਘ ਕਾਵਿ ਧਾਰਾ ਨਾਲ ਜੁੜੇ ਹੋਏ ਪ੍ਰਗਤੀਵਾਦੀ ਕਵੀ ਮੁੜ ਮੁੜ ਕੇ ਆਪਣੇ ਅਨੁਭਵ ਨੂੰ ਦੁਹਰਾਉਣ ਲੱਗਦੇ ਹਨ । ਡਾ. ਜਸਬੀਰ ਸਿੰਘ ਵਰਗੇ ਆਲੋਚਕਾਂ ਨੇ ਇਸ ਪ੍ਰਕ੍ਰਿਆ ਨੂੰ ਮਧ-ਸ਼੍ਰੇਣਿਕ ਵਿਅਕਤੀਵਾਦ ਅਤੇ ਪ੍ਰਗਤੀਵਾਦ ਵਿਚ ਹੋਈ ਆਰਜ਼ੀ ਸੰਧੀ ਦਾ ਤਿੜਕ ਜਾਣਾ ਘੋਸ਼ਿਤ ਕੀਤਾ । ਡਾ. ਹਰਿਭਜਨ ਸਿੰਘ ਵਰਗੇ ਪ੍ਰਗੀਤਕ ਕਵੀਆਂ ਨੇ ਇਸ ਨੂੰ 'ਸੰਕ੍ਰਾਂਤੀ-ਭਾਲ' ਦਾ ਨਾਮ ਦਿੱਤਾ । ਅਸਲ ਵਿਚ ਇਹ ਪ੍ਰਕ੍ਰਿਆ ਭੌਤਿਕ ਜਗਤ ਦੇ ਸਰੂਪ ਵਿਚ ਆਈਆਂ ਤਬਦੀਲੀਆਂ ਕਾਰਣ ਹੋਂਦ ਵਿਚ ਆਈ ਸੀ । ਆਈਨ ਸਟਾਈਨ, ਹੈਸਨਬਰਗ, ਬਰਗਸਾਂ ਅਤੇ ਸਾਰਤ੍ਰ ਵਰਗੇ ਚਿੰਤਕਾਂ ਨੇ ਦੇਸ਼ ਅਤੇ ਕਾਲ ਦੇ ਸੰਕਲਪਾਂ ਵਿਚ ਹੈਰਾਨੀਜਨਕ ਤਬਦੀਲੀਆਂ ਲੈ ਆਂਦੀਆਂ ਸਨ । ਜੀਵਨ ਦੇ ਹਰ ਸ਼ੋਬ੍ਹੇ ਵਿਚੋਂ ਸਥਿਰਤਾ ਭੰਗ ਹੁੰਦੀ ਜਾ ਰਹੀ ਸੀ ਅਤੇ ਮਾਨਵੀ ਕਦਰਾਂ-ਕੀਮਤਾਂ ਸਾਪੇਖਿਅਕ ਹੁੰਦੀਆਂ ਜਾ ਰਹੀਆਂ ਸਨ । ਅਜਿਹੀ ਤਰਲ ਸਥਿਤੀ ਵਿਚ ਕਲਾ ਦੇ ਸਾਰੇ ਰੂਪ ਬੜੇ ਤੱਤੇ-ਤਿੱਖੇ ਪਰਿਵਰਤਨਾਂ ਵਿਚੋਂ ਗੁਜ਼ਰੇ । ਚਿਤਰਕਾਰੀ ਦੇ ਖੇਤਰ ਵਿਚ ਕਿਊਬਵਾਦ, ਦਾਦਾਵਾਦ, ਭਵਿਖਵਾਦ ਆਦਿਕ ਲਹਿਰਾਂ ਦਾ ਜਨਮ ਹੋਇਆ । ਨਾਵਲ ਦੇ ਖੇਤਰ ਵਿਚ ਚੇਤਨਾ ਪ੍ਰਵਾਹ ਧਾਰਾ ਦੀ ਸਥਾਪਨਾ ਹੋਈ । ਨਾਟਕ ਅਤੇ ਰੰਗ ਮੰਚ ਦੇ ਖੇਤਰ ਵਿਚ ਐਬਸਰਡਵਾਦ ਥੀਏਟਰ ਆਫ਼ ਕਰੂਐਲਟੀ, ਐਪਿਕ ਰੰਗ ਮੰਚ ਅਤੇ ਟੋਟਲ ਥੀਏਟਰ ਵਰਗੇ ਸੰਕਲਪ ਹੋਂਦ ਵਿਚ ਆਏ । ਆਧੁਨਿਕ ਕਾਵਿ ਦੇ ਖੇਤਰ ਵਿਚ ਐਲੀਅਟ, ਆਡੇਨ, ਵਿਲੀਅਮ ਕਾਰਲੋ ਵਿਲੀਅਮਜ਼, ਜਾਰਜ ਮੈਕਬੱਥ ਅਤੇ ਡਾਇਬਾਨ ਥਾਮਸ ਵਰਗੇ ਕਵੀਆਂ ਨੇ ਸਮਕਾਲੀਨ ਜਗਤ ਦੇ ਪਰਿਵਰਤਿਤ ਹੋ ਚੁਕੇ ਚਿਹਰੇ-ਮੋਹਰੇ ਅਤੇ ਆਧੁਨਿਕ ਵਿਅਕਤੀ ਦੀਆਂ ਵਿਸੰਗਤੀਆਂ ਅਤੇ ਅੰਤਰ-ਵਿਰੋਧਾਂ ਨੂੰ ਇਕ ਨਵੀਨ ਕਾਵਿ ਮੁਹਾਵਰੇ ਦੁਆਰਾ ਮੂਰਤੀਮਾਨ ਕਰਨ ਦੇ ਪ੍ਰਯਤਨ ਕੀਤੇ ।

ਵਿਸ਼ਵ ਕਾਵਿ ਦੇ ਅਜਿਹੇ ਨਵੇਂ ਅਤੇ ਵੱਖਰੇ ਦ੍ਰਿਸ਼ ਨੇ ਅਤੇ ਉਦਯੋਗਵਾਦੀ ਸਭਿਅਤਾ ਦੇ ਪ੍ਰਭਾਵ ਅਧੀਨ ਬਦਲ ਚੁੱਕੇ ਸਮਕਾਲੀ ਜਗਤ ਦੇ ਤਕਾਜ਼ਿਆਂ ਨੇ ਆਧੁਨਿਕ ਪੰਜਾਬੀ ਕਾਵਿ ਵਿਚ ਨਵੇਂ ਪ੍ਰਯੋਗਾਂ ਦੀ ਜ਼ਰੂਰਤ ਪੈਦਾ ਕਰ ਦਿੱਤੀ । 'ਪ੍ਰਯੋਗਸ਼ੀਲ ਲਹਿਰ ਦੇ ਸਿਧਾਂਤਕ ਪਿਛੋਕੜ ਵਿਚ ਪੰਜਾਬੀ ਦੇ ਪ੍ਰਯੋਗਵਾਦੀ ਕਵੀਆਂ ਨੇ ਆਪਣੇ ਸਿਧਾਂਤਿਕ ਪਰਿਪੇਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਸਪਸ਼ਟ ਕਰਦਿਆਂ ਲਿਖਿਆ, "ਅੱਜ ਦਾ ਰੁਸ਼ਟ ਨਵਯੁਵਕ ਪਿਆਰ ਦੀ ਰੁਮਾਂਟਿਕ ਆਦਰਸ਼ਵਾਦੀ ਦੁਨੀਆਂ ਤੋਂ ਉਪਰਾਮ ਹੋ ਚੁੱਕਾ ਹੈ। ਉਹ ਯਥਾਰਥ ਨੂੰ ਇਸ ਦੇ ਨਗਨ ਰੂਪ ਵਿਚ ਦੇਖਣਾ ਚਾਹੁੰਦਾ ਹੈ ਭਾਵੇਂ ਇਹ ਨਗਨਤਾ ਉਸ ਦੇ ਕਲੇਸ਼ ਨੂੰ ਹੋਰ ਵਧਾਉਂਦੀ ਹੈ। ਰੁਸ਼ਟ ਨਵਯੁਵਕ ਸਿਰਫ਼ ਗਲਾਘੋਂਟੂ ਸਮਾਜ ਨਾਲ ਹੀ ਨਹੀਂ ਸਗੋਂ ਆਪਣੇ ਆਪ ਨਾਲ ਵੀ ਰੁੱਸਿਆ ਹੋਇਆ ਹੈ। ਮਾਨਵੀ ਆਦਰਸ਼ਾਂ ਦੀ ਅਸਫ਼ਲਤਾ ਦਾ ਵੀ ਉਸ ਨੂੰ ਗਮ ਹੈ। ਇਸ ਦੇ ਨਾਲ ਹੀ ਉਸਨੂੰ ਆਪਣੀਆਂ ਕਮਜ਼ੋਰੀਆਂ, ਤਰੁੱਟੀਆਂ ਅਤੇ ਖੰਡਿਤ ਆਪੇ ਦਾ ਵੀ ਅਹਿਸਾਸ ਹੈ।"[22]

30 ਦਸੰਬਰ 1962 ਨੂੰ ਜਲੰਧਰ ਵਿਖੇ ਪ੍ਰਯੋਗਵਾਦੀ ਕਵੀਆਂ ਨੇ ਆਪਣਾ ਪਹਿਲਾ ਅਧਿਵੇਸ਼ਨ ਬੁਲਾਇਆ ਹੈ। ਇਸ ਅਧਿਵੇਸ਼ਨ ਦੇ ਪ੍ਰਧਾਨ ਗਿਰਿਜਾ ਸ਼ੰਕਰ ਮਾਥੁਰ ਨੇ ਪ੍ਰਯੋਗ-ਵਾਦੀ ਕਾਵਿ ਦੇ ਨਿਮਨ ਲਿਖਤ ਲੱਛਣਾਂ ਉੱਪਰ ਜ਼ੋਰ ਦਿੱਤਾ :

1. ਕਿਸੇ ਵਾਦ ਵਿਵਾਦ ਵਿਚ ਨਾ ਬੱਝਣਾ;
2. ਵਿਅਕਤੀ ਦੀ ਛੋਟੀ ਤੋਂ ਛੋਟੀ ਕ੍ਰਿਆ ਦੀ ਅਭਿਵਿਅਕਤੀ;
3. ਸਮਸਤ ਅਨਿਆਇ ਦਾ ਵਿਰੋਧ,
4. ਆਤਮਾਹੀਣ ਕਰਨ ਵਾਲੀਆਂ ਪਰਿਸਥਿਤੀਆਂ ਦੀ ਵਿਰੋਧਤਾ,
5. ਹਰ ਕਿਸਮ ਦੇ ਪਾਖੰਡ, ਫ਼ਰੇਬ ਆਦਿ ਦਾ ਵਿਰੋਧ;
6. ਗਿਆਨ ਨੂੰ ਵਿਗਿਆਨ ਦੇ ਰੂਪ ਵਿਚ ਗ੍ਰਹਿਣ ਕਰਨਾ ਨਾ ਕਿ ਸ਼ਾਸ਼ਤਰ ਦੇ ਰੂਪ ਵਿਚ।

ਪੰਜਾਬੀ ਦੀ ਪ੍ਰਯੋਗਵਾਦੀ ਕਵਿਤਾ ਵਿਚ ਵਿਸੰਗਤੀ, ਦੁਬਿਧਾ, ਅਤੇ ਦਿਸ਼ਾਹੀਣਤਾ ਦੇ ਇਹਸਾਸ ਨੂੰ ਪਹਿਲੀ ਵਾਰ ਅਭਿਵਿਅਕਤੀ ਪ੍ਰਾਪਤ ਹੋਈ। ਉਦਾਹਰਣ ਲਈ ਇਸ ਕਾਵਿ ਧਾਰਾ ਨਾਲ ਜੁੜੇ ਹੋਏ ਤਿੰਨ ਪ੍ਰਸਿੱਧ ਕਵੀਆਂ ਦਾ ਸੁਰ ਦੇਖੋ :

ਇਕ ਪੈਰ ਦਹਿਲੀਜ਼ਾਂ ਅੰਦਰ
ਇਕ ਪੈਰ ਦਹਿਲੀਜ਼ੋਂ ਬਾਹਰ,
ਨਾ ਮੈਂ ਏਧਰ ਨਾ ਮੈਂ ਓਧਰ
ਕਿਤ ਵਲ ਜਾਵਾਂ ਠਉਰ ਨਹੀਂ ਹੈ !

—ਜਸਬੀਰ ਸਿੰਘ ਆਹਲੂਵਾਲੀਆ

ਆਪਣੇ ਗ਼ਮ ਦੇ ਬੂਟੇ ਲਈ
ਲਹੂ ਅਸਾਡਾ
ਥੁੜ ਜਾਂਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਰਾਂ ਦੇ ਗ਼ਮ-ਗੀਤ ਨੂੰ ਹਰਿਆਂ ਕੀਕੂੰ ਕਰੀਏ ?
ਇਕ ਪੈਰ ਖੱਡ ਦੇ ਵਿਚ ਧਰਿਆ
ਦੂਜਾ ਪਰਬਤ ਵੱਲ ਨੂੰ ਉੱਲਰੇ
ਕੀਕੂੰ ਚੜ੍ਹੀਏ ?
... ...
ਕਦੇ ਕਦੇ ਪਰ ਸਾਡੀ ਸ਼ਕਤੀ
ਰੇਤੇ ਦੇ ਵਿਚ
ਮੋਟਰ ਦੇ ਇੰਜਣ ਦੇ ਵਾਂਗੂ
ਤ੍ਰਾਣ ਲਗਾ ਕੇ ਪਹੀਆਂ ਉਤੇ ਘੁੰਮ ਜਾਂਦੀ ਹੈ

—ਰਵਿੰਦਰ ਰਵੀ

ਸੂਝਾਂ ਦੀ ਔਰਤ ਦੀ ਕੁੱਖੋਂ
ਜਿਹੜਾ ਵੀ ਆਦਰਸ਼ ਜਨਮਦਾ
ਇਕ ਸਤਮਾਹੇਂ ਬੱਚੇ ਵਾਂਗੂੰ
ਛਿਣਾਂ ਪਲਾਂ ਵਿਚ
ਮਰ ਮੁੱਕ ਜਾਂਦਾ
ਬਚਦਾ ਜੇ
ਪਰਛਾਵੇਂ ਪੈ ਕੇ
ਸੜ ਸੁੱਕ ਜਾਂਦਾ ।

—ਅਜਾਇਬ ਕਮਲ

ਪ੍ਰਯੋਗਵਾਦੀ ਕਾਵਿ ਧਾਰਾ ਨਾਲ ਸੰਬੰਧਿਤ ਕਵੀਆਂ ਦੇ ਵਿਚਾਰਧਾਰਕ ਪੈਂਤੜੇ ਨੂੰ ਨਿਆਇਉਚਿਤ ਠਹਿਰਾਉਂਦਾ ਹੋਇਆ ਡਾ. ਜਸਬੀਰ ਸਿੰਘ ਆਹਲੂਵਾਲੀਆ ਲਿਖਦਾ ਹੈ, "ਮੁਸ਼ਕਿਲ ਇਹ ਨਹੀਂ ਕਿ ਪ੍ਰਯੋਗਸ਼ੀਲ ਕਵਿਤਾ ਵਿਚਾਰਧਾਰਾ ਤੋਂ ਮੁਕਤ ਹੈ ਸਗੋਂ ਮੁਸ਼ਕਿਲ ਇਸ ਗੱਲ ਦੇ ਸਮਝਣ ਵਿਚ ਹੈ ਕਿ ਕਲਾਕਾਰ ਕਾਰ-ਵੰਡ ਦੇ ਨਿਯਮਾਂ ਅਨੁਸਾਰ ਸਮਾਜੀ ਚੇਤੰਨਤਾ ਜਾਂ ਵਿਚਾਰਧਾਰਾ ਨੂੰ ਇਕ ਕਲਾਕਾਰ ਦੀ ਹੈਸੀਅਤ ਵਿਚ ਹੀ ਪ੍ਰਗਟਾਉਂਦਾ ਹੈ, ਕਿਸੇ ਹੋਰ ਹੈਸੀਅਤ ਵਿਚ ਨਹੀਂ ।...ਕਲਾਕਾਰ ਕੋਲੋਂ ਕਿਸੇ ਵਿਚਾਰਧਾਰਾ ਜਾਂ ਵਾਦ ਦੀ ਕਥਾ ਕਹਾਣੀ ਉਸ ਨਾਲ ਬੇਇਨਸਾਫ਼ੀ ਹੈ । ਨਾਅਰੇਬਾਜ਼ੀ ਕਲਾ ਦਾ ਲੱਛਣ ਨਹੀਂ ।...ਸਮੁਚੇ ਤੌਰ ਤੇ ਪ੍ਰਗਤੀਸ਼ੀਲ ਕਵਿਤਾ ਵਿਚ ਕਾਵਿਕ ਢੰਗ ਨਾਲ ਪ੍ਰਗਟਾਈ ਚੇਤਨਤਾ ਜਾਂ ਵਿਚਾਰ-ਧਾਰਾ ਨਿਸ਼ਚੇ ਹੀ ਅਗਰਗਾਮੀ ਹੋਵੇਗੀ[23] ।"

ਪ੍ਰਗਤੀਵਾਦੀ ਕਾਵਿ ਦੇ ਵਿਗਠਨ ਅਤੇ ਪ੍ਰਯੋਗਵਾਦੀ ਕਾਵਿ ਦੇ ਉੱਥਾਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਲੇਸ਼ਣ ਕਰਦਾ ਹੋਇਆ ਪ੍ਰੋ. ਸੰਤ ਸਿੰਘ ਸੇਖੋਂ ਲਿਖਦਾ ਹੈ, "ਪ੍ਰਗਤੀਵਾਦੀ ਸਮਾਜਿਕ ਵਿਚਾਰਧਾਰਾ ਹਾਲੀ ਆਪਣੇ ਮੱਧ ਸ਼੍ਰੇਣੀ ਰੁਮਾਂਟਿਕ ਸੰਸਕਾਰਾਂ ਤੋਂ ਮੁਕਤ ਨਹੀਂ ਸੀ ਹੋਈ ਕਿ ਹੁਣ ਇਸ ਨੂੰ ਪ੍ਰਤਿਗਾਮੀ ਰੁਚੀਆਂ ਵਲੋਂ ਲਲਕਾਰ ਪੈਣ ਲੱਗ ਪਈ ਹੈ। ਇਹਨਾਂ ਰੁਚੀਆਂ ਵਾਲੇ ਕੁਝ ਹੋਰ ਲੋਕ ਜੋ ਆਪਣੇ ਆਪ ਨੂੰ ਪ੍ਰਯੋਗਵਾਦੀ ਆਖਦੇ ਹਨ, ਮੋਹਨ ਸਿੰਘ ਦੀ ਪ੍ਰਣਾਲੀ ਦੀ ਕਵਿਤਾ ਵਿਚ ਮੱਧ-ਸ਼੍ਰੇਣੀ ਉਦਗਾਰਾਂ ਤੇ ਸਮਾਜਵਾਦੀ ਵਿਚਾਰਾਂ ਦੀ ਸੰਧੀ ਵੇਖਦੇ ਹਨ, ਜਿਸ ਵਿਚ ਉਹ ਠੀਕ ਹਨ। ਇਸ ਕਾਰਨ ਉਹ ਮੋਹਨ ਸਿੰਘ ਦੀ ਸਮਾਜਵਾਦੀ ਵਿਚਾਰਧਾਰਾ ਨੂੰ ਕੱਚੀ ਆਖਦੇ ਹਨ, ਜਿਸ ਵਿਚ ਵੀ ਉਹ ਠੀਕ ਹਨ। ਪਰ ਇਸ ਤੋਂ ਅੱਗੇ ਉਹ ਸਮਾਜਵਾਦੀ ਵਿਚਾਰਧਾਰਾ ਦੀ ਪਕਿਆਈ ਵਲ ਨਹੀਂ ਤੁਰਦੇ, ਪ੍ਰਯੋਗਵਾਦ ਦੀ ਓਟ ਵਿਚ ਸਮਾਜਵਾਦੀ ਵਿਚਾਰਧਾਰਾ ਦੇ ਵਿਰੋਧ ਵੱਲ ਜਾਂਦੇ ਹਨ। ਇਹ ਪ੍ਰਯੋਗ-ਵਾਦੀ ਭਾਵੇਂ ਹਨ ਵਧੇਰੇ ਕਰ ਕੇ ਰੁਮਾਂਟਿਕ ਤੇ ਉਦਗਾਰ ਅਧੀਨ ਪਰ ਉਹ ਇਹ ਮੰਨਦੇ ਨਹੀਂ[24]।"

ਪ੍ਰਯੋਗਵਾਦੀ ਕਾਵਿ ਧਾਰਾ ਦੀ ਸਭ ਤੋਂ ਵੱਡੀ ਸੀਮਾਂ ਇਹ ਰਹੀ ਹੈ ਕਿ ਇਸ ਲਹਿਰ ਨੇ ਸਮਾਜਿਕ-ਆਰਥਿਕ ਮਸਲਿਆਂ ਵੱਲੋਂ ਧਿਆਨ ਹਟਾ ਕੇ ਮਾਨਸਿਕ ਗੁਫਾਵਾਂ ਵੱਲ ਕਵਿਤਾ ਦੀ ਮੁਹਾਰ ਮੋੜੀ ਹੈ। ਮਾਨਸਿਕ ਪ੍ਰਕ੍ਰਿਆਵਾਂ, ਕੁੰਠਾ, ਖੰਡਿਤ ਵਿਅਕਤਿਤਵ ਤੇ ਮਨ ਦੀ ਪਿੰਗਲਵਾੜੀ ਅਵਸਥਾ ਨੂੰ ਵਿਸ਼ੇ ਬਣਾ ਕੇ ਕਵੀ ਸਮਾਜੀ ਕਰਤੱਵ ਵੱਲੋਂ ਬੇਮੁੱਖ ਹੋ ਗਿਆ ਹੈ। ਇਸ ਆਰੋਪ ਦਾ ਉੱਤਰ ਦਿੰਦਾ ਹੋਇਆ ਡਾ. ਜਸਬੀਰ ਸਿੰਘ ਆਹਲੂਵਾਲੀਆ ਲਿਖਦਾ ਹੈ, "ਜੇਕਰ ਸਮਾਜੀ ਨਿਜ਼ਾਮ ਦੇ ਕੋਝ ਨੂੰ ਇਸ ਦੇ ਸਮਾਜਿਕ-ਆਰਥਿਕ ਪ੍ਰਸੰਗ ਵਿਚ ਰੱਖ ਕੇ ਇਸ ਨੂੰ ਦੂਰ ਕਰਨ ਦਾ ਉਪਰਾਲਾ ਪ੍ਰਗਤੀਵਾਦੀ ਹੈ ਤਾਂ ਮਨ ਦੀ ਪਿੰਗਲ-ਵਾੜੀ ਖੰਡਿਤ ਅਲਸਥਾ ਨੂੰ ਇਸ ਦੇ ਸਮਾਜਿਕ-ਆਰਥਿਕ ਪ੍ਰਸੰਗ ਵਿਚ ਰੱਖ ਕੇ ਇਸ ਦੇ ਕਾਰਨਾਂ ਨੂੰ ਲੱਭਣਾਂ ਤੇ ਮਾਨਸਿਕ ਸਵੱਛਤਾ ਲਿਆਉਣ ਦਾ ਯਤਨ ਪ੍ਰਤਿਗਾਮੀ ਕਿਵੇਂ ਹੋਇਆ[25] ?"

ਬੇਸ਼ਕ ਮਨ ਦੀ ਪਿੰਗਲਵਾੜੀ ਅਵਸਥਾ ਨੂੰ ਇਸ ਦੇ ਸਮਾਜਿਕ-ਆਰਥਿਕ ਪ੍ਰਸੰਗ ਵਿਚ ਰੱਖ ਕੇ ਇਸ ਦੇ ਕਾਰਨਾਂ ਵਲ ਸੰਕੇਤ ਕਰਨ ਦੀ ਆਧੁਨਿਕ ਭਾਵਨਾ ਤਾਂ ਪ੍ਰਯੋਗਵਾਦੀ ਕਵਿਤਾ ਦਾ ਬੜਾ ਸਾਰਥਿਕ ਪੱਖ ਹੈ ਪਰ ਜਿਥੋਂ ਤਕ ਇਨ੍ਹਾਂ ਕਾਰਨਾਂ ਨੂੰ ਲੱਭ ਕੇ ਮਾਨਸਿਕ ਸਵੱਛਤਾ ਲਿਆਉਣ ਦੇ ਯਤਨ ਦੀ ਗੱਲ ਹੈ, ਇਹ ਧਾਰਾ ਅਜਿਹਾ ਕੋਈ ਵਤੀਰਾ ਧਾਰਣ ਕਰਦੀ ਨਜ਼ਰ ਨਹੀਂ ਆਉਂਦੀ। ਹਾਂ, ਮਨ ਦੀ 'ਪਿੰਗਲਵਾੜੀ' ਖੰਡਿਤ ਅਵਸਥਾ ਦੇ ਚਿੱਤਰ ਪ੍ਰਯੋਗਵਾਦੀ ਕਵਿਤਾ ਵਿਚ ਜ਼ਰੂਰ ਉਭਰਦੇ ਹਨ। ਜਿਵੇਂ :

ਆਪਣਾ ਆਪਾ
ਇਕ ਛਿਣ ਅੰਦਰ ਭੇਸ ਬਦਲ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣ ਕੇ ਭੂਤ ਚੁੜੇਲ ਡਰਾਵੇ
ਨਿਮੋਝੂਣਾ, ਡਿੱਗਦਾ, ਢਹਿੰਦਾ,
ਚੱਕਰ ਖਾਂਦਾ ਬੇਬੱਸ ਹੋਇਆ
ਕਿਸੇ ਹਿਤੈਸ਼ੀ ਯਾਰ ਭੁਲਾਵੇਂ ਮੈਂ ਬੇਮਦਦਾ
ਇਕ ਬੁਢੇ ਪਿੱਪਲ ਦੇ ਗਲ ਨੂੰ
ਜਾਂਦਾ ਮੈਂ ਬਾਹਾਂ ਪਾ ਬਹਿੰਦਾ ।

—ਅਜਾਇਬ ਕਮਲ

ਮਨ ਦੀ ਸਾਰੀ ਕੁੰਠਾ ਤਾਈਂ
ਗਰਭ ਦੇ ਅੰਦਰ ਲਵਾਂ ਸਮੇਟ ਮੈਂ
ਕੁੰਠਾ ਦੇ ਇਸ ਪੁਤ੍ਰ ਪਲੇਠੀ
ਨੂੰ ਫਿਰ ਸੁਫਨ ਖਿਲਾਵਾਂ ਮੈਂ ।

—ਜਸਬੀਰ ਸਿੰਘ ਆਹਲੂਵਾਲੀਆ

ਧੁਖਣ ਹੈ ਜਜ਼ਬਾਤ ਦੀ
ਤੇ ਸੜਨ ਹੈ ਇਹਸਾਸ ਦੀ
ਸੇਕ ਹੈ ਨਫਰਤ ਜਿਹੀ ਦਾ
ਚਾਰ-ਦੀਵਾਰੀ ਵਿਰੁੱਧ ।

—ਰਵਿੰਦਰ ਰਵੀ

ਪੰਜਾਬੀ ਦੀ ਪ੍ਰਯੋਗਵਾਦੀ ਕਾਵਿ ਧਾਰਾ ਨੇ ਪੰਜਾਬੀ ਕਵਿਤਾ ਨੂੰ ਆਧੁਨਿਕ ਸੰਵੇਦਨਾ ਪ੍ਰਦਾਨ ਕੀਤੀ, ਇਸ ਵਿਚ ਰੂਪ ਦੀ ਦ੍ਰਿਸ਼ਟੀ ਤੋਂ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਅਤੇ ਪ੍ਰਗਤੀਵਾਦੀ ਕਾਵਿ ਵਿਚ ਆ ਚੁੱਕੀ ਖੜੋਤ ਨੂੰ ਤੋੜਿਆ । ਪਰ ਛੇਤੀ ਹੀ ਪ੍ਰਯੋਗਵਾਦੀ ਕਵੀ ਵੀ ਇਕ ਖੜੋਤ ਦਾ ਸ਼ਿਕਾਰ ਹੋ ਗਏ । ਉਹ ਜੀਵਨ ਦੇ ਨਿਖੇਧਵਾਦੀ ਮੁੱਲਾਂ ਨੂੰ ਸਵੀਕ੍ਰਿਤੀ ਦੇ ਅੰਦਾਜ਼ ਵਿਚ ਬਾਰ-ਬਾਰ ਦੁਹਰਾਉਣ ਲੱਗੇ ਜਿਸ ਕਾਰਣ ਪੰਜਾਬੀ ਸਭਿਆਚਾਰ ਦੇ ਰੈਡੀਕਲ ਸੁਭਾਉ ਨੇ ਛੇਤੀ ਹੀ ਉਨ੍ਹਾਂ ਨੂੰ ਰੱਦ ਕਰ ਦਿੱਤਾ । ਪੰਜਾਬੀ ਕਵਿਤਾ ਇਕ ਵਾਰ ਫੇਰ ਅਤੇ ਵਧੇਰੇ ਪਰਿਪੱਕ ਅੰਦਾਜ਼ ਵਿਚ ਪ੍ਰਗਤੀਵਾਦੀ ਜੀਵਨ-ਮੁੱਲਾਂ ਨਾਲ ਜੁੜ ਗਈ ।

ਜੁਝਾਰ-ਵਿਦਰੋਹੀ ਕਾਵਿ ਧਾਰਾ

ਪੰਜਾਬੀ ਕਵਿਤਾ ਪ੍ਰਯੋਗਵਾਦੀ ਕਵਿਤਾ ਦੀ ਖੜੋਤ ਤੋਂ ਅੱਗੇ ਤੁਰੀ । ਜੁਝਾਰ-ਵਿਦਰੋਹੀ ਕਾਵਿ ਧਾਰਾ ਇਕ ਪਾਸੇ ਪ੍ਰਗਤੀਵਾਦੀ ਧਾਰਾ ਦੇ ਸੰਬਾਦਕ ਪਰਿਪੇਖ ਨੂੰ ਰੋਹ ਅਤੇ ਵਿਦਰੋਹ ਦੇ ਪ੍ਰਚੰਡ ਸੁਰਾਂ ਵਿਚ ਜਗਾਉਣ ਦਾ ਪ੍ਰਯਤਨ ਕਰਦੀ ਹੈ ਅਤੇ ਦੂਜੇ ਪਾਸੇ ਯਥਾਰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਕ੍ਰਾਂਤੀਸ਼ੀਲ ਪਰਿਵਰਤਨ ਦਾ ਸੁਚੇਤ ਸਮਾਜਿਕ ਆਦਰਸ਼ ਲੈ ਕੇ ਉਦੈ ਹੁੰਦੀ ਹੈ। ਡਾ. ਅਤਰ ਸਿੰਘ ਦੇ ਮੱਤ ਅਨੁਸਾਰ ਇਸ ਕਾਵਿ ਧਾਰਾ ਵਿਚ ਕੁਝ ਤਾਂ ਪ੍ਰਗਤੀਵਾਦੀ ਅੰਸ਼ ਹਨ ਜਿਵੇਂ ਸਾਮਰਾਜ ਤੇ ਜਾਗੀਰਦਾਰੀ ਦਾ ਵਿਰੋਧ ਅਤੇ ਕੁਝ ਕ੍ਰਾਂਤੀਕਾਰੀ ਸਮਾਜਵਾਦੀ[26]। ਪਰ ਜਿਥੇ 'ਪ੍ਰਗਤੀਵਾਦੀ ਅੰਸ਼' ਇਸ ਧਾਰਾ ਦੀ ਪ੍ਰਿਸ਼ਟ-ਭੂਮੀ ਨਿਰਧਾਰਿਤ ਕਰਦੇ ਹਨ ਉਥੇ 'ਕ੍ਰਾਂਤੀਕਾਰੀ ਸਮਾਜਵਾਦੀ ਅੰਸ਼' ਇਸ ਧਾਰਾ ਦੀ ਰੋਮਾਂਟਿਕ ਕ੍ਰਾਂਤੀਵਾਦੀ ਚੇਤਨਾ ਦੀ ਮੁੱਖ ਪ੍ਰੇਰਣਾ ਬਣਦੇ ਨਜ਼ਰ ਆਉਂਦੇ ਹਨ। ਇੰਝ ਪ੍ਰਗਤੀਵਾਦੀ ਵਿਚਾਰਧਾਰਾ ਇਸ ਧਾਰਾ ਦੀ ਪ੍ਰਿਸ਼ਟ ਭੂਮੀ ਅਤੇ ਰੁਮਾਂਟਿਕ ਕ੍ਰਾਂਤੀਵਾਦ ਇਸ ਦੀ ਅਗਰਭੂਮੀ ਹੈ।

ਇਸ ਕਾਵਿ ਧਾਰਾ ਦਾ ਸੰਬੰਧ ਭਾਰਤ ਵਿਚ ਉੱਠੀ ਨਕਸਲਵਾਦੀ ਲਹਿਰ ਨਾਲ ਵੀ ਜੋੜਿਆ ਜਾਂਦਾ ਹੈ ਕਿਉਂਕਿ ਇਸ ਕਾਵਿ ਧਾਰਾ ਨਾਲ ਸੰਬੰਧਿਤ ਪੰਜਾਬੀ ਦੇ ਬਹੁਤੇ ਕਵੀ ਨਕਸਲਵਾਦ ਦੀਆਂ ਸਿਧਾਂਤਿਕ ਸਥਾਪਨਾਵਾਂ ਵਿਚ ਵਿਸ਼ਵਾਸ ਰੱਖਦੇ ਰਹੇ ਹਨ। ਇਸ ਪ੍ਰਸੰਗ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਡਾ. ਸੁਰਿੰਦਰ ਸਿੰਘ ਨੂਰ ਲਿਖਦਾ ਹੈ :

> ਜਿਸ ਕਵਿਤਾ ਨੂੰ ਨਕਸਲਵਾਦੀ ਜਾਂ ਕ੍ਰਾਂਤੀਕਾਰੀ ਕਵਿਤਾ ਕਿਹਾ ਗਿਆ ਹੈ, ਉਸ ਨੂੰ ਨਵ ਪ੍ਰਗਤੀਵਾਦੀ ਕਵਿਤਾ ਕਹਿਣਾ ਵਧੇਰੇ ਯੋਗ ਹੈ ਕਿਉਂਕਿ ਇਸ ਕਾਵਿਧਾਰਾ ਨਾਲ ਸੰਬੰਧਿਤ ਸਾਰੇ ਕਵੀ ਨਕਸਲਵਾਦੀ ਨਹੀਂ ਸਨ, ਪਰ ਕਾਵਿ ਵਿਚ ਪ੍ਰਗਤੀਵਾਦੀ ਸਿਧਾਂਤਾਂ ਨੂੰ ਮੰਨਣ ਵਾਲੇ ਜ਼ਰੂਰ ਸਨ, ਉਂਜ ਵੀ ਕਾਵਿ ਦੇ ਖੇਤਰ ਵਿਚ ਇਹ ਧਾਰਾ ਪ੍ਰਗਤੀਵਾਦ ਦਾ ਹੀ ਨਵਾਂ ਰੂਪ ਸੀ। ਜਿਸ ਵਿਚ ਪੁਰਾਣੇ ਪ੍ਰਗਤੀਵਾਦ ਨੂੰ ਕਈ ਥਾਂ ਘੂਰਿਆ ਵੀ ਗਿਆ। ਉਸ ਤੋਂ ਟੁੱਟ ਕੇ ਇਕ ਨਵੀਂ ਧਾਰਾ ਦਾ ਸਬੂਤ ਦੇਣ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਫਿਰ ਵੀ ਇਸ ਧਾਰਾ ਦਾ ਸਮੁੱਚਾ ਸੰਗਠਨ ਜਿੰਨਾ ਕੁ ਨਵਾਂ ਹੈ, ਉਹ ਇਸ ਧਾਰਾ ਨੂੰ ਕੇਵਲ ਨਵ-ਪ੍ਰਗਤੀਵਾਦੀ ਕਹਾਉਣ ਦਾ ਹੱਕ ਹੀ ਦਿੰਦਾ ਹੈ। ਇਹ ਧਾਰਾ ਰਾਜਨੀਤੀ ਵਿਚ ਇਕ ਨਵਾਂ ਉਭਾਰ ਆਉਣ ਦੇ ਨਾਲ ਹੀ ਉੱਭਰੀ ਤੇ ਉਸ ਦੇ ਮੱਠਾ ਪੈ ਜਾਣ ਨਾਲ ਹੀ ਸੁੰਘੜ ਗਈ।[27]

ਜੁਝਾਰ-ਵਿਦਰੋਹ ਕਾਵਿ ਧਾਰਾ ਦੇ ਕਵੀਆਂ ਨੇ ਤਤਕਾਲੀਨ ਯਥਾਰਥ ਨੂੰ ਸਾਂਸਕ੍ਰਿਤਿਕ ਵਿਵੇਕ ਦੇ ਵਿਆਪਕ ਸੰਦਰਭ ਵਿਚ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਸ ਕੋਸ਼ਿਸ਼ ਵਿਚ ਇਸ ਧਾਰਾ ਨੇ ਸੁਚੇਤ ਤੌਰ ਤੇ ਪੰਜਾਬ ਦੇ ਇਤਿਹਾਸਕ-ਸਾਂਸਕ੍ਰਿਤਿਕ ਵਿਵੇਕ ਦੇ ਆਪਣੇ ਰਚਨਾਤਮਕ ਕਾਰਜ ਦੀ ਪ੍ਰੇਰਣਾ ਬਣਾਇਆ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਆਦਿਕ ਧਾਰਮਿਕ-ਇਤਿਹਾਸਕ ਪਰੰਪਰਾ ਦੇ ਨਾਇਕਾਂ ਤੋਂ ਇਲਾਵਾ ਜੁਝਾਰ-ਵਿਦਰੋਹੀ ਕਵੀਆਂ ਨੇ ਭਗਤ ਸਿੰਘ, ਕਰਤਾਰ ਸਿੰਘ ਸਰਾਭਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਊਧਮ ਸਿੰਘ ਆਦਿਕ ਇਨਕਲਾਬੀ ਸ਼ਹੀਦਾਂ ਵਿਚੋਂ ਵੀ ਆਪਣੇ ਮੂਲ ਆਦਰਸ਼ ਤਲਾਸ਼ ਕਰਨ ਦਾ ਯਤਨ ਕੀਤਾ ਹੈ। ਉਦਾਹਰਣ ਲਈ ਕੁਝ ਕਵਿਤਾਵਾਂ ਦੇ ਅੰਸ਼ ਦੇਖੋ :

ਅਸੀਂ ਜੰਮਣਾ ਨਹੀਂ ਸੀ
ਅਸੀਂ ਲੜਨਾ ਨਹੀਂ ਸੀ
ਅਸੀਂ ਤਾਂ ਬਹਿ ਕੇ ਹੇਮ ਕੁੰਟ ਦੇ ਉਤੇ
ਭਗਤੀ ਕਰਨੀ ਸੀ...
...ਮੈਂ ਕਹਿ ਉਠਿਆ ਚਲ ਬਦੀ ਸੰਤ (ਸੰਧੂ)
ਹੇਠਾਂ ਧਰਤੀ ਤੇ ਚਲੀਏ
ਪਾਪਾਂ ਦਾ ਭਾਰ ਵਧਦਾ ਜਾਂਦਾ ਹੈ
ਤੇ ਅਸੀਂ ਹੁਣ ਆਏ ਹਾਂ
ਇਹ ਲਉ ਸਾਡਾ ਜ਼ਫ਼ਰਨਾਮਾ
ਸਾਨੂੰ ਸਾਡੇ ਹਿੱਸੇ ਦੀ ਕਟਾਰ ਦੇ ਦੇਵੋ
ਸਾਡਾ ਪੇਟ ਹਾਜ਼ਰ ਹੈ।

—ਪਾਸ਼ (ਲੋਹ ਕਥਾ, ਪੰਨਾ 64)

ਜੇ ਤੁਹਾਨੂੰ ਕੌਤਕਾਂ ਵਿਚ ਹੀ ਵਿਸ਼ਵਾਸ ਹੈ
ਜੇ ਤੁਹਾਨੂੰ ਚਮਤਕਾਰ ਹੀ ਭਰਮਾਉਂਦੇ ਹਨ
ਤਾਂ ਉਠੋ ਤੁਰੋ, ਮੈਂ ਮੱਝੀਆਂ ਨੂੰ ਛੇੜਾਂਗਾ
ਤੁਸੀਂ ਆਪਣੀਆਂ ਅੱਖਾਂ ਨਾਲ
ਵੇਖ ਆਇਓ, ਗਿਣ ਆਇਓ
ਕਿ ਕਿੰਨੇ ਫ਼ਨੀਅਰਾਂ ਦੇ ਫ਼ਨ
ਅੱਜ ਮੈਨੂੰ ਵੀ ਚਵਰ ਝੱਲਦੇ ਹਨ।

—ਸੰਤ ਸੰਧੂ (ਆਰੰਭ, ਪੰਨਾ 82)

ਮੈਂ ਹੀ ਹਾਂ ਕਲਯੁਗ ਦਾ ਗੋਬਿੰਦ
ਜਿਸ ਨੇ ਤਰਾਈ ਦੇ ਜੰਗਲਾਂ ਵਿਚ
ਜਿਥੇ ਖ਼ੂਨੀ ਸ਼ੇਰ ਵੱਸਦੇ ਹਨ
ਜਿਥੇ ਜ਼ਹਿਰੀ ਨਾਗ ਡੱਸਦੇ ਹਨ
ਅਵਤਾਰ ਧਾਰਿਆ ਹੈ।
ਜ਼ਫ਼ਰਨਾਮਾ ਲਿਖਣ ਦਾ ਮੈਂ ਵਿਸ਼ਵਾਸ ਦਿੰਦਾ ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਅਜੇ ਤਾਂ ਮੈਂ ਚੰਡੀ ਦਾ ਵਰਦਾਨ ਲਿਆ ਹੈ
ਪਰ ਅਜੇ ਤਾਂ ਮਸਾਂ ਮੈਂ ਮਹਿਖਾਸਰ ਮਾਰਿਆ ਹੈ ।

—ਜੁਝਾਰ ਸਿੰਘ (ਆਰੰਭ, ਪੰਨਾ 51)

ਇਨ੍ਹਾਂ ਕਵਿਤਾਵਾਂ ਵਿਚ ਇਤਿਹਾਸਕ ਅਰਥ ਨੂੰ ਸਮਕਾਲੀ ਯਥਾਰਥ ਦੇ ਅਰਥ-ਨਿਰਣੇ ਦਾ ਆਧਾਰ ਬਣਾਉਣ ਦੀ ਥਾਂ ਇਤਿਹਾਸ-ਨਾਇਕਾਂ ਦੇ ਚਰਿਤਰ ਅਤੇ ਕਰਨੀ ਨਾਲ ਵਿਅਕਤੀਗਤ ਤਦਰੂਪਤਾ ਦੁਆਰਾ ਨਾਇਕ-ਪਦ ਤੇ ਸਸ਼ੋਭਿਤ ਹੋਣ ਦੀ ਰੁਚੀ ਸਾਂਝੀ ਹੈ। ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਇਸ ਰੁਚੀ ਨੂੰ ਇਨ੍ਹਾਂ ਕਵੀਆਂ ਦਾ ਪ੍ਰਚੰਡ ਹਉਮੈਵਾਦ ਕਿਹਾ ਹੈ। ਉਸ ਅਨੁਸਾਰ, "ਇਹ 'ਕਲਯੁਗ ਦੇ ਗੋਬਿੰਦ', ਗੋਬਿੰਦ-ਪਰੰਪਰਾ ਨੂੰ ਸਮਝਣੋਂ ਅਸਮਰਥ ਹਨ। ਇਕ ਪਾਸੇ ਇਹ 'ਕਲਯੁਗੀ ਗੋਬਿੰਦ ਸਿੰਘ' ਅਵਤਾਰ ਧਾਰਣ ਦਾ ਦਾਅਵਾ ਕਰਦੇ ਹਨ, ਦੂਜੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਆਪਣੇ ਆਪ ਨੂੰ ਪਰਮ-ਪੁਰਖ ਦਾ ਦਾਸ ਕਹਿੰਦੇ ਹੋਏ...ਆਪਣੇ ਮਿਸ਼ਨ ਦੀ ਪੂਰਤੀ ਦਾ ਸਿਹਰਾ ਜਨਤਾ ਦੇ ਸਿਰ ਬੰਨ੍ਹਦੇ ਹਨ। ਪਰਮ-ਪੁਰਖ ਦਾ ਦਾਸ ਆਪਣੇ ਆਪ ਨੂੰ ਕ੍ਰੋੜਾਂ ਗਰੀਬਾਂ ਵਿਚੋਂ 'ਇਕ' ਦਰਸਾਉਂਦਾ ਹੈ ਪਰ ਸਾਡੇ ਕਲਯੁਗੀ ਅਵਤਾਰ ਆਪਣੀਆਂ ਵਿਅਕਤੀਗਤ ਹਿੰਸਾਤਮਕ ਰਿਧੀਆਂ-ਸਿਧੀਆਂ ਨਾਲ ਸਭ ਕੁਝ ਹੀ ਕਰ ਵਿਖਾਉਣ ਦਾ ਦਾਅਵਾ ਕਰਦੇ ਹਨ। ਉਨ੍ਹਾਂ ਦੀ ਇਹ ਪ੍ਰਵਿਰਤੀ ਗੋਬਿੰਦ-ਪਰੰਪਰਾ ਦੇ ਉਲਟ ਸੁਫ਼ਨਈ ਵਿਅਕਤੀਗਤ ਸੂਰਮਗਤੀ ਦੀ ਹਉਮੈ ਨੂੰ ਦਰਸਾਂਦੀ ਹੈ।[28]

ਪਰ ਤਾਂ ਵੀ ਇਸ ਕਾਵਿ ਧਾਰਾ ਵਿਚ ਜਿਥੇ ਕਿਧਰੇ ਸਾਂਸਕ੍ਰਿਤਿਕ ਵਿਵੇਕ ਦੇ ਪਰਿਪੇਖ ਨੂੰ ਜਗਾਉਣ ਦੀ ਕੋਸ਼ਿਸ਼ ਨੂੰ ਯੋਗ ਅਭਿਵਿਅੰਜਨ ਪ੍ਰਾਪਤ ਹੋਇਆ, ਉਥੇ ਸਾਂਸਕ੍ਰਿਤਿਕ ਅਤੀਤ, ਤਤਕਾਲੀਨ ਯਥਾਰਥ ਵਿਚ ਨਿਸਚੈ ਹੀ ਗਤੀਸ਼ੀਲ ਸੰਭਾਵਨਾਵਾਂ ਪੈਦਾ ਕਰਨ ਦੇ ਸਮਰੱਥ ਪ੍ਰਤੀਤ ਹੁੰਦਾ ਹੈ।[29] ਗੁਰਦੀਪ ਗਰੇਵਾਲ, ਦਰਸ਼ਨ ਖਟਕੜ ਅਤੇ ਵਰਿਆਮ ਸੰਧੂ ਦੀਆਂ ਨਿਮਨ ਅੰਕਿਤ ਕਾਵਿ-ਪੰਕਤੀਆਂ ਵਿਚ ਅਤੀਤ ਨੂੰ ਸਮਕਾਲੀ ਸਥਿਤੀ ਦਾ ਪ੍ਰੇਰਣਾ-ਬਿੰਬ ਬਣਾਉਣ ਦੇ ਯਤਨ ਸਫ਼ਲ ਕਹੇ ਜਾ ਸਕਦੇ ਹਨ :

ਉਨ੍ਹਾਂ ਦੇ ਦਿਲ 'ਚ ਹੁਣ
ਸੂਰਜ ਉੱਭਰ ਆਇਆ ਹੈ
ਕਲਗੀਆਂ ਵਾਲੇ ਦੇ ਹਜ਼ੂਰ 'ਚ
ਸੀਸ ਪੇਸ਼ ਕਰਕੇ ਚੰਡੀ ਦੀ ਮੰਗ ਕੀਤੀ ਹੈ।

(ਅਰੰਭ, ਪੰਨਾ 48)

ਗੋਬਿੰਦ ਸਿੰਘ ਥਾਪਣਾ ਦੇ
ਕੱਚੀ-ਗੜ੍ਹੀ ਚਮਕੌਰ ਨੂੰ ਜਾਣ ਦੀ ਹਿੰਮਤ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਭੀ ਇਹ ਮਿੱਟੀ ਇਕ ਵਰਦਾਨ ਮੰਗਦੀ ਹੈ
ਕਿ ਸਾਡੇ ਵਿਚ ਤੂੰ ਸਲਾਮਤ ਰਹੇਂ ।

(ਸੰਗੀ ਸਾਥੀ, ਪੰਨਾ 9)

ਇਹ ਬਦਲਦੇ ਅਰਥਾਂ ਦਾ ਮੌਸਮ
ਕਲਮ ਦੇ ਉਸ ਸਫ਼ਰ ਦਾ ਸੂਚਕ
ਉਡੀਕ ਰਹੇ ਜਿਸ ਨੂੰ ਜ਼ਫ਼ਰਨਾਮੇ ਦੇ ਤੜਪਦੇ ਕਾਗਜ਼
ਤੇ ਜੇ ਸਫ਼ਰ ਦਾ ਮੌਸਮ ਹੈ ਤੇ ਕਿਸ ਨੂੰ ਉਡੀਕਦੇ ਹੋ ?
ਗੋਬਿੰਦ ਨੇ ਹੁਣ ਪਟਨੇ ਤੋਂ ਨਹੀਂ ਆਉਣਾ ।

(ਆਰੰਭ, ਪੰਨਾ 78)

ਡਾ. ਕਰਮਜੀਤ ਸਿੰਘ ਇਸ ਕਾਵਿ ਧਾਰਾ ਦਾ ਵਿਚਾਰਧਾਰਾਈ ਆਧਾਰ ਨਿਸ਼ਚਿਤ ਕਰਦਾ ਹੋਇਆ ਲਿਖਦਾ ਹੈ, "ਯਥਾਰਥ ਨਾਲ ਨਜਿੱਠਣ ਦਾ ਰੋਮਾਂਟਿਕ ਉਤਸ਼ਾਹ ਹੀ ਜੁਝਾਰ ਧਾਰਾ ਦੀ ਭਵਿਖ-ਦ੍ਰਿਸ਼ਟੀ ਦਾ ਆਧਾਰ ਬਣਦਾ ਹੈ । ਰੋਮਾਂਟਿਕ ਚੇਤਨਾ ਦੀ ਪੱਧਰ ਉਤੇ ਸਮਕਾਲੀ ਯਥਾਰਥ ਦੇ ਤਣਾਉ ਦਾ ਸਮਾਧਾਨ ਭਵਿੱਖ ਦੀ ਜਿੱਤ ਦੀ ਰੂਪ-ਰੇਖਾ ਨਿਸ਼ਚਿਤ ਕਰਦਾ ਹੈ । ਭਵਿਖ ਦੀ ਜਿੱਤ ਵਿਚ ਜੁਝਾਰ ਕਵੀਆਂ ਦਾ ਕਾਲਪਨਿਕ ਵਿਸ਼ਵਾਸ ਜੁਝਾਰ ਚੇਤਨਾ ਦੀ ਤਣਾਉ-ਮੁਕਤੀ ਦਾ ਸਾਧਨ ਵੀ ਬਣਦਾ ਹੈ ਅਤੇ ਵਿਚਾਰਧਾਰਾਈ ਆਦਰਸ਼ ਦੀ ਪੂਰਤੀ ਦਾ ਰੋਮਾਂਟਿਕ ਆਧਾਰ ਵੀ ਨਿਸ਼ਚਿਤ ਕਰਦਾ ਹੈ[30] ।"

ਸੁਹਜਵਾਦੀ ਕਾਵਿ ਧਾਰਾ

ਆਧੁਨਿਕ ਪੰਜਾਬੀ ਕਵਿਤਾ ਵਿਚ ਸੁਹਜਵਾਦੀ ਕਾਵਿ ਧਾਰਾ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਵਰਗੇ ਮੁਢਲੇ ਕਵੀਆਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ । ਭਾਈ ਵੀਰ ਸਿੰਘ-ਕਾਵਿ ਇਕ ਨਿਸ਼ਚਿਤ ਮਨੋਰਥ ਵੀ ਸਿੱਧੀ ਦੇ ਅਨੁਪਾਤ ਵਿਚ ਹੀ ਕਾਵਿ ਦੀ ਸੁਹਜਾਤਮਕ ਸਾਰਥਿਕਤਾ ਨਿਰਧਾਰਿਤ ਕਰਨ ਦੀ ਪ੍ਰਵਿਰਤੀ ਦੀ ਕਾਰਜਸ਼ੀਲਤਾ ਨੂੰ ਦਰਸਾਉਂਦਾ ਹੈ । ਭਾਈ ਸਾਹਿਬ ਸੁੰਦਰਤਾ ਨੂੰ ਵੀ ਦੈਵੀ ਸੁੰਦਰਤਾ ਦਾ ਪ੍ਰਕਾਸ਼ਨ ਮਾਤਰ ਮੰਨਦੇ ਹਨ । ਉਨ੍ਹਾਂ ਅਨੁਸਾਰ ਕਵਿਤਾ ਦਾ ਸੁਹਜ ਇਸਦੇ 'ਉੱਚ ਸੁੰਦਰਤਾ ਦੀ ਪ੍ਰਤੀਤੀ' ਹੋਣ ਵਿਚ ਹੀ ਨਿਹਿਤ ਹੈ ਅਤੇ ਕਵੀ 'ਉੱਚ ਸੁੰਦਰਤਾ' ਦੇ ਪ੍ਰਕਾਸ਼ਨ ਦਾ ਜ਼ਰੀਆ ਮਾਤਰ ਹੈ, ਆਪ ਸਿਰਜਕ ਜਾਂ ਕਰਤਾ ਨਹੀਂ । ਬੇਸ਼ੱਕ ਭਾਈ ਵੀਰ ਸਿੰਘ ਸੁਹਜ ਰਾਹੀਂ ਅਧਿਆਤਮ ਦੀ ਪਿਰਤ ਪਾਉਣ ਦਾ ਯਤਨ ਕਰ ਰਿਹਾ ਸੀ ਪਰ ਸੁਹਜ ਹੀ ਅਧਿਆਤਮ ਹੈ, ਇਸ ਸਹਿਜ ਅਨੁਭਵ ਦੇ ਦਰਸ਼ਨ, ਪੂਰਨ ਸਿੰਘ ਵਿਚ ਹੀ ਹੁੰਦੇ ਹਨ ।[31] ਪੂਰਨ ਸਿੰਘ ਵਿਸ਼ੇਸ਼ ਤੌਰ ਤੇ ਸਮਰੱਥਾਵਾਨ ਸੁਹਜ ਸੰਵੇਦਨਾ ਵਾਲਾ ਕਵੀ ਹੈ ਜਿਸ ਨੇ ਆਪਣੀ ਕਾਵਿ ਰਚਨਾ ਵਿਚ ਕਿਸੇ ਪ੍ਰਕਾਰ ਦੀ ਪ੍ਰਤੀਬੱਧਤਾ ਤੋਂ ਸੁਤੰਤਰ ਰਹਿ ਕੇ ਇਕ ਵਿਲੱਖਣ ਪ੍ਰਕ੍ਰਿਤੀ ਵਾਲੇ ਸੁਹਜ-ਜਗਤ ਦੀ ਸਿਰਜਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀ ਹੈ। ਇਸ ਜਗਤ ਦਾ ਹਰ ਵੇਰਵਾ ਸੁਹਜਾਤਮਕ ਹੈ।

ਅੰਮ੍ਰਿਤਾ-ਕਾਵਿ ਵਿਚ ਵੀ ਜਿਥੇ ਸਮਾਜਵਾਦੀ ਆਦਰਸ਼ ਦਾ ਅਧਾਰ ਇਸ਼ਕ ਦਾ ਆਦਰਸ਼ ਬਣਦਾ ਹੈ, ਉਥੇ ਕਵਿਤਾ ਦੀ ਸੁਹਜਾਤਮਕਤਾ ਵਿਸ਼ੇਸ਼ ਤੌਰ ਤੇ ਪ੍ਰਭਾਵਸ਼ਾਲੀ ਹੈ। ਕਠੋਰ ਸਮਾਜਿਕ ਯਥਾਰਥ ਦੀ ਪਿੱਠ ਭੂਮੀ ਵਿਚ ਔਰਤ ਦੇ ਕੋਮਲ ਜਜ਼ਬਿਆਂ ਦਾ ਸੁਹਜਾਤਮਕ ਪ੍ਰਸਤੁਤੀਕਰਣ ਅੰਮ੍ਰਿਤਾ-ਕਾਵਿ ਨੂੰ ਵਿਲੱਖਣਤਾ ਪ੍ਰਦਾਨ ਕਰਦਾ ਹੈ :

ਰਲ ਗਈ ਸੀ ਏਸ ਵਿਚ ਇਕ ਬੂੰਦ ਤੇਰੇ ਇਸ਼ਕ ਦੀ
ਇਸ ਲਈ ਮੈਂ ਉਮਰ ਦੀ ਸਾਰੀ ਕੁੜੱਤਣ ਪੀ ਲਈ।

(ਯਾਦਾਂ : ਕਾਗਜ਼ ਤੇ ਕੈਨੱਵਸ ਤੋਂ ਪਹਿਲਾਂ)

ਦੁਨੀਆਂ ਦੀ ਕਾਲਖ ਨੂੰ ਅਸੀਂ ਸਾਰੀ ਉਮਰ ਰੰਗਦੇ ਰਹੇ।
ਇਕ ਕਿਰਨ ਤੇਰੇ ਇਸ਼ਕ ਦੀ ਰਾਤਾਂ ਦੇ ਵਿਚ ਰਲਦੀ ਰਹੀ।

(ਰੌਸ਼ਨੀ : ਕਾਗਜ਼ ਤੇ ਕੈਨਵਸ ਤੋਂ ਪਹਿਲਾਂ)

ਪ੍ਰਗਤੀਵਾਦੀ ਵਿਚਾਰਧਾਰਾ ਨੂੰ ਸੁਹਜਮਈ ਅਭਿਵਿਅਕਤੀ ਪ੍ਰਦਾਨ ਕਰਨ ਵਾਲੀ ਵਿਲੱਖਣ ਕਾਵਿ ਸਮੱਰਥਾ ਦਾ ਪ੍ਰਾਣ ਬਾਵਾ ਬਲਵੰਤ-ਕਾਵਿ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਡਾ. ਬਲਜੀਤ ਕੌਰ ਬਾਵਾ ਬਲਵੰਤ ਦੀ ਸੁਹਜ-ਕਲਾ ਦਾ ਵਿਸ਼ਲੇਸ਼ਣ ਕਰਦੀ ਹੋਈ ਲਿਖਦੀ ਹੈ, "ਚਿੰਤਨ ਦੀ, ਭਾਵ ਦੀ ਇਕਸੁਰਤਾ ਹੋਣ ਕਰਕੇ ਇਹ ਕਾਵਿ ਬਹੁਤ ਹੱਦ ਤੱਕ ਹੋਰ ਪ੍ਰਗਤੀਵਾਦੀ ਕਾਵਿ ਵਾਲੀ ਨਾਅਰੇਬਾਜ਼ੀ ਤੇ ਪ੍ਰਚਾਰਣੀ-ਸੁਰ ਤੋਂ ਨਿੱਖੜਿਆ ਹੈ ਅਤੇ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਅਨੁਭਵੀ ਸਥਿਤੀਆਂ ਵਿਚ ਰੂਪਾਂਤਰਿਤ ਕਰਕੇ ਕਾਵਿ ਸੁਹਜ ਪ੍ਰਤਿ ਵਫ਼ਾਦਾਰੀ ਦਾ ਲਖਾਇਕ ਬਣਿਆ ਹੈ। ਸੁਹਜ ਪ੍ਰਤਿ ਲਗਾਉ ਅਤੇ ਸਮਾਜਿਕ ਕੁਹਜ ਦਾ ਨਾਸ਼ ਕਰਨ ਲਈ ਸਮਾਜਿਕ ਪਰਿਵਰਤਨ ਦੀ ਰੀਝ ਉਸ ਦੇ ਕਾਵਿ ਵਿਚ ਇਸ ਪ੍ਰਕਾਰ ਇਕ ਦੂਜੇ ਵਿਚ ਅਭੇਦ ਹਨ ਕਿ ਸਮਾਜਿਕ ਪਰਿਵਰਤਣ ਲਈ ਜੂਝਣ ਦੀ ਪ੍ਰੇਰਣਾ ਸੁਹਜ-ਰਸਿਕਤਾ ਤੋਂ ਪ੍ਰਾਪਤ ਹੁੰਦੀ ਮਹਿਸੂਸ ਹੁੰਦੀ ਹੈ[32]।" ਪ੍ਰੇਮਿਕਾ ਦਾ ਹੁਸਨ, ਪ੍ਰਕ੍ਰਿਤੀ ਦੀ ਸੁੰਦਰਤਾ, ਕਲਾ ਦੀ ਸੁਹਜਾਤਮਕਤਾ, ਸਾਰੇ ਰਲ ਮਿਲ ਕੇ ਇਕ ਸੁੰਦਰ ਸਮਾਜ ਦੀ ਉਸਾਰੀ ਦੇ ਪ੍ਰਗਤੀਵਾਦੀ ਆਦਰਸ਼ ਵੱਲ ਪ੍ਰੇਰਿਤ ਵੀ ਕਰਦੇ ਹਨ ਅਤੇ ਉਸ ਆਦਰਸ਼ ਨੂੰ ਸਾਕਾਰ ਕਰਨ ਵਿਚ ਯੋਗਦਾਨ ਵੀ ਦਿੰਦੇ ਹਨ :

ਤਸੱਵਰ ਨੇ ਬਣਾਇਆ ਦੇਵਤਾ ਮੈਨੂੰ ਸਚਾਈ ਦਾ
ਤਸੱਵਰ ਵਿਚ ਤੇਰੇ ਮੈਂ ਕੌਣ ਹਾਂ ਕੀ ਬਣਦਾ ਜਾਂਦਾ ਹਾਂ
ਤਸੱਵਰ ਵਿਚ ਤੇਰੇ ਬ੍ਰਹਿਮੰਡ ਨੂੰ ਗੋਦੀ ਖਿਡਾਂਦਾ ਹਾਂ
ਤਸੱਵਰ ਨੇ ਤੇਰੇ ਦਰਦੀ ਬਣਾਇਆ ਹੈ ਖੁਦਾਈ ਦਾ।

(ਸੁਨਹਿਰੀ ਸ਼ਾਮ : ਮਹਾਂ ਨਾਚ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਮਲ ਕਲਾ ਦੀ ਸੋਹਣੀ ਦੁਨੀਆਂ ਲਈ ਹੈ ਰਹਿਮਤ
ਦੁਖਾਂ ਗਮਾਂ ਦਾ ਸਿਰ ਤੇ ਚੁੱਕਦੀ ਏ ਭਾਰ ਸਾਰਾ
ਲੋਕਾਂ ਦੀ ਜ਼ਿੰਦਗੀ ਵਿਚ ਹੈ ਹੁਨਰਕਾਰ ਏਦਾਂ
ਫੁੱਲਾਂ ਦੀ ਹੈ ਸਭਾ ਵਿਚ ਚੱਲਦਾ ਹੋਇਆ ਫੁੱਵਾਰਾ ।

(ਇਕਰਾਰ ਦਾ ਇਸ਼ਾਰਾ : ਸੁਗੰਧ ਸਮੀਰ)

ਮਨੁੱਖੀ ਹੋਂਦ ਦੀ ਅਰਥਹੀਣਤਾ ਦੇ ਭਾਵ ਨੂੰ ਅਭਿਵਿਅਕਤ ਕਰਨ ਅਤੇ ਉਸ ਦੇ ਆਧਾਰਤ ਉਤੇ ਨਵੇਂ ਸੁਹਜ-ਆਦਰਸ਼ ਪ੍ਰਦਾਨ ਕਰਨ ਵਿਚ ਮੀਸ਼ਾ-ਕਾਵਿ ਵੀ ਉਲੇਖਯੋਗ ਹੈ । ਆਤਮ-ਕੇਂਦ੍ਰਿਤ ਜੀਵਨ ਦ੍ਰਿਸ਼ਟੀ, ਸੀਮਤ ਯਥਾਰਥ ਬੋਧ, ਅਨਿਸ਼ਚਿਤਤਾ ਦੇ ਸਹਿਮ ਹੇਠ ਸੁੰਗੜੀ ਚੇਤਨਾ, ਬੌਣੀ ਤੇ ਬੇਪਛਾਣ ਹੋਈ ਮਾਨਸਿਕਤਾ ਨੇ ਅੱਜ ਦੇ ਮਨੁੱਖ ਨੂੰ ਜਿਸ ਵਿਤਰੇਕਤਾ, ਖੰਡਿਤਾ ਅਤੇ ਤਣਾਉ ਦੇ ਰੂ-ਬ-ਰੂ ਲਿਆ ਖੜਾ ਕੀਤਾ ਹੈ । ਉਸਦਾ ਪ੍ਰਮਾਣਿਕ ਕਾਵਿ-ਬਿੰਬ ਸਿਰਜਣਾ ਅਜੋਕੀ ਕਵਿਤਾ ਦੀ ਸੁਹਜ-ਪ੍ਰਵਿਰਤੀ ਦੀ ਵਿਸ਼ੇਸ਼ ਦਿਸ਼ਾ ਹੈ ।[33] ਸੰਤੁਲਿਤ ਅਤੇ ਗੰਭੀਰਭਾਵੁਕ ਅੰਤਰ-ਦ੍ਰਿਸ਼ਟੀ ਦੁਆਰਾ ਗ੍ਰਹਿਣ ਕੀਤੇ ਆਤਮ ਤੇ ਅਨਾਤਮ ਯਥਾਰਥ ਦਾ ਸਹਿਜ-ਸੁਖਾਵਾਂ ਮੇਲ ਸਥਾਪਿਤ ਕਰਕੇ ਇਸ ਨੂੰ ਸਹਿਜ ਅਭਿਵਿਅੰਜਨ ਪ੍ਰਦਾਨ ਕਰਨ ਵਾਲੇ ਕਵੀਆਂ ਵਿਚ ਹਰਿਭਜਨ ਸਿੰਘ, ਤਾਰਾ ਸਿੰਘ, ਸੁਖਬੀਰ, ਜਗਤਾਰ, ਸੁਰਜੀਤ ਪਾਤਰ, ਮਿੰਦਰ ਅਤੇ ਦੇਵ ਦੇ ਨਾਮ ਵਿਸ਼ੇਸ਼ ਤੌਰ ਤੇ ਮਹੱਤਵਪੂਰਨ ਹਨ । ਆਧੁਨਿਕ ਯੁਗ ਦੀ ਇਹ ਨਵੀਂ ਚੇਤਨਤਾ ਵਾਲੀ ਪੰਜਾਬੀ ਕਵਿਤਾ ਮਨੁੱਖ ਦੇ ਸੰਪੂਰਨ ਵਿਅਕਤਿਤਵ ਦੀ ਤਲਾਸ਼ ਨੂੰ ਸਮਰਪਿਤ ਹੈ :

ਮੇਰੇ 'ਚੋਂ ਨਹਿਰੂ ਵੀ ਬੋਲਦਾ ਹੈ ਮਾਓ ਵੀ
ਕ੍ਰਿਸ਼ਨ ਵੀ ਬੋਲਦਾ ਹੈ ਕਾਮੂ ਵੀ
ਵਾਇਸ ਆਫ਼ ਅਮੈਰਿਕਾ ਵੀ
ਬੀ. ਬੀ. ਸੀ. ਵੀ
ਮੇਰੇ 'ਚੋਂ ਬਹੁਤ ਕੁਝ ਬੋਲਦਾ ਹੈ
ਨਹੀਂ ਬੋਲਦਾ ਤਾਂ ਬੱਸ ਮੈਂ ਨਹੀਂ ਬੋਲਦਾ
ਮੈਂ 8-ਬੈਂਡ ਦਾ ਸ਼ਕਤੀਸ਼ਾਲੀ ਬੁੱਧੀ ਜੀਵ ।

(ਸੁਰਜੀਤ ਪਾਤਰ : ਕੋਲਾਜ ਕਿਤਾਬ)

ਮੈਂ ਦੀਵਾਰ ਦੇ ਪਰਛਾਵੇਂ ਹੇਠ ਨਹੀਂ ਵਿਚਰਾਂਗਾ
ਮਿੱਠੀ ਜ਼ਹਿਰ ਏ ਦੀਵਾਰ ਦਾ ਪਰਛਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਦਾ ਭਰਮ, ਦੀਵਾਰ ਦਾ ਝਾਉਲਾ
ਦੀਵਾਰ ਦੋਸਤ ਨਹੀਂ ਹੋ ਸਕਦੀ ।

(ਦੇਵ : ਦੂਸਰੇ ਕਿਨਾਰੇ ਦੀ ਤਲਾਸ਼)

ਹਿਜਰ ਤੇਰੇ ਵਿਚ ਰੱਜ ਕੁਰਲਾਣੇ
ਪਰ ਨ ਸੁਰਤ ਵਿਸਾਰੀ ਆ ।
ਜੱਗ ਦੇ ਕੰਮ ਵੀ ਚੱਲਦੇ ਪਏ ਨੇ
ਤੇਰਾ ਇਸ਼ਕ ਵੀ ਜਾਰੀ ਆ ।

(ਤਾਰਾ ਸਿੰਘ : ਸਿੰਮਦੇ ਪੱਥਰ)

ਗ਼ਜ਼ਲ ਪਰੰਪਰਾ

ਪੰਜਾਬੀ ਗ਼ਜ਼ਲ ਦਾ ਮੁੱਢ ਸ਼ਾਹ ਮੁਰਾਦ ਦੇ 'ਦੀਵਾਨ ਗੁਲਜ਼ਾਰਿ ਸ਼ਾਹ ਮੁਰਾਦ' ਨਾਲ ਬੱਝਦਾ ਹੈ ਜੋ ਮੁਗਲ ਬਾਦਸ਼ਾਹ ਸ਼ਾਹ ਜਹਾਨ ਦੇ ਸਮੇਂ ਵਿਚ ਪੈਦਾ ਹੋਇਆ ਅਤੇ ਜਿਸਦੀ ਮ੍ਰਿਤੂ 1702 ਈ. ਵਿਚ ਹੋਈ । ਉਸ ਦੇ ਇਸ ਦੀਵਾਨ ਵਿਚ ਉਰਦੂ ਤੇ ਫ਼ਾਰਸੀ ਗ਼ਜ਼ਲਾਂ ਦੇ ਨਾਲ ਕੁਝ ਗ਼ਜ਼ਲਾਂ ਪੰਜਾਬੀ ਦੀਆਂ ਵੀ ਸ਼ਾਮਿਲ ਹਨ । ਉਸ ਤੋਂ ਪਿਛੋਂ ਸਆਦਤ ਯਾਰ ਖ਼ਾਂ ਰੰਗੀਨ, ਹਦਾਇਤ ਉੱਲਾ, ਲਾਹੌਰਾ ਸਿੰਘ, ਕੁਸ਼ਤਾ, ਹਮਦਮ ਤੇ ਅਰੋੜਾ ਰਾਇ ਦੇ ਨਾਮ ਮਸ਼ਹੂਰ ਹਨ । ਮੀਆਂ ਮੌਲਾ ਬਖਸ਼ ਕੁਸ਼ਤਾ (1876-1955) ਨੇ ਸਚੇਤ ਰੂਪ ਵਿਚ ਗ਼ਜ਼ਲ ਨੂੰ ਅਪਣਾਇਆ ਅਤੇ ਉਸਦਾ ਦੀਵਾਨ 1903 ਈ. ਵਿਚ ਪ੍ਰਕਾਸ਼ਿਤ ਹੋਇਆ । ਇਸ ਨੂੰ ਪੰਜਾਬੀ ਦਾ ਪਹਿਲਾ ਪ੍ਰਕਾਸ਼ਿਤ ਦੀਵਾਨ ਹੋਣ ਦਾ ਮਾਨ ਪ੍ਰਾਪਤ ਹੈ । ਫ਼ੀਰੋਜ਼ਦੀਨ ਸ਼ਰਫ਼, ਧਨੀਰਾਮ ਚਾਤ੍ਰਿਕ, ਵਜ਼ੀਰ ਚੰਦ ਲਾਹੌਰੀ, ਉਜਾਗਰ ਸਿੰਘ ਉਲਫ਼ਤ, ਵਿਧਾਤਾ ਸਿੰਘ ਤੀਰ, ਫ਼ਕੀਰ ਮੁਹੰਮਦ ਫ਼ਕੀਰ ਅਤੇ ਈਸ਼ਰ ਸਿੰਘ ਭਾਈਆ ਨੇ ਵੀ ਗ਼ਜ਼ਲਾਂ ਕਹੀਆਂ ।

ਪੰਜਾਬੀ ਗ਼ਜ਼ਲਾਂ ਵਿਚ ਆਧੁਨਿਕ ਰੰਗ ਲਿਆਉਣ ਦਾ ਮਹੱਤਵਪੂਰਣ ਕਾਰਜ ਪ੍ਰੋ. ਮੋਹਨ ਸਿੰਘ ਤੋਂ ਸ਼ੁਰੂ ਹੁੰਦਾ ਹੈ । ਰਵਾਇਤੀ ਗ਼ਜ਼ਲ ਗੁਲੋ-ਬੁਲਬਲ ਅਤੇ ਪੈਮਾਨਾ-ਓ-ਸਾਕੀ ਦੇ ਇਰਦ-ਗਿਰਦ ਘੁੰਮਦੀ ਸੀ ਪਰ ਮੋਹਨ ਸਿੰਘ ਨੇ ਫ਼ੈਜ਼ ਵਾਂਗ ਗ਼ਜ਼ਲ ਵਿਚ ਪ੍ਰਗਤੀਵਾਦੀ ਰੰਗ ਲਿਆਉਣ ਦੀ ਇਕ ਸਫ਼ਲ ਅਤੇ ਸਾਰਥਿਕ ਕੋਸ਼ਿਸ਼ ਕੀਤੀ । ਉਸ ਦੇ ਕੁਝ ਸ਼ੇਅਰ ਦੇਖੋ :

ਝੂਠੇ ਸਮਾਜਵਾਦ ਤੇ ਭੁੱਲਿਓ ਨਾ ਸਾਥੀਓ
ਜਿਉਂਦਾ ਬਦਲ ਕੇ ਭੇਸ ਅਜੇ ਤਕ ਕੁਬੇਰ ਹੈ...
ਕਾਹਦੀ ਖੁਸ਼ੀ ਜੇ ਚੜ੍ਹ ਗਈ ਇਕ ਪ੍ਰੀਤ ਨੇਪਰੇ
ਲੱਖਾਂ ਪ੍ਰੀਤਾਂ ਫਿਰਦੀਆਂ ਜਦ ਜੀ-ਭਿਆਣੀਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਾ ਬਲਵੰਤ ਨੇ ਪੰਜਾਬੀ ਗ਼ਜ਼ਲ ਵਿਚ ਮਾਨਵਵਾਦ ਅਤੇ ਸੁਹਜਵਾਦ ਦਾ ਇਕ ਅਦੁੱਤੀ ਸਮੀਕਰਣ ਪੇਸ਼ ਕੀਤਾ। ਉਸ ਦੀਆਂ ਗ਼ਜ਼ਲਾਂ ਦਾ ਮੁੱਖ ਥੀਮ ਸਮੁੱਚੀ ਮਾਨਮ ਜਾਤੀ ਦੇ ਸੁੰਦਰ ਅਤੇ ਕਲਿਆਣਕਾਰੀ ਭਵਿੱਖ ਨੂੰ ਪੇਸ਼ ਕਰਦਾ ਹੈ :

ਸੁੰਦਰ ਖਿਆਲ ਸੁੰਦਰ ਗੀਤਾਂ 'ਚ ਢਾਲਦਾ ਜਾ।
ਨਵ ਰਸ ਦੀ ਕਾਵਿ ਮਦਰਾ ਜਗ ਨੂੰ ਪਿਆਲਦਾ ਜਾ।

1960 ਈ. ਤੋਂ ਪਿੱਛੋਂ ਪੰਜਾਬੀ ਗ਼ਜ਼ਲ ਨੇ ਬਹੁਤ ਵਿਕਾਸ ਕੀਤਾ ਅਤੇ ਆਧੁਨਿਕ ਯੁੱਗ ਦੀ ਸੰਵੇਦਨਾ, ਪ੍ਰਮਾਣੂ ਯੁੱਗ ਤੇ ਮਨੁੱਖੀ ਮਨ ਦੀ ਪੀੜਾ ਤੇ ਵਿਸ਼ਾਦ ਦੇ ਨਾਲ-ਨਾਲ ਆਪਣੇ ਹੱਕਾਂ ਲਈ ਲੜ ਰਹੇ ਜੁਝਾਰੂ ਮਨੁੱਖ ਦੇ ਆਕ੍ਰੋਸ਼ ਅਤੇ ਵਿਦਰੋਹ ਤੇ ਅਜੋਕੇ ਆਦਮੀ ਦੇ ਪਿਆਰ-ਸੰਕਲਪ, ਪਿਆਰ-ਅਨੁਭਵ ਤੇ ਪਿਆਰ-ਦ੍ਰਿਸ਼ਟੀ ਦੀ ਅਭਿਵਿਅਕਤੀ ਕੀਤੀ ਹੈ। ਲਗ ਪਗ ਹਰ ਇਕ ਕਵੀ ਨੇ ਗ਼ਜ਼ਲ ਲਿਖਣ ਦੀ ਕੋਸ਼ਿਸ਼ ਕੀਤੀ। ਜਿਤਨੀ ਪ੍ਰਗਤੀ ਉਰਦੂ ਗ਼ਜ਼ਲ ਨੇ ਲਗਪਗ ਇਕ ਸਦੀ ਵਿਚ ਕੀਤੀ ਹੈ, ਪੰਜਾਬੀ ਗ਼ਜ਼ਲ ਨੇ ਦੋ-ਢਾਈ ਦਹਾਕਿਆਂ ਵਿਚ ਹੀ ਕਰ ਲਈ ਹੈ। ਸ਼ੁਰੂ-ਸ਼ੁਰੂ ਵਿਚ ਇਹ ਦਲੀਲਾਂ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਕਿ ਗ਼ਜ਼ਲ ਦਾ ਸੁਭਾਓ, ਪੰਜਾਬੀ ਭਾਸ਼ਾ ਦੇ ਮੁਹਾਵਰੇ ਨਾਲ ਮੇਲ ਨਹੀਂ ਖਾਂਦਾ ਸੋ ਉਰਦੂ ਸ਼ਬਦਾਵਲੀ ਦੇ ਪ੍ਰਯੋਗ ਤੋਂ ਬਿਨਾਂ ਗ਼ਜ਼ਲ ਕਹਿਣੀ ਮੁਸ਼ਕਿਲ ਹੈ ਪਰ ਤਖਤ ਸਿੰਘ ਨੇ ਠੇਠ ਪੰਜਾਬੀ ਸ਼ਬਦਾਵਲੀ ਦਾ ਪ੍ਰਯੋਗ ਕਰ ਕੇ ਪੰਜਾਬੀ ਵਿਚ ਬੜੇ ਪਾਏਦਾਰ ਸ਼ੇਅਰ ਕਹੇ ਹਨ। ਜਿਵੇਂ :

ਕੁਈ ਸ਼ਾਇਦ ਹੁਣੇ ਹੌਲੀ ਕੁ ਦੇਣੇ
ਰੁਕੇ ਸਾਹਾਂ ਦੇ ਪਿਛੋਂ ਬੋਲਿਆ ਸੀ।...
ਕਾਲੇ ਕਾਲੇ ਨੈਣ ਚਿਲਕਦੇ ਲੱਗਦੇ ਸਨ।
ਰਾਤੀਂ ਦੋ ਚਾਨਣ ਦੇ ਦਰਿਆ ਵਗਦੇ ਸਨ।

ਗੁਰਦੇਵ ਨਿਰਧਨ, ਅਜਾਇਬ ਕਮਲ, ਸੁਰਜੀਤ ਰਾਮਪੁਰੀ, ਜਗਤਾਰ, ਰਣਧੀਰ ਸਿੰਘ ਚੰਦ, ਦੇਵਿੰਦਰ ਜੋਸ਼, ਸੁਰਜੀਤ ਪਾਤਰ ਅਤੇ ਡਾ. ਤ੍ਰਿਲੋਕ ਸਿੰਘ ਆਨੰਦ ਵਰਗੇ ਗ਼ਜ਼ਲ-ਗੋਆਂ ਨੇ ਪੰਜਾਬੀ ਗ਼ਜ਼ਲ ਵਿਚ ਆਧੁਨਿਕਤਾ (ਜਦੀਦੀਅਤ) ਨਾਲ ਜੁੜੇ ਲਗਪਗ ਹਰ ਇਕ ਸੰਕਲਪ ਨੂੰ ਬੜੀ ਜਾਨਦਾਰ ਅਭਿਵਿਅਕਤੀ ਪ੍ਰਦਾਨ ਕੀਤੀ ਹੈ। ਉਦਾਹਰਣ ਲਈ ਇਨ੍ਹਾਂ ਸ਼ਾਇਰਾਂ ਦੇ ਕੁਝ ਇਕ ਸ਼ੇਅਰ ਦੇਖੋ :

ਲੱਖ ਤੂੰ ਨਜ਼ਰਾਂ, ਝੁਕਾ ਨਾ ਦੇਖ, ਪਰ ਦਿਸਾਂਗਾ ਦੇਖ
ਮੈਂ ਤਿਰੇ ਅੰਦਰ ਤੇ ਬਾਹਰ ਛਾ ਗਿਆ ਅਸਮਾਨ ਵਾਂਗ।

—ਅਜਾਇਬ ਚਿਤਰਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸਾਨੂੰ ਯਾਦ ਰੱਖਦਾ ਏਂ ਇਹ ਤੇਰੀ ਮਿਹਰਬਾਨੀ ਏ ।
ਇਸੇ ਹੀ ਆਸ ਤੇ ਜੀਣਾ ਅਸਾਡੀ ਜ਼ਿੰਦਗਾਨੀ ਏ ।

—ਸੁਰਜੀਤ ਰਾਮਪੁਰੀ

ਪੈਰਾਂ ਨੂੰ ਲਾ ਕੇ ਮਹਿੰਦੀ ਮੇਰੀ ਕਬਰ ਤੇ ਕੋਈ
ਕਲੀਆਂ ਚੜ੍ਹਾਉਣ ਆਇਆ ਪਰ ਅੱਗ ਲਾ ਗਿਆ ਹੈ ।

—ਜਗਤਾਰ

ਦੋਸਤਾਂ ਨੂੰ ਯਾਦ ਕਰ ਕੇ ਰੋ ਪਏ
ਦੁਸ਼ਮਣਾਂ ਦੇ ਜਦ ਗਲੇ ਲੱਗਣਾ ਪਿਆ ।...
ਵੱਖਰੇ ਵੱਖਰੇ ਰੂਪ ਨੇ ਸਭ ਇਕ ਮੇਰੀ ਪਿਆਸ ਦੇ
ਤਿੜਕਿਆ ਖ਼ੁਮ, ਉਜੜਿਆ ਖੂਹ ਇਕ ਦਰਿਆ ਸੁੱਕਿਆ ।

—ਰਣਧੀਰ ਸਿੰਘ ਚੰਦ

ਅਸਾਂ ਤਾਂ ਡੁੱਬ ਕੇ ਸਦਾ ਖੂਨ ਵਿਚ ਲਿਖੀ ਏ ਗ਼ਜ਼ਲ ।
ਉਹ ਹੋਰ ਹੋਣਗੇ ਲਿਖਦੇ ਨੇ ਜਿਹੜੇ ਬਹਿਰ ਅੰਦਰ ।

— ਸੁਰਜੀਤ ਪਾਤਰ

ਤੇਰੇ ਹੁੰਦਿਆਂ ਪਰਦਿਆਂ ਉਤਲੇ ਫੁੱਲਾਂ ਦੇ ਵਿਚ ਖੁਸ਼ਬੋਈ ਹੈ
ਤੇਰੇ ਬਾਝੋਂ ਚਾਦਰ ਉਤਲਾ ਮੋਰ ਸੁਨਹਿਰੀ ਮਰ ਜਾਵੇਗਾ ।

—ਤ੍ਰਿਲੋਕ ਸਿੰਘ ਆਨੰਦ

ਪਾਕਿਸਤਾਨੀ ਪੰਜਾਬੀ ਕਵਿਤਾ

1947 ਈ. ਦੀ ਵੰਡ ਨੇ ਪੰਜਾਬੀ ਬੋਲਦੇ ਇਲਾਕੇ ਨੂੰ ਦੋ ਦੇਸ਼ਾਂ ਵਿਚ ਵਿਭਾਜਿਤ ਕਰ ਦਿੱਤਾ । ਪੰਜਾਬ ਦਾ ਇਕ ਵੱਡਾ ਅਤੇ ਸਾਂਸਕ੍ਰਿਤਿਕ ਤੌਰ ਤੇ ਅਮੀਰ ਹਿੱਸਾ ਪਾਕਿਸਤਾਨ ਵੱਲ ਚਲਾ ਗਿਆ । ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਦੇ ਗੌਰਵ ਅਤੇ ਮਹੱਤਵ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਗਿਆ । ਸਰਕਾਰੀ ਬੋਲੀ ਉਰਦੂ ਹੋਣ ਕਾਰਣ ਅਤੇ ਬਸਤੀਵਾਦੀ ਰੁਝਾਣ ਕਰ ਕੇ ਲੋਕਾਂ ਦੇ ਅੰਗ੍ਰੇਜ਼ੀ-ਪ੍ਰੇਮੀ ਹੋਣ ਕਾਰਣ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਵੱਲ ਧਿਆਨ ਨਹੀਂ ਦਿੱਤਾ ਗਿਆ । ਤਾਂ ਵੀ ਪੰਜਾਬੀ ਦੇ ਕੁਝ ਅਦੀਬਾਂ ਨੇ ਵਿਕੋਲਿਤਰੇ ਅਤੇ ਇੱਕਾ-ਦੁੱਕਾ ਯਤਨਾਂ ਰਾਹੀਂ ਪੰਜਾਬੀ ਸਾਹਿੱਤ ਦੀ ਪਰੰਪਰਾ ਨੂੰ ਜਾਰੀ ਰੱਖਿਆ ਹੋਇਆ ਹੈ ।

ਪਾਕਿਸਤਾਨੀ ਕਵਿਤਾ ਵਿਚ ਅਹਿਮਦ ਰਾਹੀ, ਸਰੀਫ਼ ਕੁੰਜਾਹੀ ਅਤੇ ਬਾਕੀ ਸਦੀਕੀ ਵਰਗੇ ਕਵੀਆਂ ਨੇ ਇਸ ਵਿਚ ਮੁੱਲਪਰਕ ਪਰਿਵਰਤਨ ਲਿਆਂਦੇ । ਸ਼ਰੀਫ਼ ਕੁੰਜਾਹੀ ਨੇ ਪਾਕਿਸਤਾਨੀ ਕਵਿਤਾ ਵਿਚ ਆਧੁਨਿਕ ਚੇਤਨਾ ਲਿਆਉਣ ਦੇ ਮਹੱਤਵਪੂਰਨ ਕੰਮ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰੰਜਾਮ ਦਿੱਤਾ । ਉਸ ਦੀ ਇਕ ਕਵਿਤਾ ਦੇਖੋ :

ਸੋਚਨਾ ਵਾਂ ਦੁਨੀਆਂ ਨੂੰ ਕੇਹੀ ਵਗ ਗਈ ਏ
ਇਕੋ ਜਿਹੀ ਹਰ ਪਾਸੇ ਅੱਗ ਲੱਗ ਗਈ ਏ
ਲੋਟੀਆਂ ਨੇ, ਵਾਢੀਆਂ ਨੇ, ਦੰਗੇ ਨੇ ਫ਼ਸਾਦ ਨੇ
ਭੈੜ ਦੀਆਂ ਪੱਟੀਆਂ ਦੇ ਸਬਕ ਹੋਏ ਯਾਦ ਨੇ
ਬੁੱਢਿਆਂ ਨੂੰ ਮਾਰਨਾ
ਬੱਚਿਆਂ ਨੂੰ ਨੇਜ਼ਿਆਂ ਤੇ ਚਾੜ੍ਹਨਾ
ਭੋਲੇ ਭਾਅ ਜਾਂਦਿਆਂ ਦਾ
ਛੁਰੀਆਂ ਦੇ ਨਾਲ ਢਿੱਡ ਪਾੜਨਾ
ਕੁੱਲੀਆਂ ਨੂੰ ਫੂਕ ਕੇ ਤੇ ਵੱਸਦੇ ਉਜਾੜਨਾ
ਮਜ਼ਹਬਾਂ ਦੀ ਅੱਗ ਵਿਚ ਮਜ਼ਹਬਾਂ ਨੂੰ ਸਾੜਨਾ ।

—ਜਗਰਾਤੇ, ਪੰਨੇ 63-64

ਅਹਿਮਦ ਰਾਹੀ ਨੇ ਆਪਣੀਆਂ ਕਵਿਤਾਵਾਂ ਵਿਚ ਦੇਸ਼-ਵੰਡ ਦੇ ਸੰਤਾਪ ਨੂੰ ਇਤਿਹਾਸਕ ਪਿਛੋਕੜ ਵਿਚ ਰੱਖ ਕੇ ਵੇਖਣ ਦੀ ਕੋਸ਼ਿਸ਼ ਕੀਤੀ ਹੈ । ਅਹਿਮਦ ਸਲੀਮ ਦੀਆਂ ਕਵਿਤਾਵਾਂ ਵਿਚ ਇਹ ਧੁਨੀ ਵਧੇਰੇ ਤ੍ਰਾਸਦਕ ਹੋ ਗਈ ਹੈ । ਵੇਖੋ :

ਮੁੜ ਧਰਤੀ ਰੋ ਰੋ ਆਖਦੀ
ਤੁਸੀਂ ਸਭੇ ਮੇਰੇ ਲਾਲ ।
ਕਿਉਂ ਲਹੂ ਦੀਆਂ ਸਾਂਝਾਂ ਤੋੜ ਕੇ
ਲਾਈਆਂ ਗ਼ੈਰਾਂ ਨਾਲ ।
ਜਦ ਭਾਈਆਂ ਬਾਝ ਨਾ ਮਜਲਸਾਂ
ਜਦ ਯਾਰਾਂ ਬਾਝ ਨਾ ਪਿਆਰ ।
ਕੇਹਾ ਸੋਚ ਕੇ ਤੋੜੇ ਸਾਕ ਨੇ
ਕਿਉਂ ਖਿੱਚੀ ਹੈ ਤਲਵਾਰ ।
ਅਜੇ ਸੋਹਣੀ ਤਰਸੇ ਪਿਆਰ ਨੂੰ
ਅਜੇ ਹੀਰਾਂ ਲੁਕ ਲੁਕ ਰੋਣ ।
ਕਿਉਂ ਐਡੀਆਂ ਭੀੜਾਂ ਪੈਣ ਵੇ
ਜੇ ਦੁੱਖ ਸੁੱਖ ਸਾਂਝੇ ਹੋਣ ।

—ਤੰਨ-ਤੰਬੂਰ, ਪੰਨਾ 17

ਬਾਕੀ ਸਦੀਕੀ ਨੂੰ ਨਿੱਕੀਆਂ ਕਵਿਤਾਵਾਂ ਵਿਚ ਵੱਡੀ ਗੱਲ ਕਰਨ ਦੇ ਉਸਤਾਦ ਕਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਣ ਦਾ ਦਰਜਾ ਪ੍ਰਾਪਤ ਹੈ। ਕਿਸੇ ਕਵੀ ਵਿਚ ਇਸ ਗੁਣ ਦਾ ਹੋਣਾ ਉਸ ਦੇ ਆਧੁਨਿਕ ਕਵੀ ਹੋਣ ਦੀ ਨਿਸ਼ਾਨੀ ਹੈ। ਆਧੁਨਿਕ ਵਿਅਕਤੀ ਦੇ ਦੰਭ ਅਤੇ ਦੋਗਲੇਪਣ ਨੂੰ ਬਾਕੀ ਸਦੀਕੀ ਨੇ ਬੜੀ ਪ੍ਰਭਾਵਸ਼ਾਲੀ ਅਭਿਵਿਅਕਤੀ ਪ੍ਰਦਾਨ ਕੀਤੀ ਹੈ। ਜਿਵੇਂ :

ਮੈਂ ਇਨਸਾਨ
ਮੈਂਡੇ ਕਈ ਪਰਛਾਵੇਂ
ਹਿਕ ਪਰਛਾਵਾਂ
ਦੁਨੀਆਂ ਤੋਂ ਕੇ
ਹੋਰ ਪਰਛਾਵੇਂ ਮੈਂਡੇ ਅੰਦਰ ਸ਼ੂਕਣ
ਮੈਂਡੀ ਮਿੱਟੀ ਚੱਟਣ
ਮੈਂਡੀਆਂ ਨੀਹਾਂ ਪੱਟਣ
ਮੈਂ ਗੁਠਾਂ ਵਿਚ ਬੈਠਾ
ਦੁਨੀਆਂ ਕੋਲੋਂ ਡਰਨਾ
ਉਹਨਾਂ ਉੱਤੇ ਰੰਗ ਬਰੰਗੇ ਪਰਦੇ ਪਾਵਾਂ
ਲਾ ਲਾ ਕੇ ਖ਼ੁਸ਼ਬੂਆਂ
ਆਪਣਾ ਗੰਦ ਛੁਪਾਵਾਂ।

—ਮੈਂ ਤੇ ਮੈਂ

ਪਾਕਿਸਤਾਨ ਵਿਚ ਰਚੀ ਜਾ ਰਹੀ ਆਧੁਨਿਕ ਕਵਿਤਾ ਭਾਰਤ ਵਾਂਗ ਹੀ ਹਾਂ-ਮੁਖੀ ਅਤੇ ਨਾਂਹ-ਮੁਖੀ ਪ੍ਰਵਿਰਤੀਆਂ ਦੀ ਧਾਰਨੀ ਹੈ।[34] ਕੁਝ ਕਵੀ ਇਨ੍ਹਾਂ ਦੋਹਾਂ ਵਿਚਕਾਰ ਲਟਕ ਰਹੇ ਹਨ। ਇਸ ਦੀ ਸਭ ਤੋਂ ਨਿੱਖਰਵੀਂ ਉਦਾਹਰਣ ਫ਼ਖਰ ਜ਼ਮਾਨ ਇਕ ਪਾਸੇ ਤਾਂ 'ਅਖੀਰਲੀ ਈਦ' ਤੇ 'ਸਵਾਨ ਸੋਂਗ ਦਾ ਬਦਲਿਆ ਰੂਪ' ਵਰਗੀਆਂ ਕਵਿਤਾਵਾਂ ਲਿਖ ਰਿਹਾ ਹੈ, ਦੂਜੇ ਪਾਸੇ ਬੁਝਾਰਤਾਂ ਵਰਗੀਆਂ ਕਵਿਤਾਵਾਂ 'ਹੈਂਡਲ ਵਿਦ ਕੇਅਰ', 'ਐਲਕਾ ਸੈਲਟਜ਼ਰ' ਕਵਿਤਾਵਾਂ ਦੀ ਸਿਰਜਣਾ ਕਰ ਰਿਹਾ ਹੈ। ਅਸ਼ਲੀਲ ਕਵਿਤਾਵਾਂ ਵਿਚ ਵੀ ਉਸ ਦਾ ਕੋਈ ਸਾਨੀ ਨਹੀਂ :

"ਬੱਤੀ ਬੁਝਾ ਦੇਵਾਂ ?"
"ਤੁਸੀਂ ਬਲਦੀ ਈ ਰਹਿਣ ਦਿਉ।"
"ਏਨੇ ਚਾਨਣ ਵਿਚ ?"
"ਫੇਰ ਕੀ ਹੋਇਆ-ਸਾਡੀ ਕਿਹੜੀ ਚੀਜ਼
ਇਕ ਦੂਜੇ ਕੋਲੋਂ ਲੁਕੀ ਹੋਈ ਏ।"
"ਪਰ ਫੇਰ ਵੀ—ਮਾੜੀ ਗੱਲ ਏ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਸ਼ਰਮ ਆਉਂਦੀ ਏ ?
ਅੱਛਾ-ਇੰਜ ਕਰਨੇ ਆਂ
ਜ਼ੀਰੋ ਬੱਲਬ ਜਲਾ ਲੈਨੇ ਆਂ।"
"ਬੜੇ ਢੀਠ ਓ
ਬਾਲੋ ਤੇ ਆ ਜਾਉ ਛੇਤੀ।"

—ਕਨਸੋ ਵੇਲੇ ਦੀ, ਪੰਨਾ 73

ਪਾਕਿਸਤਾਨ ਦੇ ਕੁਝ ਕਵੀ ਸ਼ਾਇਦ ਯੌਨ-ਸੰਬੰਧਾਂ ਦੇ ਮੁਕਤ ਪ੍ਰਗਟਾਵੇ ਨੂੰ ਹੀ ਆਧੁਨਿਕਤਾ ਮੰਨੀ ਬੈਠੇ ਹਨ। ਮੁਸ਼ਤਾਕ ਸੂਫ਼ੀ ਦੇ ਕਾਵਿ ਸੰਗ੍ਰਹਿ 'ਸਾਵੀ ਦਾ ਚੋਲਾ' ਵਿਚ ਵੀ ਇਹੀ ਰੰਗ ਦੇਖਿਆ ਜਾ ਸਕਦਾ ਹੈ। ਦੇਖੋ :

ਖੱਸੀ ਪਿਉ ਚੜ੍ਹ ਸਾਡੀ ਮਾਂ ਦੇ ਬੁਬੇ ਪੁੱਟਦਾ
ਰਤੀਆਂ ਗੱਲ੍ਹਾਂ ਤੇ ਚੱਕ ਵੱਢਦਾ।
.. ਮਾਂ ਸਾਡੀ ਮਰੀਅਮ ਨਾ ਕਿਵੇਂ ਈਸਾ ਜੰਮਦਾ
ਮਾਂ ਦਾ ਸੁੱਖਣਾ ਢਿੱਡ ਸਾਨੂੰ ਐਥੇ ਮਿਹਣੇ ਕੱਢ ਮਰੀਂਦਾ।

—ਸਾਵੀ ਦਾ ਚੋਲਾ, ਪੰਨਾ 18

ਡਾ. ਅਤਰ ਸਿੰਘ ਨੇ 'ਦੁੱਖ ਦਰਿਆਉਂ ਪਾਰ ਦੇ' ਵਿਚ ਪਾਕਿਸਤਾਨੀ ਕਾਵਿ ਦਾ ਵਿਸ਼ਲੇਸ਼ਣ ਕਰਦਿਆਂ ਇਸ ਦੀ ਅਸਪਸ਼ਟਤਾ ਵਲ ਸਾਡਾ ਧਿਆਨ ਦਿਵਾਇਆ ਸੀ। ਉਸ ਅਨੁਸਾਰ ਪਾਕਿਸਤਾਨ ਵਿਚ ਫੌਜੀ ਰਾਜ ਦੇ ਅੰਤਕ ਨੇ ਉਥੋਂ ਦੇ ਕਵੀਆਂ ਨੂੰ ਸਿੱਧੀ ਅਤੇ ਸਪਸ਼ਟ ਗੱਲ ਕਹਿਣ ਦੀ ਜੁਰਅਤ ਨਹੀਂ ਦਿੱਤੀ। ਸਿੱਟੇ ਵਜੋਂ ਪਾਕਿਸਤਾਨ ਦੇ ਆਧੁਨਿਕ ਕਵੀਆਂ ਨੇ ਪ੍ਰਤੀਕਾਂ ਰਾਹੀਂ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਪਰ ਕਿਉਂਕਿ ਇਨ੍ਹਾਂ ਕਵੀਆਂ ਦੇ ਪ੍ਰਤੀਕ ਉਨ੍ਹਾਂ ਦੇ ਸਭਿਆਚਾਰ ਦੇ ਗਤੀਸ਼ੀਲ ਮੁਹਾਵਰੇ ਵਿਚੋਂ ਪੈਦਾ ਨਹੀਂ ਹੋਏ, ਇਸ ਲਈ ਅਰਥ-ਸੰਚਾਰ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਅਸਪਸ਼ਟ ਕਵਿਤਾਵਾਂ ਦੇ ਸੰਦਰਭ ਵਿਚ ਸਭ ਤੋਂ ਵੱਧ ਅਸਪਸ਼ਟ ਤੇ ਧੁੰਦਲੀਆਂ ਕਵਿਤਾਵਾਂ ਲਾਈਕ ਬਾਬਰੀ ਦੀਆਂ ਹਨ। 'ਘੁੱਗੂ ਘੋੜੇ' ਵਿਚ ਸੰਕਲਿਤ ਉਸ ਦੀਆਂ ਕਵਿਤਾਵਾਂ ਅਰਥਹੀਣਤਾ ਦੀ ਹੱਦ ਤਕ ਅਸਪਸ਼ਟ ਹਨ। 'ਪੰਜ ਦਰਿਆ' ਲਾਹੌਰ ਦੇ ਨਜ਼ਮ ਨੰਬਰ ਵਿਚ ਉਸ ਦੀ ਇਕ ਕਵਿਤਾ ਵੇਖੋ :

ਸਮਝੋਂ ਪਾਰ ਘੁੱਗੀਆਂ ਦਾ ਰੌਲਾ
ਸੰਗਲਾਂ ਦੀ ਲਲਕਾਰ
ਡੁੱਬਿਆ ਜੀਵਨ ਬੇੜੀ ਤੇਜ ਚਲਾਉ
ਤਨਹਾਈ ਦੇ ਕੰਨ ਪਲਾਂ ਅੱਗ ਲਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਠਰਿਆ ਪਿੰਡਾ
ਪੱਥਰਾਂ ਵਿਚ ਗਵਾਚੇ ਮਿੱਤਰਾਂ ਦੇ ਪਵਿੱਤਰ ਬੋਲ
ਬਨੇਰੇ ਉਤੇ ਅਣ-ਬੁਝੀ ਰਾਖ
ਕਲੀ ਕਲੀ ਦਾ ਮਾਤਮ
ਹਸਤੀ ਦੀ ਬੇਹੋਸ਼ ਪੁਕਾਰ
ਛੇਤੀ ਮੋੜ ਮੁਹਾਰਾਂ ਤਾਂ ਸਖੀਆਂ ਦਾ ਸੰਧੂਰ ਨਾ ਲੱਥੇ ।

—ਪੰਜ ਦਰਿਆ, ਲਾਹੌਰ, ਪੰਨਾ 136

ਪਾਕਿਸਤਾਨ ਵਿਚ ਨਜਮ ਹੁਸੈਨ ਸ਼ਬਦ ਅਤੇ ਮੁਨੀਰ ਨਿਆਜ਼ੀ ਦੋ ਅਜਿਹੀਆਂ ਸੰਸਥਾਵਾਂ ਹਨ ਜਿਨ੍ਹਾਂ ਨਾਲ ਆਧੁਨਿਕ ਪੰਜਾਬੀ ਕਵਿਤਾ ਦੀ ਪੂਰੀ ਦੀ ਪੂਰੀ ਇਕ-ਇਕ ਪੀੜ੍ਹੀ ਬੱਝੀ ਹੋਈ ਹੈ । ਮਨਜੂਰ ਇਜਾਜ਼, ਅਜ਼ਰਾ ਵਕਾਰ, ਇੱਜ਼ਤ ਮਜੀਦ, ਮੁਸ਼ਤਾਕ ਸੂਫ਼ੀ, ਅਕਰਮ ਵੜੈਚ ਅਤੇ ਅਕਮਲ ਹੁਸੈਨ ਵਰਗੇ ਕਵੀ ਨਜ਼ਮ ਹੁਸੈਨ ਦੀ ਪਰੰਪਰਾ ਵਿਚ ਹਨ ਅਤੇ ਸ਼ਾਹੀਨ ਨਾਜ਼ਲੀ, ਮਾਜਿਦ ਸਦੀਕੀ, ਏ. ਸ਼ਾਦ, ਸਲਮਾਨ ਸਈਦ ਵਰਗੇ ਕਵੀ ਮੁਨੀਰ ਨਿਆਜ਼ੀ ਦੀ ਪਰੰਪਰਾ ਨਾਲ ਜੁੜੇ ਹੋਏ ਹਨ ।[35] ਇਨ੍ਹਾਂ ਵਿਚੋਂ ਕੁਝ ਕਵੀਆਂ ਦਾ ਕਲਾਮ ਦੇਖੋ :

ਰਾਤ ਪਈ ਤੇ ਚੁਲ੍ਹਾ ਬੁਝ ਗਿਆ
ਖਿੜ ਖਿੜ ਹੱਸਿਆ ਤਵਾ
ਹੱਸਦਿਆਂ ਹੱਸਦਿਆਂ ਕਿਰ ਗਈਆਂ ਦੰਦੀਆਂ
ਮੂੰਹ ਤੇ ਲੋਈ ਲਈ
ਤਵੇ ਤੇ ਪਾਈ ਗਿੱਲੀ ਟਿੱਕੀ
ਸਾਰੀ ਰਾਤ ਰਹੀ ਪਈ ।

—ਨਜਮ ਹੁਸੈਨ, ਚੰਦਨ ਰੁਖ ਤੇ ਵਿਹੜਾ, ਪੰਨਾ 29

ਉਮਰਾਂ ਲੰਘੀਆਂ ਪੱਬਾਂ ਭਾਰ
ਕਦੇ ਨਾ ਸੁੱਖ ਸੁਨੇਹਾ ਘੱਲਿਆ
ਫੁੱਲਾਂ ਦੇ ਰੰਗ ਕਾਲੇ
ਸੁਰਖ਼ ਗੁਲਾਬਾਂ ਦੇ ਮੌਸਮ ਵਿਚ ਫੁੱਲਾਂ ਦੇ ਰੰਗ ਕਾਲੇ
ਰੁੜ੍ਹਦੇ ਰੁੜ੍ਹਦੇ ਮੌਤ ਦੇ ਸ਼ਹੁ ਦਰਿਆਵਾਂ ਅੰਦਰ
ਕਦੀ ਨਾ ਕੰਢੇ ਲੱਗੇ
ਅੰਦਰੋ ਅੰਦਰ ਵਗਦਾ ਰਹਿੰਦਾ ਪਾਣੀ ਦਰਦ ਹਯਾਤੀ ਦਾ
ਸਾਡੀਆਂ ਉਮਰਾਂ ਤੋਂ ਵੀ ਵੱਡੀ ਉਮਰ ਏ ਤੇਰੀ
ਹਾਲੇ ਨਾ ਵੱਸ ਵੇ ਕਾਲਿਆ !!

—ਮਜ਼ਹਰ ਤਰਮਜ਼ੀ (ਰੁੱਤ ਲੇਖਾ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰੇ ਸੀ ਮੰਦਰ ਭੈਰੋ ਦਾ
ਪਰੇ ਹਵਾ ਸੀ ਰੁਾਂ ਵਿਚ
ਧੁੱਪ ਸੀ ਸ਼ੀਸ਼ਾ ਚਾਂਦੀ ਦਾ
ਚਮਕ ਗਿਆ ਸੀ ਸਾਵ੍ਹਾਂ ਵਿਚ

—ਮੁਨੀਰ ਨਿਆਜ਼ੀ (ਧੁੱਪ ਵਿਚ ਦੋ ਸਫੈਦ ਔਰਤਾਂ)

ਪਾਕਿਸਤਾਨੀ ਪੰਜਾਬੀ ਵਿਚ ਆਧੁਨਿਕਤਾ ਦੇ ਸੰਕਲਪ ਦਾ ਲੇਖਾ-ਜੋਖਾ ਕਰਦਾ ਹੋਇਆ ਡਾ. ਜਗਤਾਰ ਲਿਖਦਾ ਹੈ, "ਅਕੀਲ ਸ਼ਫੀ, ਏ. ਸ਼ਾਦ, ਸ਼ਾਹੀਨ ਨਾਜ਼ਲੀ ਤੇ ਸਲਮਾਨ ਸਈਦ ਦੀਆਂ ਕਵਿਤਾਵਾਂ ਵਿਚ ਮੁਨੀਰ ਨਿਆਜ਼ੀ ਨਾਲੋਂ ਸ਼ਬਦਾਵਲੀ, ਬਿੰਬਾਵਲੀ, ਪ੍ਰਗਟਾ, ਵਿਸ਼ੇ ਤੇ ਰੂਪ ਵਿਚ ਕੋਈ ਭਿੰਨਤਾ ਨਹੀਂ। ਜੋ ਉਪਰੋਕਤ ਸਾਰੀਆਂ ਕਵਿਤਾਵਾਂ ਕਿਸੇ ਵੀ ਇਕ ਕਵੀ ਦੇ ਨਾਂ ਹੇਠਾਂ ਛਪ ਜਾਣ ਤਾਂ ਪਤਾ ਨਹੀਂ ਲੱਗੇਗਾ ਕਿ ਇਹ ਕਿਸ-ਕਿਸ ਦੀ ਕਵਿਤਾ ਹੈ। ਅਸ਼ਫਾਕ ਅਹਿਮਦ ਅਤੇ ਕਈ ਹੋਰ ਪਾਕਿਸਤਾਨੀ ਆਲੋਚਕਾਂ ਨੇ ਇਨ੍ਹਾਂ ਕਵਿਤਾਵਾਂ ਤੋਂ ਆਧੁਨਿਕ ਭਾਵ ਬੋਧ ਅਤੇ ਆਧੁਨਿਕ ਪ੍ਰਗਟਾ ਵਿਧੀ ਵਾਲੀਆਂ ਕਵਿਤਾਵਾਂ ਹੋਂਣ ਦਾ ਭੁਲੇਖਾ ਖਾਧਾ ਹੈ। ਹਾਲਾਂ ਕਿ ਆਧੁਨਿਕ ਭਾਵ ਬੋਧ ਦਾ ਪ੍ਰਗਟਾ ਨਜ਼ੀਰ ਕੈਸਰ, ਨਜ਼ਮ ਹੁਸੈਨ, ਇਕਬਾਲ ਸਲਾਹੁੱਦੀਨ, ਨਸਰੀਨ ਅੰਜੁਮ ਭੱਟੀ, ਸਾਰਾ ਸ਼ਗੁਠਤਾ, ਮੁਨੂੰ ਭਾਈ, ਸ਼ਾਇਸਤਾ ਹਬੀਬ, ਅਬਾਸ ਅਤਹਰ, ਸਲੀਮੁਰ ਰਹਿਮਾਨ, ਮਲਕ ਜ਼ਮੁਰਦ ਆਦਿ ਦੀਆਂ ਕਵਿਤਾਵਾਂ ਵਿਚ ਬੜੀ ਸਫ਼ਲਤਾ ਨਾਲ ਅਭਿਵਿਅਕਤ ਹੋਇਆ ਹੈ, ਉਪਰੋਕਤ ਕਵੀਆਂ ਦੀਆਂ ਕਵਿਤਾਵਾਂ ਵਿਚ ਨਹੀਂ[36]।" ਇਸ ਦੀਆਂ ਕੁਝ ਉਦਾਹਰਣਾਂ ਵੇਖੋ :

ਮੈਂ ਬੁਝਾਰਤ
ਰਾਤ, ਹਵਾ ਤੇ ਪਰਛਾਵੇਂ ਦਾ ਪਿੰਜਰਾ ਕੋਈ ਨਾ ਖੋਲ੍ਹੇ
ਡਰਦਾ ਕੋਈ ਨਾ ਬੋਲੇ
ਡੁੱਬਦਾ ਸੂਰਜ – ਰਾਤ, ਹਵਾ ਤੇ ਪਰਛਾਵੇਂ ਦੇ ਪਿੱਛੇ ਡੁੱਬਦਾ ਜਾਵੇ
ਮੈਂ ਬੁਝਾਰਤ
ਹਰਫ਼ਾਂ ਦੀ ਕਾਲੀ ਪੰਡ ਖੋਲ੍ਹ ਕੇ
ਮੇਰੇ ਤੀਕਰ ਕੋਈ ਨਾ ਅੱਪੜੇ
ਕਿਹੜੀ ਫ਼ਜ਼ਰ ਦੇ ਤਾਰੇ ਨੂੰ ਮੈਂ ਕੁੰਜੀ ਆਖਾਂ
ਹਰਫ਼ਾਂ ਦੀ ਪੰਡ ਲਾਹ ਕੇ ਕਿਹੜੇ ਖੂਹ ਵਿਚ ਸੱਟਾਂ
ਕਿਹੜੇ ਸੂਰਜ ਅਗੇ ਜਾ ਕੇ
ਆਪਣੇ ਆਪ ਨੂੰ ਗ਼ੈਬੋਂ ਕੱਢਾਂ
ਮੈਂ ਬੁਝਾਰਤ
ਰਾਤ, ਹਵਾ ਤੇ ਪਰਛਾਵੇਂ ਦਾ ਪਿੰਜਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਹੜੈ ਦਿਨ ਦੀ ਦਸਤਕ ਸੁਣ ਕੇ ਆਪਣਾ ਪਿੰਜਰਾ ਖੋਲ੍ਹੇਗਾ
ਕਦੋਂ ਹਨੇਰਿਆਂ ਪਾਣੀਆਂ ਪਿੱਛੋਂ ਡੁੱਬਿਆ ਸੂਰਜ ਜਾਗੇਗਾ ।

—ਕਸੀਰ ਕੈਸਿਰ

ਕਾਲੀਆਂ ਸੜਕਾਂ ਉੱਤੇ ਸੂਹੇ ਫੁੱਲ ਉਗਾਵਣ ਵਾਲੇ
ਇਕ ਇਕ ਕਰਕੇ ਅੱਗੇ ਪਿੱਛੇ
ਖਾਲੀ ਹੱਥੀਂ ਟੁਰ ਗਏ
ਸੂਰਜ ਰੁੱਠ ਗਿਆ ਸਾਡੇ ਵਤਨਾ ਤੋਂ
ਲੋਕੀਂ ਸ਼ੋ ਕੇਸਾਂ ਵਿਚ ਸੱਜ ਗਏ
ਸਾਮ੍ਹਣੇ ਅੱਖ ਨਾ ਚੁੱਕਣ, ਸਿੱਧਾ ਬੋਲ ਨਾ ਬੋਲਣ
ਕੱਪੜੇ ਪਾੜ ਕੇ ਨੰਗੇ ਹੋ ਕੇ ਬਾਹਰ ਨਾ ਆਏ
ਪਿਛਲੀ ਰਾਤੇ ਕੁੱਤਿਆਂ ਵਾਂਗੂ ਕੂਕਾਂ ਮਾਰਕੇ ਰੋਏ
ਲੋਕੀਂ ਸ਼ੋ ਕੇਸਾਂ ਵਿਚ ।

—ਅਬਾਸ ਅਤਹਰ

ਮੈਨੂੰ ਆਪਣੇ ਮੀਆਂ ਜੀ ਦੀਆਂ ਅੱਖਾਂ ਚੰਗੀਆਂ ਲੱਗਦੀਆਂ ਨੇ
ਉਹਨਾਂ ਦੇ ਵਿਚ ਰੇਲ ਦੀ ਪਟੜੀ
ਆਉਂਦੀਆਂ ਜਾਂਦੀਆਂ ਗੱਡੀਆਂ
ਮਾਲ ਗੱਡੀ ਦੇ ਖਾਲੀ ਡੱਬੇ ਲਾਲ ਤੇ ਹਰੀਆਂ ਝੰਡੀਆਂ
ਟੋਕਨ ਕੈਸ਼ ਤੇ ਉਮਰਾਂ ਦੇ ਜਗਰਾਤੇ
ਨਾਈਟ ਵੀਜ਼ਨ ਟੈਸਟ ਦੀ ਬਕ ਬਕ ਝਕ ਝਕ

—ਮੁਨੂੰ ਭਾਈ (ਲੋਅ)

ਆਧੁਨਿਕ ਪੰਜਾਬੀ ਕਾਵਿ : ਸੀਮਾ ਤੇ ਸੰਭਾਵਨਾ

ਪੱਛਮੀ ਸਾਹਿੱਤ ਦੇ ਪ੍ਰਸੰਗ ਵਿਚ ਆਧੁਨਿਕ ਲਹਿਰ ਇਕ ਭੂਤ ਕਾਲ ਦੀ ਗੱਲ ਬਣ ਕੇ ਰਹਿ ਗਈ ਹੈ । ਇਹ ਇਕ ਚੈਲਿੰਜ ਦੇ ਰੂਪ ਵਿਚ ਉਤਪੰਨ ਹੋਈ ਸੀ। ਇਹ ਚੈਲਿੰਜ ਇਕ ਅਜਿਹੀ ਦੁਨੀਆਂ ਦੀਆਂ ਪਰਿਸਥਿਤੀਆਂ ਦੁਆਰਾ ਪੈਦਾ ਹੋਏ ਅਨੁਭਵ ਦਾ ਸੀ ਜਿਹੜਾ ਪਰੰਪਰਾ ਨਾਲੋਂ ਬਿਲਕੁਲ ਹਟਕੇ ਸੀ । ਇਸ ਮਨੋਰਥ ਦੀ ਸਿੱਧੀ ਵਾਸਤੇ ਬਹੁਤ ਸਾਰੀਆਂ ਨਵੀਆਂ ਤਕਨੀਕਾਂ ਅਤੇ ਅੰਤਰ-ਦ੍ਰਿਸ਼ਟੀਆਂ ਹੋਂਦ ਵਿਚ ਆਈਆਂ । ਲੇਖਕਾਂ ਨੇ ਭੂਤ ਕਾਲ ਵਾਸਤੇ ਵੀ ਇਕ ਦ੍ਰਿਸ਼ਟੀਕੋਣ ਆਪਣਾ ਰੱਖਿਆ ਸੀ । ਆਧੁਨਿਕ ਹੋਣਾ ਇਕ ਤਰ੍ਹਾਂ ਨਾਲ ਪਾਰੰਪਰਿਕ ਹੋਣਾ ਸੀ । ਭਾਵੇਂ ਇਸ ਦਾ ਮਤਲਬ ਪਰੰਪਰਾ ਵੱਲ ਵਾਪਸੀ ਨਹੀਂ ਸੀ ਬਲਕਿ ਇਸ ਦੀ ਪੁਨਰ-ਵਿਆਖਿਆ ਸੀ ਤਾਂ ਆਧੁਨਿਕ ਸਮਗਰੀ ਨੂੰ ਦੇਖਣ ਅਤੇ ਰੂਪਾਂਤਰਿਤ ਕਰਨ ਦੀਆਂ ਕਾਰਗਰ ਵਿਧੀਆਂ ਲੱਭੀਆਂ ਜਾ ਸਕਣ । ਆਧੁਨਿਕ ਸਾਹਿੱਤਕਾਰ ਪਰੰਪਰਾ ਵੱਲ ਵਾਪਸ ਨਹੀਂ ਮੁੜੇ ਸਗੋਂ ਉਹ ਪਰੰਪਰਾ ਨੂੰ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਥਿਆਰ ਦੇ ਰੂਪ ਵਿਚ ਅੱਗੇ ਲੈ ਆਏ ਜ਼ਿਸ ਦੁਆਰਾ ਵਰਤਮਾਨ ਉੱਪਰ ਧਾਵਾ ਬੋਲਿਆ ਜਾ ਸਕੇ ।

ਆਧੁਨਿਕ ਲਹਿਰ ਇਕ ਚੈਲਿੰਜ ਬਣੀ ਰਹੀ । ਇਸਦਾ ਸਭ ਤੋਂ ਵੱਡਾ ਕਾਰਣ ਇਹ ਹੈ ਕਿ ਮਹਾਨ ਆਧੁਨਿਕ ਸਾਹਿੱਤਕਾਰਾਂ ਨੇ ਆਧੁਨਿਕ ਜਗਤ ਦੇ ਅਨੁਭਵ ਨੂੰ ਇਕ ਇਕਾਈ ਦੇ ਰੂਪ ਵਿਚ ਵੇਖਿਆ । ਉਨ੍ਹਾਂ ਨੇ ਅਜਿਹੀਆਂ ਕਿਰਤਾਂ ਸਿਰਜਣ ਦੀ ਕੋਸ਼ਿਸ਼ ਕੀਤੀ ਜਿਹੜੀਆਂ ਵਰਤਮਾਨ ਦੇ ਅਨੁਭਵ ਨੂੰ ਬਿਲਕੁਲ ਵੱਖਰੇ ਅਤੇ ਵਿਸ਼ੇਸ਼ ਰੂਪ ਵਿਚ ਅਭਿਵਿਅਕਤ ਕਰਦੇ ਸਨ ਕਿ ਉਦਯੋਗਵਾਦੀ ਸੋਸਾਇਟੀਆਂ ਨੇ ਵਿਅਕਤੀ ਅਤੇ ਉਸਦੇ ਪਰਿਵੇਸ਼ ਵਿਚਲੇ ਸਾਰੇ ਰਿਸ਼ਤਿਆਂ ਨੂੰ ਬਦਲ ਕੇ ਰੱਖ ਦਿੱਤਾ ਹੈ । ਵੀਹਵੀਂ ਸਦੀ ਵਿਚ ਜੋ ਕੁਝ ਵੀ ਅਨੁਭਵ ਕੀਤਾ ਗਿਆ ਉਸ ਉਤੇ ਇਸ ਸਦੀ ਦੀ ਵਿਲੱਖਣਤਾ ਦੀ ਛਾਪ ਬੜੇ ਸਪਸ਼ਟ ਅਤੇ ਪੀਡੇ ਰੂਪ ਵਿਚ ਲੱਗੀ ਹੋਈ ਸੀ ਅਤੇ ਇਸ ਤੋਂ ਬਚਣ ਦੀ ਕੋਈ ਵੀ ਸੂਰਤ ਨਹੀਂ ਸੀ ਲੱਭਦੀ ।

ਆਧੁਨਿਕ ਕਵੀਆਂ ਨੇ ਪ੍ਰਕ੍ਰਿਤੀ ਜਾਂ ਅਤੀਤ ਦਾ ਪ੍ਰਯੋਗ ਕੀਤਾ ਤਾਂ ਕਿ ਉਨ੍ਹਾਂ ਰਚਨਾਵਾਂ ਵਿਚ ਅਜਿਹੀ ਸ਼ਕਤੀ ਆ ਸਕੇ ਜਿਸ ਦੁਆਰਾ ਉਹ ਸਾਰੀ ਆਧੁਨਿਕ ਜ਼ਿੰਦਗੀ ਦੀ ਆਲੋਚਨਾ ਕਰ ਸਕਣ । ਜਿਹੜੀ ਚੀਜ਼ ਸਾਰੇ ਆਧੁਨਿਕ ਲੇਖਕਾਂ ਨੂੰ ਜੋੜਦੀ ਹੈ । ਉਹ ਕੋਈ ਫਿਲਾਸਫੀ ਵਗ਼ੈਰਾ ਨਹੀਂ ਬਲਕਿ ਵਰਤਮਾਨ ਪ੍ਰਤੀ ਇਕ ਤਰ੍ਹਾਂ ਦਾ ਭਾਵੁਕ ਦ੍ਰਿਸ਼ਟੀ-ਕੋਣ ਹੈ ਜਿਸ ਵਿਚ ਆਸ਼ਾ, ਨਫ਼ਰਤ ਅਤੇ ਨਿਰਾਸ਼ਾ ਦੇ ਰੰਗ ਘੁਲੇ ਮਿਲੇ ਹਨ । ਇਹ ਭਾਵ ਇਕ ਦੂਜੇ ਦੇ ਅੰਤਰ-ਵਿਰੋਧੀ ਨਹੀਂ ਜਿਵੇਂ ਕਿ ਸਰਸਰੀ ਨਜ਼ਰੇ ਦਿਖਾਈ ਦਿੰਦੇ ਹਨ । ਅਸਲ ਵਿਚ ਆਧੁਨਿਕਤਾਵਾਦੀਆਂ ਨੇ ਉਨ੍ਹੀਵੀਂ ਸਦੀ ਦੇ ਅੰਤ ਵਿਚ ਪੈਦਾ ਹੋਈ ਸੌਂਦਰਯਵਾਦੀ ਪ੍ਰਵਿਰਤੀ ਤੋਂ ਕਾਫ਼ੀ ਕੁਝ ਲਿਆ । ਆਸ਼ਾ, ਨਫ਼ਰਤ ਅਤੇ ਨਿਰਾਸ਼ਾ ਮਿਲਕੇ ਕਲਾ ਦਾ ਕੁਝ ਇਸ ਤਰ੍ਹਾਂ ਰੂਪਾਂਤਰਣ ਕਰਦੇ ਹਨ ਕਿ ਜੇ ਕਲਾ ਬਾਹਰਲੇ ਸਮਾਜ ਦਾ ਉੱਧਾਰ ਨਾ ਵੀ ਕਰ ਸਕਦੀ ਹੋਵੇ ਤਾਂ ਵੀ ਸ਼ਾਇਦ ਇਹ ਅੰਦਰੂਨੀ ਜੀਵਨ ਦਾ ਉੱਧਾਰ ਜ਼ਰੂਰ ਕਰ ਸਕਦੀ ਹੈ ।

ਸਟੀਫ਼ਨ ਸਪੈਂਡਰ ਆਧੁਨਿਕਟਾਵਾਦ ਦਾ ਮੁਲੰਕਣ ਕਰਦਾ ਹੋਇਆ ਲਿਖਦਾ ਹੈ ਕਿ ਆਨੁਨਿਕ ਪ੍ਰਤਿਭਾ ਦਾ ਵਿਸ਼ੇਸ਼ ਲੱਛਣ ਇਹ ਰਿਹਾ ਕਿ ਇਸਨੇ ਵਡੇ-ਵਡੇ ਭਵਨ ਉਸਾਰ ਲਏ ਬਲਕਿ ਭਵਨਾਂ ਉੱਪਰ ਵੀ ਕਈ-ਕਈ ਭਵਨਾਂ ਦਾ ਨਿਰਮਾਣ ਕਰ ਲਿਆ ਪਰੰਤੂ ਇਨ੍ਹਾਂ ਭਵਨਾਂ ਦੀ ਨੀਂਹ ਕੋਈ ਨਹੀਂ ਸੀ । ਨੀਂਹਾਂ ਬਾਰੇ ਕੁਝ ਸੋਚਿਆ ਹੀ ਨਾ ਗਿਆ । ਕੁਝ ਤਾਂ ਇਸ ਲਈ ਕਿ ਆਧੁਨਿਕ ਭਵਨ ਨੂੰ ਨੀਂਹ ਦੀ ਕੋਈ ਜ਼ਰੂਰਤ ਨਹੀਂ ਚਾਹੀਦੀ ਅਤੇ ਕੁਝ ਇਸ ਲਈ ਕਿ ਨੀਂਹ ਦੀ ਉਸਾਰੀ ਦਾ ਅਰਥ ਸੀ ਕੁਝ ਅਜਿਹੇ ਵਿਸ਼ਵਾਸਾਂ ਅਤੇ ਵਿਚਾਰਧਾਰਾਵਾ ਵੱਲ ਵਾਪਸ ਮੁੜਨਾ ਜੋ ਪੱਖ-ਪਾਤੀ ਅਤੇ ਖੰਡਿਤ ਸਨ । ਆਧੁਨਿਕ ਅਨੁਭਵ ਦੀ ਪੇਸ਼ਕਾਰੀ ਇਨ੍ਹਾਂ ਦੁਆਰਾ ਨਹੀਂ ਸੀ ਕੀਤੀ ਜਾ ਸਕਦੀ ।[37]

ਪੰਜਾਬੀ ਸਾਹਿੱਤ ਵਿਚ ਆਧੁਨਿਕਤਾ ਦਾ ਦੌਰ ਅਜੇ ਚਲ ਰਿਹਾ ਹੈ । ਇਸ ਧਾਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਸੰਬੰਧਿਤ ਕਵੀਆਂ ਨੇ ਪੰਜਾਬੀ ਕਾਵਿ ਦੀ ਪਰੰਪਰਾ ਨੂੰ ਵਿਸ਼ੇਸ਼ ਗਹਿਮਾ ਅਤੇ ਮਹਿਮਾ ਬਖਸ਼ੀ ਹੈ। ਆਧੁਨਿਕ ਕਵਿਤਾ ਲਘੂਮਾਨਵ ਦੇ ਅਸਤਿਤਵ ਦੀ ਵਿਆਪਕ ਸੰਕਟ-ਚੇਤਨਾ ਨਾਲ ਰਚਨਾਤਮਕ ਸਾਂਝ ਪਾਉਣ ਦਾ ਸਫਲ ਪ੍ਰਯਤਨ ਕਰਦੀ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਕੁਝ ਇਕ ਪ੍ਰਤੀਨਿਧ ਲੱਛਣ ਅਤੇ ਇਸਦੀਆਂ ਪ੍ਰਾਪੜੀਆਂ ਇਸ ਪ੍ਰਕਾਰ ਹਨ :

ੳ. ਆਧੁਨਿਕ ਪੰਜਾਬੀ ਕਾਵਿ ਦੀ ਪ੍ਰਵਿਰਤੀ ਮੁੱਖ ਤੌਰ ਤੇ ਸਰਲਤਾ ਦੀ ਧਾਰਣੀ ਰਹੀ ਹੈ। ਸਭਿਆਚਾਰ ਤੇ ਸਭਿਅਤਾ ਨੂੰ ਮੂਲੋਂ ਉਖੇੜ ਦੇਣ ਵਾਲੀਆਂ ਪ੍ਰਵਿਰਟੀਆਂ ਆਧੁਨਿਕ ਪੰਜਾਬੀ ਕਾਵਿ ਵਿਚ ਪੇਸ਼ ਨਹੀਂ ਹੋਈਆਂ। ਪੰਜਾਬੀ ਕਾਵਿ ਵਿਚ ਆਧੁਨਿਕਤਾ ਦਾ ਪੱਖ ਅਵਿਵਸਥਾ ਦੀ ਚੇਤਨਾ, ਅਰਾਜਕਤਾ ਤੇ ਸੰਤਾਪ ਦੀ ਭਾਵਨਾ ਪੈਦਾ ਕਰਨ ਦੇ ਰੂਪ ਵਿਚ ਹੀ ਖ਼ਾਸ ਤੌਰ ਤੇ ਉਜਾਗਰ ਹੋਇਆ।

ਅ. ਆਧੁਨਿਕ ਪੰਜਾਬੀ ਕਾਵਿ ਨਾਲ ਅਧਿਆਤਮਵਾਦੀ ਧਾਰਾ ਵੀ ਜੁੜੀ ਹੋਈ ਹੈ। ਅਧਿਆਤਮਵਾਦੀ ਧਾਰਾ ਦੇ ਕਵੀ ਵਿਗਿਆਨਕ ਯੁਗ ਦੇ ਪ੍ਰਭਾਵ ਹੇਠ ਸੁਆਰਥੀ ਹੋਏ ਤੇ ਪੈਸੇ ਪਿਛੇ ਪਏ ਮਨੁੱਖ ਨੂੰ ਆਤਮਿਕ ਸੁਨੇਹੀ ਰਾਹੀਂ ਝੰਜੋੜ ਕੇ ਜਗਾਉਂਦੇ ਹਨ। ਇਨ੍ਹਾਂ ਕਵੀਆਂ ਦੀ ਆਤਮਿਕ ਸ਼ੁੱਧੀ ਅਤੇ ਰਹੱਸਵਾਦੀ ਅਨੁਭਵ ਤੱਕ ਹੀ ਸੀਮਿਤ ਨਹੀਂ ਸਗੋਂ ਇਸਦੇ ਨਾਲ ਇਨ੍ਹਾਂ ਕਵੀਆਂ ਨੇ ਯੁਗ ਚੇਤਨਾ ਦੇ ਪ੍ਰਭਾਵ ਨੂੰ ਵੀ ਕਬੂਲਿਆ ਹੈ।

ੲ. ਰੋਮਾਂਸਵਾਦੀ ਕਾਵਿ ਧਾਰਾ ਨੇ ਪੂੰਜੀਵਾਦ ਦੇ ਫੈਲਾਉ ਦੁਆਰਾ ਹੋਂਦ ਵਿਚ ਆਏ ਸਭਿਆਚਾਰਕ ਦਬਾਵਾਂ ਨੂੰ ਪ੍ਰੋਟੈਸਟ ਦੇ ਲਹਿਜੇ ਵਿਚ ਬਿਆਨ ਕੀਤਾ। ਜੀਵਨ ਪ੍ਰਤੀ ਵਿਅਕਤੀਅਤ ਦ੍ਰਿਸ਼ਟੀਕੋਣ, ਸੰਸਕ੍ਰਿਤੀ ਦੇ ਬੰਧਨਾਂ ਦਾ ਵਿਰੋਧ, ਕਲਪਨਾ ਦੀ ਅਧਿਕਤਾ, ਅਤੀਤ ਪ੍ਰਤੀ ਮੋਹ, ਏਂਦ੍ਰਿਕ ਉਤੇਜਨਾ ਅਤੇ ਆਪਣੇ ਆਪ ਵਿਚ ਆਸਥਾ ਇਨ੍ਹਾਂ ਕਵੀਆਂ ਦੇ ਕੁਝ ਉੱਘੜਵੇਂ ਲੱਛਣ ਹਨ।

ਸ. ਆਧੁਨਿਕ ਪੰਜਾਬੀ ਕਾਵਿ ਵਿਚ ਪ੍ਰਗਤੀਵਾਦੀ ਕਾਵਿਧਾਰਾ ਪਹਿਲੀ ਸੁਚੇਤ ਕਾਵਿ ਧਾਰਾ ਹੈ ਜੋ ਮਾਰਕਸਵਾਦੀ ਵਿਸ਼ਵ-ਦਰਸ਼ਨ ਦੇ ਵਿਆਪਕ ਪ੍ਰਭਾਵ ਅਧੀਨ ਯਥਾਰਥ ਪ੍ਰਤੀ ਦਵੰਦਾਤਮਕ ਪਦਾਰਥਵਾਦ ਦੀ ਦ੍ਰਿਸ਼ਟੀ ਨੂੰ ਆਪਣੇ ਕਲਾਤਮਕ ਅਭਿਵਿਅੰਜਨ ਦਾ ਆਧਾਰ ਬਣਾਉਣ ਦਾ ਸੰਕਲਪ ਕਰਦੀ ਨਜ਼ਰ ਆਉਂਦੀ ਹੈ।

ਹ. ਪ੍ਰਗਤੀਵਾਦੀ ਕਾਵਿ ਵਿਚ ਧਰਮ ਦਾ ਨਕਾਰਣ ਨਾਂਹਵਾਦੀ ਨਹੀਂ ਸਗੋਂ ਜੀਵਨ ਦੇ ਜਿਨ੍ਹਾਂ ਸੰਕਟਾਂ ਦਾ ਹੱਲ ਤੇ ਜਿਨ੍ਹਾਂ ਇੱਛਾਵਾਂ ਦੀ ਪੂਰਤੀ ਰਹੱਸਵਾਦੀ ਕਵੀ ਧਰਮ-ਚਿੰਤਨ, ਧਰਮ-ਸਾਧਨਾ ਤੇ ਧਰਮ-ਯੁੱਧ ਵਿਚੋਂ ਲੱਭਦਾ ਰਿਹਾ ਹੈ, ਉਨ੍ਹਾਂ ਦੇ ਅਜੋਕੇ ਰੂਪ ਨੂੰ ਪ੍ਰਗਤੀਵਾਦੀ ਕਵੀ ਨਵੀਂ ਕਾਵਿ ਦ੍ਰਿਸ਼ਟੀ ਤੋਂ ਸੋਚਦਾ-ਵਿਚਾਰਦਾ ਰਿਹਾ ਹੈ ਅਤੇ ਸਮੁਚੀ ਧਰਮ-ਪਰੰਪਰਾ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ. ਪ੍ਰਗਤੀਵਾਦੀ ਕਾਵਿ ਨੇ ਵਰਗ-ਸਮਾਜ ਦੀ ਅਸੰਤੁਲਿਤ ਜ਼ਿੰਦਗੀ ਤੇ ਸ਼ੋਸ਼ਨ ਪ੍ਰਤੀ ਤਿੱਖੇ ਰੋਸ ਨੂੰ ਆਪਣਾ ਰਚਨਾਤਮਕ ਸੂਤਰ ਬਣਾਇਆ । ਇਹੀ ਸਚੇਤਨਾ ਕਲਾਤਮਕ ਪੱਖ ਤੋਂ ਇਸ ਦੀ ਸੀਮਾ ਬਣ ਨਿਬੜੀ । ਇਸਦਾ ਕਲਾਤਮਕ ਅਭਿ-ਵਿਅੰਜਨ ਸਮੁਚੀ ਮਨੁੱਖੀ ਸ਼ਖ਼ਸੀਅਤ ਨੂੰ ਸੰਬੋਧਿਤ ਹੋਣ ਦੇ ਸਮਰੱਥ ਨਾ ਹੋ ਸਕਿਆ । ਸਮਾਜਿਕ ਮਨੋਰਥ ਕਲਾਤਮਕ ਬਿੰਬ ਵਿਚ ਰੂਪਾਂਤਰਿਤ ਨਾ ਹੋ ਸਕਿਆ, ਕੇਵਲ ਪ੍ਰਤੀਮਾਨ ਚਿੱਤਰਾਂ ਦਾ ਸਮੂਹ ਬਣ ਕੇ ਰਹਿ ਗਿਆ ।

ਖ. ਪੰਜਾਬੀ ਦੀ ਪ੍ਰਯੋਗਵਾਦੀ ਕਾਵਿ ਧਾਰਾ ਨੇ ਪੰਜਾਬੀ ਕਵਿਤਾ ਨੂੰ ਆਧੁਨਿਕ ਸੰਵੇਦਨਾ ਪ੍ਰਦਾਨ ਕੀਤੀ, ਇਸ ਵਿਚ ਰੂਪ ਦੀ ਦ੍ਰਿਸ਼ਟੀ ਤੋਂ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਅਤੇ ਪ੍ਰਗਤੀਵਾਦੀ ਕਾਵਿਧਾਰਾ ਵਿਚ ਆ ਚੁਕੀ ਖੜੋਤ ਨੂੰ ਤੋੜਿਆ ।

ਗ. ਜੁਝਾਰ-ਵਿਦਰੋਹੀ ਕਾਵਿ ਧਾਰਾ ਵਿਚ ਜਿਥੇ ਕਿਧਰੇ ਸਾਂਸਕ੍ਰਿਤਿਕ ਵਿਵੇਧ ਦੇ ਪਰਿਪੇਖ ਨੂੰ ਜਗਾਉਣ ਦੀ ਕੋਸ਼ਿਸ਼ ਨੂੰ ਯੋਗ ਅਭਿਵਿਅੰਜਨ ਪ੍ਰਾਪਤ ਹੋਇਆ, ਉਹ ਸਾਂਸਕ੍ਰਿਤਿਕ ਅਤੀਤ ਤਤਕਾਲੀਨ ਯਥਾਰਥ ਵਿਚ ਨਿਸਚੈ ਹੀ ਗਤੀਸ਼ੀਲ ਸੰਭਾਵਨਾਵਾਂ ਪੈਦਾ ਕਰਨ ਦੇ ਸਮਰਥ ਪ੍ਰਤੀਤ ਹੁੰਦਾ ਹੈ ।

ਘ. ਮਨੁੱਖੀ ਹੋਂਦ ਦੀ ਅਰਥਹੀਣਤਾ ਦੇ ਭਾਵ ਨੂੰ ਅਭਿਵਿਅਕਤ ਕਰਨ ਅਤੇ ਉਸ ਦੇ ਆਧਾਰ ਉਤੇ ਨਵੇਂ ਸੁਹਜ-ਆਦਰਸ਼ ਪ੍ਰਦਾਨ ਕਰਨ ਵਿਚ ਸੁਹਜਵਾਦੀ ਕਾਵਿਧਾਰਾ ਨੇ ਉਲੇਖਯੋਗ ਭੂਮਿਕਾ ਨਿਭਾਈ ਹੈ । ਆਤਮ-ਕੇਂਦ੍ਰਿਤ ਜੀਵਨ ਦ੍ਰਿਸ਼ਟੀ, ਸੀਮਿਤ ਯਥਾਰਥ ਬੋਧ, ਅਨਿਸ਼ਚਿਤਤਾ ਦੇ ਸਹਿਮ ਹੇਠ ਸੁੰਗੜੀ ਚੇਤਨਾ, ਬੌਣੀ ਤੇ ਬੇਪਛਾਣ ਹੋਈ ਮਾਨਸਿਕਤਾ ਨੇ ਅੱਜ ਦੇ ਮਨੁੱਖ ਨੂੰ ਜਿਸ ਵਿਤਰੇਕਤਾ, ਖੰਡਿਤਾ ਅਤੇ ਤਣਾਉ ਦੇ ਰੂ-ਬ-ਰੂ ਲਿਆ ਖੜਾ ਕੀਤਾ ਹੈ, ਉਸਦਾ ਪ੍ਰਮਾਣੀਕ ਕਾਵਿ ਬਿੰਬ ਸਿਰਜਣਾ ਅਜੋਕੀ ਕਵਿਤਾ ਦੀ ਸੁਹਜ-ਪ੍ਰਵਿਤੀ ਦੀ ਵਿਸ਼ੇਸ਼ ਦਿਸ਼ਾ ਹੈ ।

ਙ. 1960 ਈ. ਤੋਂ ਪਿਛੋਂ ਪੰਜਾਬੀ ਗ਼ਜ਼ਲ ਨੇ ਬਹੁਤ ਵਿਕਾਸ ਕੀਤਾ ਅਤੇ ਆਧੁਨਿਕ ਯੁਗ ਦੀ ਸੰਵੇਦਨਾ, ਪ੍ਰਮਾਣੂ ਯੁਗ ਤੇ ਮਨੁੱਖੀ ਮਨ ਦੀ ਪੀੜਾ ਤੇ ਵਿਸ਼ਾਦ ਦੇ ਨਾਲ-ਨਾਲ ਆਪਣੇ ਹੱਕਾਂ ਲਈ ਲੜ ਰਹੇ ਜੁਝਾਰੂ ਮਨੁੱਖ ਦੇ ਅ ਕ੍ਰੋਸ਼ ਅਤੇ ਵਿਦਰੋਹ ਤੇ ਅਜੋਕੇ ਆਦਮੀ ਦੇ ਪਿਆਰ-ਸੰਕਲਪ, ਪਿਆਰ-ਅਨੁਭਵ ਤੇ ਪਿਆਰ-ਦ੍ਰਿਸ਼ਟੀ ਦੀ ਅਭਿਵਿਅਕਤੀ ਕੀਤੀ ਹੈ ।

ਚ. ਪਾਕਿਸਤਾਨੀ ਪੰਜਾਬੀ ਕਵਿਤਾ ਵਿਚ ਆਧੁਨਿਕਤਾ ਦਾ ਰੰਗ ਤਾਂ ਬਹੁਤ ਸਾਰੇ ਕਵੀਆਂ ਵਿਚ ਉਜਾਗਰ ਹੁੰਦਾ ਹੈ । ਪਰ ਉਥੇ ਆਧੁਨਿਕਤਾ ਅਤੇ ਅਸਪਸ਼ਟਤਾ ਰਲ-ਗੱਡ ਹੋ ਗਈਆਂ ਹਨ । ਅਸਲ ਵਿਚ ਕੋਈ ਵੀ ਪ੍ਰਵਿਰਤੀ ਆਪਣੇ ਤੋਂ ਪਹਿਲਾਂ ਦੀ ਜਾਂ ਆਪਣੇ ਸਮਾਨਾਂਤਰ ਚੱਲ ਰਹੀ ਕਿਸੇ ਪ੍ਰਵਿਰਤੀ ਦੇ ਪ੍ਰਤਿਕਰਮ ਵਜੋਂ ਹੀ ਹੋਂਦ ਵਿਚ ਆਉਂਦੀ ਹੈ । ਪਾਕਿਸਤਾਨ ਵਿਚ ਕਿਉਂਕਿ ਆਧੁਨਿਕ ਪੰਜਾਬੀ ਕਾਵਿ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰੰਪਰਾ ਹੀ ਬੜੀ ਖੀਣ ਜਹੀ ਹੈ। ਇਸ ਲਈ ਉਥੇ ਰਚੀ ਗਈ ਆਧੁਨਿਕ ਕਵਿਤਾ ਵੀ ਬੜੀ ਕਮਜ਼ੋਰ ਅਤੇ ਵਿਚਾਰੀ ਜਹੀ ਜਾਪਦੀ ਹੈ।

ਹਵਾਲੇ ਤੇ ਟਿੱਪਣੀਆਂ

1. When we use the world Modern in a ganeral sense, we use it to describe a whole complex of culture which developed in Europe and spread beyond it from the fifteenth century to the present day...Modern poetry is 'Capitalist' poetry. Crictopher Caudwell, "Illusion and Reality'. p. 48.
2. "The great fusions of present and past are works such as Joyce's 'Ulpsses' or Picasso's 'Guernica'." Stephen Spender, 'The Struggle of the Modern', p. 78.
3. ਸਤਿੰਦਰ ਸਿੰਘ (ਡਾ.), "ਆਧੁਨਿਕ ਪੰਜਾਬੀ ਕਾਵਿ ਦੀ ਰੂਪ ਚੇਤਨਾ", 'ਖੋਜ-ਪਤ੍ਰਿਕਾ' ਆਧੁਨਿਕ ਕਾਵਿ ਅੰਕ, ਪਟਿਆਲਾ, ਪੰਨਾ 83.
4. ਉਹੀ।
5. ਕਰਮਜੀਤ ਸਿੰਘ (ਡਾ.) 'ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ', ਗੁ. ਨਾ. ਦੇ. ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ 39.
6. ਕਰਮਜੀਤ ਸਿੰਘ ਵਲੋਂ ਉਧਰਿਤ, ਉਹੀ ਰਚਨਾ, ਪੰਨੇ 44-46.
7. ਅਤਰ ਸਿੰਘ (ਡਾ.) 'ਸਮਦਰਸ਼ਨ', ਪੰਨਾ 76.
8. "The Struggle of the Modern", Pp. 83.
9. T.S. Eliot, "Selected Essays", p. 14-15.
10. ਸਤਿੰਦਰ ਸਿੰਘ (ਡਾ.), "ਆਧੁਨਿਕ ਪੰਜਾਬੀ ਕਾਵਿ ਦੀ ਰੂਪ ਚੇਤਨਾ", 'ਉਕਤ ਕਥਿਤ', ਪੰਨਾ 85.
11. ਅਤਰ ਸਿੰਘ (ਡਾ.), 'ਸਮਦਰਸ਼ਨ', ਪੰਨਾ 77.
12. ਗੁਰਦੀਪ ਸਿੰਘ ਭੰਡਾਰੀ, "ਆਧੁਨਿਕ ਪੰਜਾਬੀ ਕਵਿਤਾ ਵਿਚ ਰਹੱਸਵਾਦੀ ਪ੍ਰਵਿਰਤੀ" 'ਖੋਜ ਪੱਤ੍ਰਿਕਾ' : ਆਧੁਨਿਕ ਕਾਵਿ ਅੰਕ, ਪੰਨਾ 157.
13. ਚਰਨ ਸਿੰਘ ਗਿੱਲ (ਡਾ.), "ਆਧੁਨਿਕ ਪੰਜਾਬੀ ਕਵਿਤਾ : ਇਕ ਸਰਵੇਖਣ", 'ਉਕਤ ਕਥਿਤ', ਪੰਨਾ 3.
14. ਕਰਮਜੀਤ ਸਿੰਘ ਡਾ. "ਉਕਤ ਕਥਿਤ", ਪੰਨਾ 95.
15. "Dictionary of Philosophy", (ed. M. Rosenthal & P. Yudin) p. 276.
16. ਸੰਤ ਸਿੰਘ ਸੇਖੋਂ, "ਪ੍ਰਗਤੀਵਾਦੀ ਸਾਹਿੱਤ ਧਾਰਾ ਤੇ ਨਵੇਂ ਰਚਨਾ ਸਿਧਾਂਤ", 'ਸਿਰਜਣਾ', ਅਕਤੂਬਰ-ਦਸੰਬਰ 1977, ਪੰਨਾ 2.
17. ਪ੍ਰੇਮ ਚੰਦ, 'ਸਾਹਿਤਯ ਕਾ ਉਦੇਸ਼', ਪੰਨਾ 10.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

18. ਕੇਸਰ ਸਿੰਘ ਕੇਸਰ, 'ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ', ਪੰਨਾ 86.
19. ਉਹੀ, ਪੰਨਾ 86.
20. ਸੰਤ ਸਿੰਘ ਸੇਖੋਂ, "ਸਮਕਾਲੀ ਪੰਜਾਬੀ ਸਾਹਿੱਤ". ਪੰਨਾ 64.
21. ਕਰਮਜੀਤ ਸਿੰਘ (ਡਾ.), ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ', ਪੰਨਾ 138.
22. "ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤਕ ਪਿਛੋਕੜ", ਪੰਨਾ 30.
23. ਉਹੀ, ਪੰਨਾ 50
24. ਡਾ. ਜਸਬੀਰ ਸਿੰਘ ਆਹਲੂਵਾਲੀਆ ਦੁਆਰਾ ਉਧਰਿਤ, "ਸਾਹਿਤ ਤੇ ਬੋਧਿਕਤਾ" 'ਪੰਜ ਦਰਿਆ', ਨਵੰਬਰ 1962, ਪੰਨਾ 66.
25. "ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤਕ ਪਿਛੋਕੜ", ਪੰਨਾ 52
26. ਅਤਰ ਸਿੰਘ (ਡਾ.), "ਸਮਦਰਸ਼ਨ", ਪੰਨਾ 140.
27. ਸਤਿੰਦਰ ਸਿੰਘ ਨੂਰ (ਡਾ.), 'ਨਵੀਂ ਕਵਿਤਾ : ਸੀਮਾ ਤੇ ਸੰਭਾਵਨਾ', ਪੰਨਾ 43.
28. ਜਸਬੀਰ ਸਿੰਘ ਆਹਲੂਵਾਲੀਆ, 'ਸਮਕਾਲੀ ਸ਼ਰੋਮਣੀ ਕਾਵਿ ਧਾਰਾ', ਪੰਨਾ 18.
29. ਕਰਮਜੀਤ ਸਿੰਘ (ਡਾ.), "ਉਕਤ ਕਥਿਤ", ਪੰਨਾ 232.
30. ਉਹੀ, ਪੰਨਾ 251.
31. ਹਰਿਭਜਨ ਸਿੰਘ (ਡਾ.), "ਪੂਰਨ ਸਿੰਘ ਦੀ ਪੰਜਾਬੀ ਸਾਹਿੱਤ ਨੂੰ ਦੇਣ", 'ਪੂਰਨ ਸਿੰਘ ਇਕ ਸ਼ਰਧਾਂਜਲੀ', ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 170.
32. ਬਲਜੀਤ ਕੌਰ (ਡਾ.), "ਆਧੁਨਿਕ ਪੰਜਾਬੀ ਕਾਵਿ : ਸੁਹਜਵਾਦੀ ਪ੍ਰਵਿਰਤੀ", 'ਖੋਜ ਪਤ੍ਰਿਕਾ', ਪੰਨਾ 140.
33 ਉਹੀ, ਪੰਨਾ 143.
ਜਗਤਾਰ, "ਪਾਕਿਸਤਾਨੀ ਪੰਜਾਬੀ ਕਾਵਿ : ਸਰਵੇਖਣ ਅਤੇ ਨਿਰੀਖਣ", 'ਖੋਜ ਪੱਤ੍ਰਿਕਾ', ਪੰਨਾ 291.
35. ਵਧੇਰੇ ਵਿਸਤਾਰ ਲਈ ਦੇਖੋ ਜਗਤਾਰ ਦਾ ਲੇਖ, "ਪਾਕਿਸਤਾਨੀ ਪੰਜਾਬੀ ਕਾਵਿ", ਉਕਤ ਕਥਿਤ, ਪੰਨੇ 285-301.
36. ਉਹੀ, ਪੰਨਾ 297.
37. Strephen Spender, The Struggle of the Modern, p. 257.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8126

ਜੁਝਾਰ ਵਿਦਰੋਹੀ ਕਾਵਿ-ਧਾਰਾ : ਇਤਿਹਾਸ ਤੇ ਪ੍ਰਕਿਰਤੀ

ਪੰਜਾਬੀ ਸਾਹਿਤ ਦੀ ਜੁਝਾਰ ਵਿਦਰੋਹੀ ਕਾਵਿ-ਧਾਰਾ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਈ। ਇਹ ਲਹਿਰ 1967 ਵਿਚ ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦੇ ਇਕ ਪਿੰਡ ਨਕਸਲਬਾੜੀ ਵਿਚ ਉਭਰੇ ਕਿਸਾਨ ਵਿਦਰੋਹ ਦੇ ਰੂਪ ਵਿਚ ਆਰੰਭ ਹੋਈ ਸੀ। ਨਕਸਲਬਾੜੀ ਲਹਿਰ ਬਾਰੇ ਇਹ ਵਿਚਾਰ ਪ੍ਰਮੁੱਖ ਤੌਰ ਤੇ ਪ੍ਰਚਲਿਤ ਰਿਹਾ ਹੈ ਕਿ ਇਹ ਲਹਿਰ ਮੱਧ-ਸ਼੍ਰੇਣੀ ਦੀ ਅਸੰਤੁਸ਼ਟਤਾ ਅਤੇ ਖੱਬੇ ਪੱਖੀ ਜ਼ੋਰ ਦਾ ਨਤੀਜਾ ਹੈ। ਭਾਰਤ ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਉਸ ਵੇਲੇ ਇਹ ਸੰਘਰਸ਼ ਕਿਸਾਨਾਂ ਤੇ ਜਾਗੀਰਦਾਰਾਂ ਵਿਚ ਸੀ। ਭਾਰਤੀ ਕਮਿਊਨਿਸਟ ਪਾਰਟੀ ਨੇ ਜਦ 1964 ਵਿਚ ਖਰੁਸ਼ਚੋਵ ਦੇ ਸਿਧਾਂਤ 'ਪੁਰਅਮਨ ਹੋਂਦ, ਪੁਰਅਮਨ ਮੁਕਾਬਲਾ ਅਤੇ ਪੁਰਅਮਨ ਤਬਦੀਲੀ ਨੂੰ ਅਪਨਾਇਆ ਤਾਂ ਇਸ ਪੈਂਤੜੇ ਦੇ ਵਿਰੋਧ ਵਜੋਂ ਇਕ ਹੋਰ ਖੱਬੇ ਪੱਖੀ ਪਾਰਟੀ ਹੋਂਦ ਵਿਚ ਆਈ ਜਿਸ ਦਾ ਨਾਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਸੀ। ਇਸ ਪਾਰਟੀ ਦੀ ਮੁੱਖ ਜਥੇਬੰਦੀ ਕਿਰਸਾਨੀ ਹੀ ਸੀ। ਇਸ ਪਾਰਟੀ ਨੇ 'ਜ਼ਮੀਨ ਹੱਲ ਵਾਹੁਣ ਵਾਲੇ ਦੀ' ਵਾਲਾ ਨਾਅਰਾ ਦਿੱਤਾ ਸੀ। ਪਰ ਜਦ ਬੰਗਾਲ ਵਿਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਗਠਿਤ ਸਰਕਾਰ ਇਸ ਨਾਅਰੇ ਨੂੰ ਅਮਲ ਵਿਚ ਨਾ ਲਿਆ ਸਕੀ ਤਾਂ 1967-68 ਵਿਚ ਕਮਿਊਨਿਸਟਾਂ ਦੇ ਇਕ ਹੋਰ ਧੜੇ ਨੇ ਜ਼ੋਰ ਫੜ ਲਿਆ ਜਿਸਨੂੰ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਦਾ ਨਾਂ ਦਿੱਤਾ ਗਿਆ ਸੀ। ਇਸ ਪਾਰਟੀ ਦਾ ਪ੍ਰੋਗਰਾਮ ਹਿੰਦੁਸਤਾਨ ਦੀ ਰਾਜਸੀ ਸੂਝ ਵਿਚ ਚੀਨੀ ਪਾਰਟੀ ਦਾ ਅਕਸ ਸੀ ਅਤੇ ਇਸ ਪਾਰਟੀ ਨੇ ਚੀਨ ਵਿਚ ਮਾਓ ਦੁਆਰਾ ਪੇਸ਼ ਕੀਤੇ ਗਏ ਸਿਧਾਂਤਾਂ ਨੂੰ ਭਾਰਤ ਵਿਚ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਉਨ੍ਹਾਂ ਦਾ ਵਿਚਾਰ ਸੀ ਕਿ ਚੀਨ ਵਿਚ ਪੇਂਡੂ ਕਿਸਾਨੀ ਦੀ ਅਗਵਾਈ ਲਈ ਜਿਹੜੇ ਸਿਧਾਂਤ ਜ਼ਰੂਰੀ ਹਨ ਉਹ ਹੀ ਭਾਰਤ ਵਿਚ ਜ਼ਰੂਰੀ ਹਨ।

ਨਕਸਲਬਾੜੀ ਲਹਿਰ ਅਜਿਹੀ ਹੀ ਸਿਧਾਂਤਕ ਨੀਤੀ ਦਾ ਨਤੀਜਾ ਸੀ। ਇਸ ਲਹਿਰ ਦਾ ਪਹਿਲੀਆਂ ਖੱਬੇ ਪੱਖੀ ਪਾਰਟੀਆਂ ਨਾਲ ਕੋਈ ਸੰਬੰਧ ਨਹੀਂ ਸੀ ਜਿਵੇਂ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਪਲਬ ਦਾਸ ਗੁਪਤਾ ਦੇ ਇਨ੍ਹਾਂ ਸ਼ਬਦਾਂ ਤੇ ਸਪੱਸ਼ਟ ਹੋ ਜਾਂਦਾ ਹੈ :

> ਨਕਸਲਵਾਦੀਆਂ ਦੀ ਬਹੁਗਿਣਤੀ ਦਾ ਪਹਿਲੀ ਕਮਿਊਨਿਸਟ ਲਹਿਰ ਨਾਲ ਕੋਈ ਸੰਬੰਧ ਨਹੀਂ...ਇਹ ਇਕ ਨਵੀਂ ਲਹਿਰ ਸੀ ਜਿਸ ਦਾ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨਾਲ ਕੋਈ ਗਠਜੋੜ ਨਹੀਂ ਸੀ।[1]

ਨਕਸਲਬਾੜੀ ਲਹਿਰ ਦੇ ਕਾਰਜ-ਕਰਤਾ, ਮਾਓ ਦੇ ਵਿਚਾਰਾਂ ਦੇ ਅਨੁਯਾਈ ਹਨ ਇਸ ਕਰਕੇ ਇਸ ਲਹਿਰ ਦਾ ਪਿਤਾਮਾਂ ਮਾਓ ਨੂੰ ਮੰਨਿਆ ਗਿਆ ਹੈ। 'ਨਕਸਲਾਈਟਸ ਪੌਲਿਟਿਕਸ ਇਨ ਇੰਡੀਆ' ਦੇ ਸੰਪਾਦਕ ਜੇ. ਸੀ. ਜੋਹਰੀ ਨੇ ਲਿਖਿਆ ਹੈ ਕਿ :

> ਮਾਓ ਭਾਰਤੀ ਨਕਸਲਵਾਦੀ ਆਗੂਆਂ ਦਾ ਬੌਧਿਕ ਪਿਤਾਮਾਂ ਹੈ, ਜਿਸ ਨੇ ਏਸ਼ੀਆ ਦੇ ਵਾਤਾਵਰਣ ਅਨੁਕੂਲ ਇਨਕਲਾਬੀ ਨੀਤੀਆਂ ਅਤੇ ਪ੍ਰੋਗਰਾਮ ਦਿਤੇ ਅਤੇ ਮਾਰਕਸਵਾਦ ਦੇ ਬੁੱਧੀਜੀਵੀ ਆਕਾਰ ਦੀ ਖੋਜ ਕੀਤੀ।[2]

ਇਸ ਤਰ੍ਹਾਂ ਇਸ ਲਹਿਰ ਦੇ ਕਾਰਜ-ਕਰਤਿਆਂ ਨੇ ਮਾਓ ਦੇ ਵਿਚਾਰਾਂ ਨੂੰ ਆਪਣੀਆਂ ਗਤੀ ਵਿਧੀਆਂ ਦਾ ਨਿਰਦੇਸ਼ਨ ਸਿਧਾਂਤ ਮੰਨਿਆ ਅਤੇ ਅੰਤਰ ਰਾਸ਼ਟਰੀ ਕਮਿਊਨਿਸਟ ਲਹਿਰ ਵਿਚ ਚੀਨ ਦੀ ਪਾਰਟੀ ਦੀ ਅਗਵਾਈ ਨੂੰ ਮਾਨਤਾ ਦਿੱਤੀ। ਇਸ ਲਹਿਰ ਦੇ ਕਰਤਿਆਂ ਨੇ ਚੀਨ ਦਾ ਪ੍ਰਧਾਨ ਸਾਡਾ ਪ੍ਰਧਾਨ ਹੈ ਤੇ ਚੀਨ ਦੁਆਰਾ ਅਪਣਾਈ ਗਈ ਵਿਚਾਰਧਾਰਾ ਸਾਡੀ ਵਿਚਾਰਧਾਰਾ ਹੈ ਦੇ ਵਿਚਾਰ ਨੂੰ ਆਪਣੇ ਘੋਲ ਦਾ ਪ੍ਰਮੁੱਖ ਆਧਾਰ ਬਣਾਇਆ। ਪਰ ਚੀਨ ਦੀਆਂ ਪਰਿਸਥਿਤੀਆਂ ਤੇ ਇਨਕਲਾਬੀ ਢੰਗ ਜਿਨ੍ਹਾਂ ਦੁਆਰਾ ਚੀਨ ਨੇ ਪ੍ਰਗਤੀ ਕੀਤੀ ਨੂੰ ਭਾਰਤ ਵਿਚ ਐਨ ਉਸੇ ਤਰ੍ਹਾਂ ਲਾਗੂ ਕਰਨਾ ਮੁਸ਼ਕਿਲ ਸੀ। ਸੀ. ਐਸ. ਸੰਘੇਰਾ ਨੇ ਵੀ ਲਿਖਿਆ ਹੈ :

> ਨਕਸਲਵਾਦੀਆਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਚੀਨ ਦੀਆਂ ਪਰਿਸਥਿਤੀਆਂ ਭਾਰਤ ਦੀਆਂ ਪਰਿਸਥਿਤੀਆਂ ਨਾਲੋਂ ਬਿਲਕੁਲ ਭਿੰਨ ਸਨ। ਚੀਨ ਇਕ ਕੇਂਦਰੀ ਸਰਕਾਰ ਥੱਲੇ ਨਹੀਂ ਸੀ, ਬਲਕਿ ਰਾਜਸੀ ਤਾਕਤਾਂ ਇਸ ਉਤੇ ਨਿਰਭਰ ਸਨ, ਇਹ ਤਾਕਤਾਂ ਪ੍ਰਾਂਤਾਂ ਦੀਆਂ ਸੈਨਾਵਾਂ ਉਤੇ ਨਿਰਭਰ ਸਨ ਜਿਨ੍ਹਾਂ ਦੇ ਰਾਜਿਆਂ ਕੋਲ ਸੁਤੰਤਰ ਫੌਜਾਂ ਸਨ ਪਰ ਇਲਾਕੇ ਬਹੁਤ ਛੋਟੇ ਸਨ, ਸੰਚਾਰ ਦੀਆਂ ਸੁਵਿਧਾਵਾਂ ਵੱਖੋ-ਵੱਖ ਇਲਾਕਾਈ ਹਾਲਤਾਂ ਲਈ ਦੁਸ਼ਮਣਾਂ ਦੇ ਮੁਕਾਬਲੇ ਬਹੁਤ ਘੱਟ ਸਨ ਅਤੇ ਇਥੇ ਬਹੁਤ ਘੱਟ ਧਰਮ ਜਾਤ-ਪਾਤ ਅਤੇ ਭਾਸ਼ਾਵਾਂ ਸਨ।[3]

ਨਕਸਲਬਾੜੀ ਲਹਿਰ ਨੇ ਕ੍ਰਾਂਤੀਕਾਰੀ ਯਥਾਰਥ-ਪਰਿਵਰਤਨ ਲਈ ਗੁਰੀਲਾ ਯੁੱਧ ਨੂੰ ਆਪਣਾ ਮੁੱਖ ਵਿਚਾਰਧਾਰਕ ਸਾਧਨ ਬਣਾਇਆ। ਇਸ ਯੁੱਧ ਦਾ ਉਦੇਸ਼ ਕੇਵਲ ਆਰਥਿਕਤਾ ਦੇ ਖੇਤਰ ਤਕ ਹੀ ਸੀਮਿਤ ਨਹੀਂ ਸੀ, ਸਗੋਂ ਰਾਜਨੀਤਕ ਸੱਤਾ ਨੂੰ ਹਥਿਆਉਣਾ ਵੀ ਸੀ। ਇਸੇ ਆਧਾਰ ਤੇ 'ਦਾ ਨਕਸਲਾਈਟ ਮੂਵਮੈਂਟ' ਪੁਸਤਕ ਦਾ ਸੰਪਾਦਕ ਬਿਪਲਬਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਸ ਗੁਪਤਾ ਨਕਸਲਬਾੜੀ ਲਹਿਰ ਨੂੰ ਇਕ ਰਾਜਸੀ ਲਹਿਰ ਕਹਿੰਦਾ ਹੋਇਆ ਲਿਖਦਾ ਹੈ :

> ਨਕਸਲਵਾਦ ਇਕ ਗੁੰਝਲਦਾਰ ਸਮਾਜਕ ਰਾਜਸੀ ਅਨੁਕ੍ਰਿਆ ਸੀ, ਜਿਸ ਨੇ ਕਈ ਸੋਮਿਆਂ ਤੋਂ ਉਤਸ਼ਾਹ ਹਾਸਿਲ ਕੀਤਾ ।[4]

ਇਸ ਦ੍ਰਿਸ਼ਟੀ ਤੋਂ ਨਕਸਲਬਾੜੀ ਲਹਿਰ ਪ੍ਰਗਤੀਵਾਦੀ ਲਹਿਰ ਨਾਲੋਂ ਕਈ ਕਦਮ ਅਗਾਂਹ ਸੀ। ਇਸ ਲਹਿਰ ਨੇ ਸਿਆਸੀ ਤਾਕਤ ਹਾਸਿਲ ਕਰਨ ਲਈ ਹਥਿਆਰਬੰਦ ਘੋਲ ਨੂੰ ਪ੍ਰਮੁੱਖ ਮਹੱਤਵ ਦਿੱਤਾ, ਇਹ ਘੋਲ ਨਾ ਕੇਵਲ ਵੱਡੇ ਜ਼ਿੰਮੀਂਦਾਰਾਂ ਤੇ ਜੋਤੇਦਾਰਾਂ ਦੇ ਵਿਰੁਧ ਸੀ ਬਲਕਿ ਹਰ ਤਰ੍ਹਾਂ ਦੇ ਛੋਟੇ ਤੋਂ ਵੱਡੇ ਮਾਲਕਾਂ, ਮੁਖਬਰਾਂ, ਸ਼ਾਹੂਕਾਰਾਂ, ਤੇ ਪੁਲਿਸ ਅਫਸਰਾਂ ਦੇ ਵਿਰੁੱਧ ਸੀ, ਜੋ ਕਿਰਸਾਨਾਂ ਦੀ ਮਾਲਕੀ ਨੂੰ ਕਾਇਮ ਹੋਣ ਤੇ ਰੋਕਣ ਦਾ ਯਤਨ ਕਰਦੇ ਹਨ। ਇਹ ਲਹਿਰ ਕੁਝ ਵਰਗਾਂ ਜਿਵੇਂ ਕਿਰਸਾਨਾਂ, ਮਜ਼ਦੂਰਾਂ, ਮੱਧ-ਸ਼੍ਰੇਣੀ ਦੇ ਕੁਝ ਭਾਗਾਂ ਅਤੇ ਖਾਸ ਕਰਕੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਪੂੰਜੀਵਾਦੀ-ਜਾਗੀਰਦਾਰਾਨਾ ਨਿਜ਼ਾਮ ਪ੍ਰਤੀ ਅਸੰਤੁਸ਼ਟਤਾ ਦਾ ਪ੍ਰਗਟਾਓ ਸੀ। 'ਸੋਸ਼ਲਿਜ਼ਮ ਇਨ ਇੰਡੀਆ' ਦੇ ਸੰਪਾਦਕ ਸੋਹੇਲ ਜਾਵੇਦ ਨੇ ਨਕਸਲਬਾੜੀ ਲਹਿਰ ਦੀ ਯੁੱਧ ਨੀਤੀ ਦੇ ਸੰਕਲਪ ਬਾਰੇ ਟਿੱਪਣੀ ਕਰਦੇ ਹੋਏ ਲਿਖਿਆ ਹੈ :

> ਨਕਸਲਬਾੜੀ ਲਹਿਰ ਦੀ ਯੁੱਧ ਨੀਤੀ ਦਾ ਨਿਸ਼ਾਨਾ ਜ਼ਿੰਮੀਦਾਰਾਂ, ਸ਼ਾਹੂਕਾਰਾਂ ਪੁਲਿਸ, ਇਸ ਦੇ ਮੁਖਬਰਾਂ ਅਤੇ ਹੋਰ ਦੂਸਰੇ ਲੋਕ ਜਿਹੜੇ ਕਿ ਪਿੰਡਾਂ ਵਿਚ ਕਿਰਸਾਨਾਂ ਦੀ ਪ੍ਰਭੂਸਤਾ ਨੂੰ ਕਾਇਮ ਕਰਨ ਤੋਂ ਰੋਕਣ ਦਾ ਯਤਨ ਕਰਦੇ ਸਨ, ਨੂੰ ਖਤਮ ਕਰਨਾ ਸੀ ਅੰਤ ਵਿਚ ਇਸ ਨੀਤੀ ਦਾ ਉਦੇਸ਼ ਸ਼ਹਿਰਾਂ ਵਿਚ ਵੀ ਰਾਜਨੀਤਕ ਸਤਾ ਨੂੰ ਹਥਿਆਉਣਾ ਸੀ ।[5]

ਮਾਰਕਸਵਾਦੀ ਕਮਿਊਨਿਸਟ ਲਹਿਰ ਦੇ ਨਾਲ ਸੰਬੰਧਿਤ ਅਖਬਾਰ ਲੋਕ ਲਹਿਰ ਦੇ ਸੰਪਾਦਕ ਸੁਹੇਲ ਸਿੰਘ ਨੇ ਨਕਸਲਬਾੜੀ ਲਹਿਰ ਦੇ ਇਸੇ ਉਦੇਸ਼ ਨੂੰ ਸਪੱਸ਼ਟ ਕਰਦੇ ਹੋਏ ਲਿਖਿਆ ਹੈ ਕਿ ਇਸ ਲਹਿਰ ਨੂੰ :

> ...ਸਿਆਸੀ ਤਾਕਤ ਹਾਸਿਲ ਕਰਨ ਲਈ ਹਥਿਆਰਬੰਦ ਜਦੋਜਹਿਦ ਦਾ ਨਾ ਦਿੱਤਾ ਗਿਆ। ਇਸ ਤੋਂ ਬਿਨਾਂ ਇਹ ਜਦੋਜਹਿਦ ਵੱਡੇ ਜੋਤੇਦਾਰਾਂ ਵਿਰੁੱਧ ਕੇਂਦਰਿਤ ਕਰਨ ਦੀ ਥਾਂ ਸਾਰੇ ਮਾਲਕਾਂ ਵੱਡੇ ਤੇ ਛੋਟੇ ਵਿਰੁੱਧ ਕਰ ਦਿੱਤੀ ਗਈ ।[6]

ਇਸ ਤਰ੍ਹਾਂ ਨਕਸਲਬਾੜੀ ਲਹਿਰ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਲਹਿਰ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦਾ ਹੀ ਇਕ ਨਵਾਂ ਰੂਪ ਸੀ ਜੋ ਮਾਓ ਦੇ ਇਸ ਵਿਚਾਰ ਨੂੰ ਕਿ 'ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਆਪਣਾ ਆਦਰਸ਼ ਮੰਨ ਕੇ ਚਲਦੀ ਸੀ। ਉਪਰੋਕਤ ਚਰਚਾ ਦੇ ਆਧਾਰ ਤੇ ਨਕਸਲਬਾੜੀ ਲਹਿਰ ਦੀ ਪ੍ਰਕਿਰਤੀ ਨੂੰ ਇਸ ਤਰ੍ਹਾਂ ਸਪੱਸ਼ਟ ਕੀਤਾ ਜਾ ਸਕਦਾ ਹੈ ਕਿ ਇਹ ਲਹਿਰ ਸਮੇਂ ਦੀਆਂ ਰਾਜਨੀਤਕ, ਸਮਾਜਕ, ਆਰਥਿਕ ਪਰਿਸਥਿਤੀਆਂ ਵਿਰੁਧ ਉਪਜਿਆ ਇਕ ਹਿੰਸਕ ਵਿਦਰੋਹ ਸੀ ਜੋ ਮਾਰਕਸਵਾਦੀ, ਲੈਨਿਨਵਾਦੀ ਮਾਓਵਾਦੀ ਵਿਚਾਰਧਾਰਾ ਦੇ ਅਮਲ ਦਾ ਸਿੱਟਾ ਸੀ। ਨਕਸਲਬਾੜੀ ਲਹਿਰ ਦੇ ਪਿੱਛੇ ਜਿਹੜੀ ਵਿਚਾਰਧਾਰਾ ਪ੍ਰਮੁੱਖ ਰੂਪ ਵਿਚ ਕੰਮ ਕਰ ਰਹੀ ਸੀ ਉਹ ਮਾਓਵਾਦੀ ਵਿਚਾਰਧਾਰਾ ਸੀ। ਇਸ ਵਿਚਾਰਧਾਰਾ ਨੂੰ ਅਪਨਾਉਂਦੇ ਹੋਏ ਇਸ ਲਹਿਰ ਦੇ ਕਾਰਜਕਰਤਿਆਂ ਨੇ ਕਮਿਉਨਿਸਟ ਪਾਰਟੀ (ਮਾਰਕਸਵਾਦੀ) ਦੇ ਪ੍ਰੋਗਰਾਮਾਂ ਤੇ ਨੀਤੀਆਂ ਨੂੰ ਵੰਗਾਰਿਆ ਅਤੇ ਪੰਜ ਮੁਖੀ ਨਾਹਰੇ ਦਿੱਤੇ ਜੋ ਇਸ ਪ੍ਰਕਾਰ ਹਨ :

1. ਭਾਰਤ ਦੀ ਆਜ਼ਾਦੀ ਰਸਮੀਂ ਤੇ ਨਾਂਮਾਤਰ ਆਜ਼ਾਦੀ ਹੈ।
2. ਭਾਰਤ ਨਵ-ਬਸਤੀਵਾਦੀ ਸਟੇਟ ਹੈ, ਜਿਹੜੀ ਕਿ ਮੁੱਖ ਤੌਰ ਤੇ ਸਾਮਰਾਜੀਆਂ ਤੇ ਜਾਗੀਰਦਾਰਾਂ ਦੇ ਹਿਤਾਂ ਦੀ ਸੇਵਾ ਕਰ ਰਹੀ ਹੈ।
3. ਚੋਣਾਂ ਵਿਚ ਭਾਗ ਲੈਣਾ ਫਜ਼ੂਲ ਹੈ ਅਤੇ ਦੇਸ਼ ਦੀ ਅਜੋਕੀ ਸਥਿਤੀ ਵਿਚ ਇਨ੍ਹਾਂ ਦਾ ਬਾਈਕਾਟ ਜ਼ਰੂਰੀ ਹੈ।
4. ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ ਅਤੇ ਇਸ ਦੇ ਲਈ ਅਮਲ ਤੱਤ ਫੱਟ ਆਰੰਭ ਕਰ ਦੇਣਾ ਚਾਹੀਦਾ ਹੈ।
5. ਇਨਕਲਾਬ ਲਈ ਲੋਕਾਂ ਨੂੰ ਲਾਮਬੰਦ ਕਰਨ ਦੀ ਲੋੜ ਨਹੀਂ, ਮਜ਼ਦੂਰ ਜਮਾਤ ਦਾ ਭਾਰਤੀ ਇਨਕਲਾਬ ਵਿਚ ਕੋਈ ਰੋਲ ਨਹੀਂ ਅਤੇ ਇਨਕਲਾਬ ਲਈ ਕੇਵਲ ਕੁਝ ਕੁ ਗੱਭਰੂਆਂ ਦੇ ਤਲੀ ਤੇ ਸਿਰ ਰੱਖ ਕੇ ਮੈਦਾਨ ਵਿਚ ਕੁੱਦਣ ਦੀ ਲੋੜ ਹੈ।[7]

ਨਕਸਲਬਾੜੀ ਲਹਿਰ ਦੇ ਸਰਗਰਮ ਸਮਰਥਕ ਹਿੰਸਾ ਆਪਣੇ ਰਾਜਨੀਤਕ ਮਨੋਰਥ ਦੀ ਪ੍ਰਾਪਤੀ ਦਾ ਮਹੱਤਵਪੂਰਣ ਸਾਧਨ ਮੰਨਦੇ ਸਨ। ਉਹ ਗੁਰੀਲਾ ਢੰਗ ਨਾਲ ਭਾਵ ਲੁਕ-ਛਿਪ ਕੇ, ਘਾਤ ਲਾ ਕੇ ਦੁਸ਼ਮਣਾਂ ਦਾ ਸਫਾਇਆ ਕਰਨ ਵਿਚ ਵਿਸ਼ਵਾਸ਼ ਰੱਖਦੇ ਸਨ। ਇਹ ਲਹਿਰ ਆਪਣੀਆਂ ਕ੍ਰਾਂਤੀਕਾਰੀ ਭਾਵਨਾਵਾਂ ਕਾਰਣ ਬਹੁਤ ਤੇਜੀ ਨਾਲ ਪ੍ਰਫੁਲਿਤ ਹੋਈ ਅਤੇ ਪੰਜਾਬ ਵਿਚ ਚਲੀਆਂ ਹੋਰ ਕਈ ਕ੍ਰਾਂਤੀਕਾਰੀ ਲਹਿਰਾਂ (ਕੂਕਾ ਲਹਿਰ, ਗਦਰੀ ਲਹਿਰ, ਬੱਬਰ ਅਕਾਲੀ ਲਹਿਰ, ਭਗਤ ਸਿੰਘ ਸ਼ੋਸ਼ਲਿਸਟ ਰੀਪਬਲਿਕ ਪਾਰਟੀ ਲਹਿਰ, ਮਾਰਕਸਵਾਦੀ ਲਹਿਰ) ਵਾਂਗ ਇਸ ਲਹਿਰ ਨੇ ਰਾਜਨੀਤਕ ਖੇਤਰ ਦੇ ਨਾਲ ਨਾਲ ਸਾਹਿਤ ਦੇ ਖੇਤਰ ਵਿਚ ਵੀ ਪ੍ਰਵੇਸ਼ ਕੀਤਾ। ਨਕਸਲਬਾੜੀ ਲਹਿਰ ਦੇ ਕਾਰਜਕਰਤਿਆਂ ਨੇ ਅਮਲੀ ਸੰਘਰਸ਼ ਦੇ ਨਾਲ ਨਾਲ ਸ਼ਾਹਿਤ ਰਚਨਾ ਵੀ ਕਰਕੇ ਲੋਕਾਂ ਨੂੰ ਆਪਣੇ ਮਿਲ ਜੋੜਨ ਦਾ ਯਤਨ ਕੀਤਾ। ਪੰਜਾਬ ਦੀ ਜੁਝਾਰਵਾਦੀ ਕਾਵਿ-ਧਾਰਾ ਨਕਸਲਬਾੜੀ ਲਹਿਰ ਦਾ ਹੀ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਭਾਰ ਸੀ।

ਇਸ ਧਾਰਾ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਪੰਜਾਬੀ ਕਵਿਤਾ ਵਿਚ ਕਈ ਹੋਰ ਧਾਰਾਵਾਂ ਪ੍ਰਚਲਿਤ ਹੋਈਆਂ ਜਿਵੇਂ ਰੁਮਾਂਸਵਾਦੀ ਧਾਰਾ, ਪ੍ਰਗਤੀਵਾਦੀ ਧਾਰਾ, ਪ੍ਰਯੋਗ-ਵਾਦੀ ਧਾਰਾ ਆਦਿ। ਵਿਚਾਰਧਾਰਾਈ ਦ੍ਰਿਸ਼ਟੀ ਤੋਂ ਜੁਝਾਰਵਾਦੀ ਲਹਿਰ ਦੀ ਪ੍ਰਗਤੀਵਾਦੀ ਧਾਰਾ ਨਾਲ ਸਾਂਝ ਸੀ, ਇਸ ਕਰਕੇ ਬਹੁਤ ਸਾਰੇ ਸਾਹਿਤ ਚਿੰਤਕਾਂ ਨੇ ਇਸ ਧਾਰਾ ਨੂੰ ਇਕ ਵੱਖਰੀ ਕਾਵਿ ਧਾਰਾ ਮੰਨਣ ਦੀ ਬਜਾਏ ਪ੍ਰਗਤੀਵਾਦੀ ਧਾਰਾ ਦਾ ਹੀ ਇਕ ਨਵਾਂ ਰੂਪ ਮੰਨਣਾ ਸ਼ੁਰੂ ਕਰ ਦਿੱਤਾ। ਸੁਤਿੰਦਰ ਸਿੰਘ ਨੂਰ, ਆਪਣੇ ਲੇਖ 'ਨਵ-ਪ੍ਰਗਤੀਵਾਦੀ ਕਵਿਤਾ ਦੀਆਂ ਵਿਧੀਆਂ ਵਿਚ ਇਸ ਲਹਿਰ ਦੀ ਚਰਚਾ ਕਰਦੇ ਹੋਏ ਲਿਖਦਾ ਹੈ :

> ਕਾਵਿ ਦੇ ਖੇਤਰ ਵਿਚ ਇਹ ਧਾਰਾ ਪ੍ਰਗਤੀਵਾਦ ਦਾ ਹੀ ਇਕ ਨਵਾਂ ਰੂਪ ਸੀ।[8]

ਇਥੇ ਪ੍ਰਸ਼ਨ ਉਠਦਾ ਹੈ ਕਿ ਕੀ ਜੁਝਾਰਵਾਦੀ ਕਾਵਿ ਧਾਰਾ ਆਪਣੇ ਆਪ ਵਿਚ ਇਕ ਵੱਖਰੀ ਕਾਵਿ ਧਾਰਾ ਸੀ ਜਾਂ ਇਹ ਆਪਣੇ ਤੋਂ ਪਹਿਲਾਂ ਚਲੀ ਪ੍ਰਗਤੀਵਾਦੀ ਕਾਵਿ ਧਾਰਾ ਦਾ ਹੀ ਅਗਲੇਰਾ ਵਿਕਾਸ ਸੀ ? ਜੁਝਾਰਵਾਦੀ ਕਵੀਆਂ ਨੇ ਆਪਣੇ ਆਪ ਨੂੰ ਪ੍ਰਗਤੀਵਾਦੀ ਕਵੀਆਂ ਤੋਂ ਵੱਖਰਾ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਪਾਸ਼ ਦੇ ਕਾਵਿ ਸੰਗ੍ਰਹਿ 'ਲੋਹ ਕਥਾ' ਦੀ ਭੂਮਿਕਾ ਵਿਚ ਸੰਤ-ਸੰਧੂ ਨੇ ਪੂਰਬਲੀਆਂ ਕਾਵਿ-ਧਾਰਾਵਾਂ ਨੂੰ ਨਕਾਰਦੇ ਹੋਏ ਜੁਝਾਰ ਵਿਦਰੋਹੀ ਕਾਵਿ-ਧਾਰਾ ਦੀ ਸਾਰਥਕਤਾ ਨੂੰ ਇਸ ਤਰ੍ਹਾਂ ਦਰਸਾਇਆ ਹੈ :

> ਸਾਡਾ ਵੀਹਵੀਂ ਸਦੀ ਦਾ ਪੰਜਾਬੀ ਸਾਹਿਤਕ ਵਿਰਸਾ ਪਰੰਪਰਾਈ ਬੌਧਿਕ, ਪ੍ਰਯੋਗੀ, ਪ੍ਰਗਤੀਵਾਦੀ, ਸਮਾਜਵਾਦੀ ਤੇ ਹੋਰ ਲੱਲੂ ਪੰਜੂ ਅਖੌਤੀ ਡੀਂਗਾਂ ਹੀ ਸੀ, ਜੋ ਗੁਮਰਾਹ ਤੇ ਰੰਗੇ ਹੋਏ ਗਿੱਦੜ ਦੀਆਂ ਹੂਕਾਂ ਸਨ।[9]

ਜੁਝਾਰ ਵਿਦਰੋਹੀ ਕਵੀਆਂ ਨੇ ਪ੍ਰਗਤੀਵਾਦੀ ਕਾਵਿ-ਧਾਰਾ ਨੂੰ ਚੇਤੰਨ ਤੌਰ ਤੇ ਲਲਕਾਰਿਆ ਤੇ ਆਪਣੇ ਆਪ ਨੂੰ ਉਸ ਤੋਂ ਨਿਖੇੜਨ ਦੀ ਕੋਸ਼ਿਸ਼ ਕੀਤੀ ਹੈ। ਅਸਲ ਵਿਚ ਜੁਝਾਰ ਵਿਦਰੋਹੀ ਕਾਵਿ ਧਾਰਾ ਦੇ ਉਤਪੰਨ ਹੋਣ ਵਿਚ ਨਿਮਨਲਿਖਤ ਪ੍ਰਮੁਖ ਸਰੋਤ ਕਾਰਜਸ਼ੀਲ ਸਨ :

1. ਜੁਝਾਰ ਵਿਦਰੋਹੀ ਕਾਵਿ-ਧਾਰਾ ਮਾਰਕਸਵਾਦੀ ਲੈਨਿਨਵਾਦੀ, ਮਾਓਵਾਦੀ ਦਰਸ਼ਨ ਨਾਲ ਸੰਬੰਧਿਤ ਹੈ।
2. ਇਹ ਨਕਸਲਬਾੜੀ ਭਾਵ ਕਿਰਸਾਨੀ ਲਹਿਰ ਦੇ ਪ੍ਰਭਾਵ ਦਾ ਸਿੱਟਾ ਹੈ।

ਇਸ ਤਰ੍ਹਾਂ ਜੁਝਾਰ ਵਿਦਰੋਹੀ ਕਾਵਿ-ਧਾਰਾ ਦੇ ਵਿਚਾਰਧਾਰਾਈ ਪਰਿਪੇਖ ਦਾ ਇਕ ਸੂਤਰ ਜੇ ਪ੍ਰਗਤੀਵਾਦੀ ਕਾਵਿ ਧਾਰਾ ਵਿਚ ਹੈ ਤਾਂ ਦੂਸਰਾ ਜੁਝਾਰ ਵਿਦਰੋਹੀ ਕਵੀਆਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਕਾਲੀਨ ਯਥਾਰਥ ਬਾਰੇ ਅਨੁਭਵ-ਚੇਤਨਾ ਵਿਚ ਕਾਰਜਸ਼ੀਲ ਦੇਖਿਆ ਜਾ ਸਕਦਾ ਹੈ। ਇਸ ਕਵਿਤਾ ਵਿਚਲਾ ਵਿਚਾਰਧਾਰਾਈ ਅੰਸ਼ ਪ੍ਰਗਤੀਵਾਦੀ ਧਾਰਾ ਨਾਲ ਸਾਂਝ ਰੱਖਦਾ ਹੈ, ਜਦ ਕਿ ਕ੍ਰਾਂਤੀਕਾਰੀ ਸਮਾਜਵਾਦੀ ਅੰਸ਼ ਇਨ੍ਹਾਂ ਕਵੀਆਂ ਦੀ ਆਪਣੀ ਯਥਾਰਥ-ਚੇਤਨਾ ਦਾ ਪ੍ਰਤਿਫਲ ਹੈ। ਇਸ ਸੰਬੰਧ ਵਿਚ ਕਰਮਜੀਤ ਸਿੰਘ ਨੇ ਇਸ ਤਰ੍ਹਾਂ ਟਿੱਪਣੀ ਕੀਤੀ ਹੈ :

> ਪ੍ਰਗਤੀਵਾਦੀ ਵਿਚਾਰਧਾਰਾ ਇਸ ਧਾਰਾ ਦੀ ਪ੍ਰਿਸ਼ਠ ਭੂਮੀ ਤੇ ਰੁਮਾਂਟਿਕ ਕ੍ਰਾਂਤੀਵਾਦ ਇਸ ਦੀ ਅਗਰਭੂਮੀ ਹੈ।[10]

ਇਸ ਧਾਰਾ ਦੀ ਕਵਿਤਾ ਦੀ ਪ੍ਰਗਤੀਵਾਦੀ ਕਵਿਤਾ ਨਾਲ ਵਿਚਾਰਧਾਰਾਈ ਸਾਂਝ ਨੂੰ ਦੇਖਦੇ ਹੋਏ ਹੀ ਸੁਤਿੰਦਰ ਸਿੰਘ ਨੂਰ ਨੇ ਆਪਣੀ ਪੁਸਤਕ 'ਨਵੀਂ ਕਵਿਤਾ ਸੀਮਾਂ ਤੇ ਤੇ ਸੰਭਾਵਨਾ' ਵਿਚ ਇਸ ਨੂੰ ਨਵ-ਪ੍ਰਗਤੀਵਾਦੀ ਕਹਿਣਾ ਵਧੇਰੇ ਠੀਕ ਸਮਝਿਆ ਹੈ। ਉਸ ਅਨੁਸਾਰ "ਇਸ ਕਾਵਿ-ਧਾਰਾ ਨਾਲ ਸੰਬੰਧਿਤ ਵਧੇਰੇ ਕਵੀ ਪ੍ਰਗਤੀਵਾਦੀ ਸਿਧਾਂਤ ਨੂੰ ਮੰਨਣ ਵਾਲੇ ਜ਼ਰੂਰ ਹਨ। ਉਂਜ ਵੀ ਕਾਵਿ ਦੇ ਖੇਤਰ ਵਿਚ ਇਹ ਧਾਰਾ ਪ੍ਰਗਤੀਵਾਦੀ ਦਾ ਹੀ ਇਕ ਨਵਾਂ ਰੂਪ ਹੈ ਜਿਸ ਵਿਚ ਪੁਰਾਣੇ ਪ੍ਰਗਤੀਵਾਦੀ ਨੂੰ ਘੂਰਿਆ ਗਿਆ...ਇਸ ਧਾਰਾ ਦਾ ਸਮੁੱਚਾ ਸੰਗਠਨ ਜਿਨ੍ਹਾਂ ਕੁ ਨਵਾਂ ਹੈ, ਉਹ ਇਸ ਕਾਵਿ-ਧਾਰਾ ਨੂੰ ਕੇਵਲ ਨਵ-ਪ੍ਰਗਤੀਵਾਦੀ ਕਹਾਉਣ ਦਾ ਹੱਕ ਹੀ ਦਿੰਦਾ ਹੈ"।[11] ਇਸ ਤਰ੍ਹਾਂ ਸੁਤਿੰਦਰ ਸਿੰਘ ਨੂਰ ਨੇ ਇਸ ਕਾਵਿ-ਧਾਰਾ ਦੀ ਕਵਿਤਾ ਨੂੰ ਨਵ-ਪ੍ਰਗਤੀਵਾਦੀ ਕਵਿਤਾ ਦੇ ਸਿਰਲੇਖ ਅਧੀਨ ਹੀ ਰੱਖਿਆ ਹੈ।

ਪਰ ਇਸ ਕਾਵਿ-ਧਾਰਾ ਦੀ ਕਵਿਤਾ ਨੂੰ ਕੇਵਲ ਨਵ-ਪ੍ਰਗਤੀਵਾਦੀ ਕਵਿਤਾ ਕਹਿਣਾ ਯੋਗ ਨਹੀਂ ਹੈ, ਕਿਉਂਕਿ ਇਹ ਨਾਮ ਇਸ ਕਾਵਿ-ਧਾਰਾ ਦੇ ਸੁਭਾਅ ਦੇ ਪੂਰੀ ਤਰ੍ਹਾਂ ਅਨੁਕੂਲ ਨਹੀਂ, ਜੁਝਾਰ-ਵਿਦਰੋਹੀ ਕਾਵਿ-ਧਾਰਾ ਦੇ ਨਾਮਕਰਣ ਦੀ ਸਮੱਸਿਆ ਨੂੰ ਆਪਣੀ ਵਿਚਾਰ ਚਰਚਾ ਦਾ ਆਧਾਰ ਬਣਾਉਂਦੇ ਹੋਏ ਰਵਿੰਦਰ ਰਵੀ ਨੇ ਇਹ ਮੱਤ ਪੇਸ਼ ਕੀਤਾ ਹੈ :

> • 1960–65 ਤੱਕ ਜਿਸ ਪ੍ਰਗਤੀਵਾਦੀ ਲਹਿਰ ਦੇ ਪ੍ਰਭਾਵ ਅਧੀਨ ਪੰਜਾਬੀ ਦੇ ਪ੍ਰਗਤੀਵਾਦੀ ਕਾਵਿ ਦੀ ਸਿਰਜਨਾ ਹੁੰਦੀ ਰਹੀ ਉਹ ਅਸਲ ਵਿਚ, ਜਮਹੂਰੀ ਅਗਾਂਹ ਵਧੂ, ਉਦਾਰ-ਬੁਰਜੂਆ, ਦੇਸ਼ ਭਗਤ ਅਤੇ ਖੱਬੀਆਂ ਸ਼ਕਤੀਆਂ ਦਾ ਵਿਸ਼ਾਲ ਸਾਂਝਾ ਮੁਹਾਜ਼ ਸੀ ਜਿਹੜਾ ਮੁੱਖ ਰੂਪ ਵਿਚ ਵੇਲਾ ਵਿਹਾ ਚੁੱਕੀਆਂ ਜਾਗੀਰਦਾਰੀ ਕੀਮਤਾਂ, ਫਿਸ਼ਵਾਸ਼ਾਂ, ਸੰਸਕਾਰਾਂ, ਆਦਿ ਦੀਆਂ ਜਕੜਾਂ ਵਿਰੁੱਧ ਅਗਾਂਹਵਧੂ ਸਮਾਜਵਾਦੀ ਤਾਕਤਾਂ ਦੇ ਹੱਕ ਵਿਚ ਅਤੇ ਸਾਮਰਾਜ ਵਿਰੋਧੀ ਸੀ। ਇਸ ਦੇ ਇਤਿਹਾਸਕ ਯੋਗਦਾਨ ਦੇ ਬਾਵਜੂਦ ਤਾਂ ਇਹ ਮਾਰਕਸਵਾਦੀ ਵਿਚਾਰਧਾਰਾ ਨਾਲ ਮੂਲ ਤੌਰ ਤੇ ਕੇਵਲ ਭਾਵੁਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਵਿਚ ਆਦਰਸ਼ਵਾਦੀ ਮਾਨਵਤਾਵਾਦੀ, ਸੁਧਾਰਵਾਦੀ, ਦ੍ਰਿਸ਼ਟੀਕੋਣ ਤੱਕ ਹੀ ਸੀਮਤ ਸੀ ਅਤੇ ਦੂਸਰੇ ਸਥਾਨਕ, ਪੂੰਜੀਵਾਦੀ ਅਰਥ ਵਿਵਸਥਾ ਬੁਰਜੂਆ ਰਾਜਨੀਤੀ ਜਮਾਤ ਜੀਵਨ ਕੀਮਤਾਂ ਆਦਿ ਪ੍ਰਤੀ ਇਸ ਦਾ ਕੋਈ ਵਿਸ਼ੇਸ਼ ਮੁਹਾਜ਼ ਨਹੀਂ ਸੀ। ਇਸ ਤੋਂ ਉਲਟ ਵਿਚਾਰ ਅਧੀਨ ਕਾਵਿ-ਧਾਰਾ ਨਿਰੋਲ ਮਾਰਕਸਵਾਦੀ ਵਿਚਾਰਧਾਰਾ ਅਤੇ ਰਾਜਨੀਤੀ ਪ੍ਰਤਿ ਅਤਿਵਾਦੀ ਅਤੇ ਕੱਟੜਪਣੇ ਦੀ ਹੱਦ ਤੱਕ ਪ੍ਰਤੀਬੱਧ ਅਤੇ ਸੁਚੇਤ ਸੀ...ਇਸ ਲਈ ਇਸ ਨੂੰ ਪ੍ਰਗਤੀਵਾਦੀ ਲਹਿਰ ਦਾ ਕੋਈ ਨਵਾਂ ਵਿਕਸਿਤ ਜਾਂ ਅਜੋਕਾ ਰੂਪ ਕਹਿਣਾ ਉਚਿਤ ਨਹੀਂ।[12]

ਇਸ ਲਹਿਰ ਦੀਆਂ ਹੋਰ ਮੁਖ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਇਸ ਦੇ ਹੋਰ ਨਾਂ ਵੀ ਰੱਖੇ ਗਏ ਹਨ, ਜਿਵੇਂ ਕ੍ਰਾਂਤੀਕਾਰੀ ਕਵਿਤਾ, ਇਤਿਹਾਸਕ ਚੇਤਨਾ ਮੁਖੀ ਕਵਿਤਾ, ਜੁਝਾਰ-ਵਿਦਰੋਹੀ/ਜੁਝਾਰਵਾਦੀ/ਜੁਝਾਰੂ ਕਵਿਤਾ। ਵਿਦਵਾਨਾਂ ਵੱਲੋਂ ਇਨ੍ਹਾਂ ਨਾਵਾਂ ਦਾ ਸਪਸ਼ਟੀਕਰਣ ਵੀ ਦਿੱਤਾ ਗਿਆ ਹੈ।

ਇਸ ਧਾਰਾ ਨੂੰ ਕ੍ਰਾਂਤੀਕਾਰੀ ਕਵਿਤਾ ਦਾ ਨਾਮ ਵੀ ਦਿੱਤਾ ਗਿਆ ਹੈ। ਪਰ ਇਸ ਦੇ ਕ੍ਰਾਂਤੀਕਾਰੀ ਕਵਿਤਾ ਕਹਾਉਣ ਦਾ ਕੋਈ ਵਿਗਿਆਨਕ ਆਧਾਰ ਨਹੀਂ ਬਣ ਸਕਿਆ। ਗੁਰਬਚਨ ਸਿੰਘ ਨੇ ਆਪਣੀ ਪੁਸਤਕ 'ਚਿਹਨ ਸਰੰਚਨਾ ਤੇ ਮਾਰਕਸਵਾਦ' ਵਿਚ ਕ੍ਰਾਂਤੀਕਾਰੀ ਟੈਕਸਟ ਦੇ ਨਿਮਨਲਿਖਤ ਪਛਾਣ ਚਿਹਨ ਪੇਸ਼ ਕੀਤੇ ਹਨ :

1 ਕਾਵਿ ਭਾਸ਼ਾ ਅਤੇ ਆਮ ਬੋਲ ਚਾਲ ਦੀ ਭਾਸ਼ਾ ਵਿਚ ਨਿਖੇੜ ਕਰਨਾ।

2. ਕਾਵਿ ਭਾਸ਼ਕ ਸਿਰਜਣਾ ਨੂੰ ਕਲਚਰਲ ਟੈਕਸਟ ਅਤੇ ਸਾਧਾਰਣ ਭਾਸ਼ਕ ਉਕਤੀ ਨੂੰ ਕਲਚਰ ਦੀ ਸਬ-ਟੈਕਸਟ ਵਜੋਂ ਸਵੀਕਾਰ ਕਰਨਾ।

3. ਉਪਰਲੇ ਮਾਡਲ ਨੂੰ ਧਿਆਨ ਵਿਚ ਰੱਖ ਕੇ ਪ੍ਰਗਤੀਸ਼ੀਲ/ਕ੍ਰਾਂਤੀਕਾਰੀ ਸਬ-ਟੈਕਸਟ ਵਿਚ ਨਿਖੇੜੇ ਨੂੰ ਧਿਆਨ ਵਿਚ ਰੱਖਣਾ।

4. ਟੈਕਸਟ ਸਿਰਜਣ ਕਾਰਜ ਨੂੰ ਸਭਿਆਚਾਰਕ ਮੰਨ ਕੇ ਸਿਆਸੀ ਸੰਗਰਾਮ ਦੇ ਸਮਾਨੰਤਰ ਅਥਵਾ ਕਾਊਂਟਰ ਕਲਚਰ ਵੱਲ ਵੱਧਣਾ।

5. ਜਦੋਂ ਟੈਕਸਟ ਸਿਰਜਣ ਕਾਰਜ ਦਾ ਪ੍ਰਤਿਮਾਨ ਕ੍ਰਾਂਤੀਕਾਰੀ ਕਾਊਂਟਰ ਕਲਚਰ ਦੀ ਕਾਵਿ ਭਾਸ਼ਾ ਮੰਨ ਲਿਆ ਗਿਆ ਤਾਂ ਵਿਚਾਰਧਾਰਾ ਪੱਖੋਂ ਇਸਦਾ ਕਿਰਦਾਰ ਬੁਰਜੂਆ ਵਿਰੋਧੀ ਹੋਣਾ ਲਾਜ਼ਮੀ ਹੈ।[13]

ਰਵਿੰਦਰ ਰਵੀ ਨੇ ਵੀ ਕ੍ਰਾਂਤੀਕਾਰੀ ਟੈਕਸਟ ਦੀ ਪਰਿਭਾਸ਼ਾ ਦਿੰਦੇ ਹੋਏ ਲਿਖਿਆ ਹੈ ਕਿ :

ਕੋਈ ਵੀ ਸੰਸਕ੍ਰਿਤਕ ਸਿਰਜਨਾ ਉਦੋਂ ਹੀ ਕ੍ਰਾਂਤੀਕਾਰੀ ਸੰਸਕ੍ਰਿਤਕ ਸਿਰਜਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਰੂਪਾਧਾਰਨ ਕਰ ਸਕਦੀ ਹੈ ਜਦੋਂ ਉਹ (1) ਕਿਸੇ ਦੌਰ ਦੀ ਸਮਾਜਕ ਇਤਿਹਾਸਕ ਡਾਇਲੈਕਟਸ ਦੇ ਗੁਣਾਂਤਮਕ ਰੂਪਾਂਤਰਣ ਦੁਆਰਾ (2) ਸਿਰਜੇ ਗਏ ਸੰਸਕ੍ਰਿਤਕ ਪਾਸਾਰ ਤੇ ਪ੍ਰੌਢ ਸਰਬਾਂਗੀ ਸਮੁੱਚ ਨੂੰ (3) ਚੇਤਨਾ ਦੇ ਸਮਕਾਲੀਨ ਮੁਹਾਵਰੇ ਵਿਚ (4) ਕ੍ਰਾਂਤੀਕਾਰੀ ਸਾਂਸਕ੍ਰਿਤਕ ਚਿੰਨ੍ਹਕਾਂ ਰਾਹੀਂ (5) ਉਭਰਦੀ ਭਾਰੂ ਭਵਿੱਖਮੁਖੀ ਸਰੰਚਨਾ ਦੇ ਰੂਪ ਵਿਚ ਹੋਂਦ ਗ੍ਰਹਿਣ ਕਰਦੀ ਹੋਵੇ ।[14]

ਜੁਝਾਰ ਵਿਦਰੋਹੀ ਕਵਿਤਾ ਵਿਚ ਇਤਿਹਾਸਕ ਨਾਇਕਾਂ ਨੂੰ ਲੈ ਕੇ ਕ੍ਰਾਂਤੀਕਾਰੀ ਸੁਰਾਂ ਨੂੰ ਉਭਾਰਿਆ ਗਿਆ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਵਿਚਲੇ ਕ੍ਰਾਂਤੀਕਾਰੀ ਨਾਇਕਾਂ ਦੇ ਦੱਸੇ ਮਾਰਗ ਦੁਆਰਾ ਕ੍ਰਾਂਤੀਕਾਰੀ ਰਾਹ ਅਪਨਾਉਣ ਦੀ ਪ੍ਰੇਰਨਾ ਦਿੱਤੀ ਗਈ ਹੈ, ਪਰੰਤੂ ਇਤਿਹਾਸ ਪ੍ਰਤਿ ਚੇਤੰਨਤਾ ਕ੍ਰਾਂਤੀਕਾਰੀ ਸਿਰਜਣਾ ਦਾ ਕੇਵਲ ਇਕ ਅੰਗ ਹੀ ਮੰਨੀ ਜਾ ਸਕਦੀ ਹੈ, ਇਸ ਕਰਕੇ ਇਸ ਕਾਵਿ ਧਾਰਾ ਦੀ ਕਵਿਤਾ ਨੂੰ ਕ੍ਰਾਂਤੀਕਾਰੀ ਕਵਿਤਾ ਦਾ ਨਾਮ ਦੇਣਾ ਪੂਰਾ ਯੋਗ ਸਿੱਧ ਨਹੀਂ ਹੁੰਦਾ ਕਿਉਂਕਿ ਇਸ ਵਿਚ ਕ੍ਰਾਂਤੀਕਾਰੀ ਟੈਕਸਟ ਵਾਲੇ ਸਾਰੇ ਗੁਣ ਮੌਜੂਦ ਨਹੀਂ ਹਨ ।

ਇਸ ਕਾਵਿ-ਧਾਰਾ ਨੂੰ ਇਤਿਹਾਸਕ ਚੇਤਨਾ ਮੁਖੀ ਕਵਿਤਾ ਦਾ ਨਾਂ ਦਿੱਤਾ ਗਿਆ । ਰਵਿੰਦਰ ਰਵੀ ਇਸ ਧਾਰਾ ਦੀ ਕਵਿਤਾ ਨੂੰ ਇਤਿਹਾਸਕ ਚੇਤਨਾ ਮੁਖੀ ਕਵਿਤਾ ਹੀ ਕਹਿੰਦੇ ਹਨ । ਪਰ ਇਸ ਕਾਵਿ-ਧਾਰਾ ਦੀ ਕਵਿਤਾ ਨੂੰ ਇਤਿਹਾਸਕ ਚੇਤਨਾ ਮੁਖੀ ਕਵਿਤਾ ਕਹਿਣਾ ਵੀ ਪੂਰੀ ਤਰ੍ਹਾਂ ਉਚਿਤ ਨਹੀਂ ਹੈ ਕਿਉਂਕਿ ਰੋਹ, ਵਿਦਰੋਹ ਅਤੇ ਬਦਲੇ ਦੀ ਭਾਵਨਾ ਦਾ ਉਪਭਾਵੁਕ ਦ੍ਰਿਸ਼ਟੀਕੋਣ ਇਤਿਹਾਸਕ ਪਰਿਸਥਿਤੀਆਂ ਨੂੰ ਨਿਖਾਰਨ ਨਹੀਂ ਦਿੰਦਾ । ਰੋਹ, ਵਿਦਰੋਹ ਅਤੇ ਬਦਲੇ ਦੀ ਭਾਵਨਾ ਦੇ ਹਿੰਸਾਤਮਕ-ਬਿੰਬ ਦੀ ਸੰਭਾਵਨਾ ਇਸ ਕਾਵਿ ਧਾਰਾ ਦੀ ਲਗਭਗ ਹਰ ਰਚਨਾ ਵਿਚ ਕਿਸੇ ਨਾ ਕਿਸੇ ਰੂਪ ਵਿਚ ਉਜਾਗਰ ਹੋਈ ਰਹਿੰਦੀ ਹੈ । ਇਹੋ ਪਰਿਸਥਿਤੀਆਂ ਇਤਿਹਾਸਕ ਵੇਗ ਨੂੰ ਉਸ ਦੇ ਸਾਰ ਵਿਚ ਸਮਝ ਸਕਣ ਦੀ ਅਸਮਰਥਾ ਦਾ ਕਾਰਨ ਬਣਦੀਆਂ ਹਨ । ਇਸ ਪ੍ਰਕਾਰ 'ਇਤਿਹਾਸਕ ਚੇਤਨਾ ਮੁਖੀ ਕਾਵਿ ਧਾਰਾ' ਕਹਿਣ ਨਾਲ ਵੀ ਇਸ ਦੇ ਸਮੁੱਚੇ ਲੱਛਣਾਂ ਨੂੰ ਰੂਪਮਾਨ ਨਹੀਂ ਕੀਤਾ ਜਾ ਸਕਦਾ ।

ਇਸ ਕਾਵਿ ਧਾਰਾ ਨੂੰ ਜੁਝਾਰ ਵਿਦਰੋਹੀ ਜੁਝਾਰੂ ਕਵਿਤਾ ਦਾ ਨਾਂ ਵੀ ਦਿੱਤਾ ਗਿਆ ਹੈ । ਕਰਮਜੀਤ ਸਿੰਘ ਆਪਣੀ ਪੁਸਤਕ "ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ" ਵਿਚ ਇਸ ਲਹਿਰ ਅਧੀਨ ਰਚੀ ਗਈ ਕਵਿਤਾ ਨੂੰ ਜੁਝਾਰ ਵਿਦਰੋਹੀ ਕਵਿਤਾ ਦਾ ਨਾਂ ਹੀ ਦਿੰਦਾ ਹੈ । ਜੁਝਾਰ ਦਾ ਅਰਥ ਇਸ ਵਿਚਲੀ ਜੂਝਣ ਦੀ ਸ਼ਕਤੀ ਨਾਲ ਜਾ ਜੁੜਦਾ ਹੈ ਅਤੇ ਵਿਦਰੋਹ ਸ਼ਬਦ ਹਿੰਸਾ ਦੀ ਸੁਰ ਨੂੰ ਉਭਾਰਦਾ ਹੈ । ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਇਹ ਲਹਿਰ ਨਕਸਲਬਾੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਹਿਰ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਈ ਸੀ। ਨਕਸਲਬਾੜੀ ਲਹਿਰ ਇਕ ਰਾਜਸੀ ਲਹਿਰ ਸੀ ਤੇ ਰਾਜਨੀਤਕ ਸਤ੍ਹਾ ਹਥਿਆਉਣ ਲਈ ਸ਼ੁਧ ਹਿੰਸਾ ਕਰਨਾ ਇਸ ਦਾ ਪ੍ਰਮੁੱਖ ਉਦੇਸ਼ ਸੀ। ਇਹੋ ਉਦੇਸ਼ ਜੁਝਾਰ ਵਿਦਰੋਹੀ ਕਵਿਤਾ ਦਾ ਵੀ ਹੈ। ਉਂਜ ਵੀ ਇਸ ਕਾਵਿ-ਧਾਰਾ ਦੀਆਂ ਵਿਭਿੰਨ ਇਕਾਈਆਂ ਪਰੰਪਰਾਗਤ ਜੀਵਨ ਮੁੱਲਾਂ ਪ੍ਰਤਿ ਵਿਦਰੋਹੀ ਭਾਵਨਾ ਨਾਲ ਓਤਪੋਤ ਹਨ। ਬੋਦੇ ਹੋ ਚੁਕੇ ਪਰੰਪਰਾਗਤ ਜੀਵਨ ਮੁੱਲਾਂ, ਜੋ ਸ਼ੋਸ਼ਿਤ ਵਰਗ ਦੇ ਸੋਸ਼ਣ ਦਾ ਆਧਾਰ ਬਣਦੇ ਹਨ, ਪ੍ਰਤਿ ਰੋਹ ਤੇ ਵਿਦਰੋਹ ਦੇ ਉਚੇ ਤੇ ਨੀਵੇਂ ਸੁਰ ਇਸ ਕਵਿਤਾ ਵਿਚ ਗੂੰਜਦੇ ਹਨ। ਇਸੇ ਪਰਿਪੇਖ ਵਿਚ ਬਲਜੀਤ ਕੌਰ ਨੇ ਲਿਖਿਆ ਹੈ :

> ਪ੍ਰਗਤੀਵਾਦੀ ਕਾਵਿ-ਧਾਰਾ ਦਾ ਵਿਚਾਰਧਾਰਾਈ ਪਰਿਪੇਖ ਇਸ ਧਾਰਾ ਨੂੰ ਸਿਧਾਂਤਕ ਚੌਖਟਾ ਪ੍ਰਦਾਨ ਕਰਦਾ ਹੈ ਪਰ ਉਸ ਵਿਚ ਗੂੰਜੀਆਂ 'ਰੋਸ ਤੇ ਮਨੋਰਥ' ਦੀਆਂ ਸੁਰਾਂ ਦੇ ਧੀਮੇਪਨ ਦੇ ਪ੍ਰਤਿਕਰਮ ਵਜੋਂ ਇਸ ਵਿਚ ਉਚੀ ਧਰੁਵੀ ਤੇ ਤਲਖ ਜੁਝਾਰੂ ਸੁਰ ਪ੍ਰਚੰਡ ਹੁੰਦੀ ਹੈ।[16]

ਇਸ ਕਰਕੇ ਅਸੀਂ ਇਸ ਲਹਿਰ ਅਧੀਨ ਆਈ ਕਵਿਤਾ ਨੂੰ ਜੁਝਾਰ ਵਿਦਰੋਹੀ ਕਵਿਤਾ ਦੇ ਨਾਂ ਹੇਠ ਹੀ ਵਿਚਾਰਾਂਗੇ।

ਇਸ ਧਾਰਾ ਦੀ ਕਵਿਤਾ ਦੇ ਨਾਮਕਰਣ ਦੀ ਸਮਸਿਆ ਹੱਲ ਕਰਨ ਦੇ ਉਪਰੰਤ ਇਸ ਦੀਆਂ ਉਭਰਵੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰਨੀ ਵੀ ਉਚਿਤ ਹੋਵੇਗੀ।

ਜੁਝਾਰ ਵਿਦਰੋਹੀ ਕਵਿਤਾ ਆਪਣੇ ਢੰਗ ਨਾਲ ਮੌਜੂਦਾ ਸਮਾਜਕ, ਆਰਥਿਕ ਤੇ ਰਾਜਨੀਤਕ ਵਿਵਸਥਾ ਦੇ ਅਣਸੁਖਾਵੇਪਨ ਪ੍ਰਤਿ ਲੋਕਾਂ ਦੇ ਮਨ ਵਿਚ ਇਨਕਲਾਬੀ ਚੇਤਨਾ ਉਤਪੰਨ ਕਰਦੀ ਹੈ ਪਰ ਇਹ ਇਨਕਲਾਬੀ ਚੇਤਨਾ ਪ੍ਰਗਤੀਵਾਦੀ ਕਾਵਿ-ਧਾਰਾ ਦੀ ਇਨਕਲਾਬੀ ਚੇਤਨਾ ਨਾਲੋਂ ਵਖਰੇ ਜੋਸ਼ੀਲੀ, ਨੋਕੀਲੀ ਤੇ ਰੋਹ-ਭਰੀ ਹੈ। ਇਸ ਧਾਰਾ ਨਾਲ ਸੰਬੰਧਿਤ ਕਵੀ ਸਥਾਪਤ ਵਿਵਸਥਾ ਦੇ ਅਣ-ਇਛਿੱਤ ਰੂਪ ਨੂੰ ਤੁਰੰਤ ਬਦਲਣ ਅਤੇ ਆਰਥਿਕ-ਬਰਾਬਰੀ ਤੇ ਖੁਸ਼ਹਾਲੀ ਵਾਲੇ ਪ੍ਰਬੰਧ ਦੀ ਉਸਾਰੀ ਦੇ ਇੱਛਿਤ ਆਦਰਸ਼ ਨੂੰ ਪ੍ਰਾਪਤ ਕਰਨ ਦੇ ਉਦੇਸ਼ ਤੋਂ ਪ੍ਰੇਰਿਤ ਹਨ। ਇਸੇ ਤਤਕਾਲੀਨ ਉਦੇਸ਼ ਅਧੀਨ ਹੀ ਇਨ੍ਹਾਂ ਕਵੀਆਂ ਦਾ ਰੋਹ ਏਨਾ ਤੇਜ਼ ਹੈ ਕਿ ਉਹ ਅਮਲ ਦੀ ਪੱਧਰ ਤੇ ਵੀ ਸਥਾਪਤੀ ਨਾਲ ਦੋ ਹੱਥ ਕਰਨ ਲਈ ਤੇ ਉਸ ਨੂੰ ਤਰਿਸ ਨਹਿਸ ਕਰਨ ਲਈ ਬੜੇ ਉਤਾਵਲੇ ਹਨ। ਇਸ ਤਰ੍ਹਾਂ ਦੇ ਵਿਨਾਸ਼ ਦਾ ਬਿੰਬ ਇਸ ਕਾਵਿ-ਧਾਰਾ ਦੀ ਰੁਮਾਂਟਿਕ ਸੰਵੇਦਨਾ ਵੱਲ ਹੀ ਇਸ਼ਾਰਾ ਕਰਦਾ ਹੈ।

ਤਤਕਾਲੀਨ ਸਮਾਜਕ ਰਾਜਨੀਤਕ ਇਨਕਲਾਬ ਦੀ ਸਾਧਨਾ ਵਾਸਤੇ ਜੁਝਾਰ ਵਿਦਰੋਹੀ ਕਵੀ ਧੀਮੇ ਬੋਲਾਂ ਨੂੰ ਨਕਾਰਦੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡੂੰਘਾ ਅਨੁਭਵ ਹੈ ਕਿ ਧੀਮੇ ਬੋਲਾਂ ਨਾਲ ਕੁਝ ਵੀ ਪ੍ਰਾਪਤ ਨਹੀਂ ਹੋਣ ਲੱਗਾ। ਇਸ ਤਰ੍ਹਾਂ ਇਹ ਕਵੀ ਨਾ ਕੇਵਲ ਹਥਿਆਰਬੰਦ ਕ੍ਰਾਂਤੀ ਦੀ ਗੱਲ ਕਰਦੇ ਹਨ ਸਗੋਂ ਖ਼ੁਦ ਤਲਵਾਰ/ਬੰਦੂਕ ਫੜ੍ਹ ਕੇ ਯਥਾਰਥ ਦੇ ਮਹਾਂਭਾਰਤ ਵਿਚ ਕੁਦਣ ਲਈ ਤਤਪਰ ਤੇ ਯਤਨਸ਼ੀਲ ਹਨ। ਇਹ ਕਵੀ ਕਤਲ ਤੇ ਹਿੰਸਾ ਨੂੰ ਆਪਣੇ ਰਾਜਨੀਤਕ ਮਨੋਰਥ ਦੀ ਪ੍ਰਾਪਤੀ ਦਾ ਸਾਧਨ ਸਵੀਕਾਰ ਕਰ ਕੇ ਤੁਰਦੇ ਹਨ। ਉਨ੍ਹਾਂ ਦੀ ਕਵਿਤਾ ਵਿਚ ਨਫ਼ਰਤ ਤੇ ਬੇਪ੍ਰਤੀਤੀ ਦਾ ਮਾਹੌਲ ਪੇਸ਼ ਹੋਇਆ ਹੈ। ਉਸ ਵਿਚ ਕਿਸੇ ਸਮਝੌਤੇ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਸ ਕਵਿਤਾ ਵਿਚ ਹਿੰਸਾ ਨੂੰ ਨੈਤਿਕ ਅਰਥਾਂ ਵਿਚ ਅਪਣਾਇਆ ਗਿਆ ਹੈ ਪਰ ਇਸ ਦੀ ਕੋਈ ਕਲਾਤਮਕ ਸਾਰਥਕਤਾ ਬਣ ਸਕੀ। ਕਰਮਜੀਤ ਸਿੰਘ ਦੇ ਸ਼ਬਦਾਂ ਅਨੁਸਾਰ :

> ਇਸ ਕਵਿਤਾ ਵਿਚ ਹਿੰਸਾ ਦੇ ਇਨ੍ਹਾਂ ਅਰਥਾਂ ਨੂੰ ਪ੍ਰਕਾਸ਼ਮਾਨ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਨਾ ਹੋਈ। ਇਸ ਕਾਵਿ-ਧਾਰਾ ਦਾ ਮੂਲ ਨੈਤਿਕ ਸਿਧਾਂਤ ਤੇ ਸਿਧਾਂਤਕ ਵਿਧੀ ਬਣਨ ਦੇ ਬਾਵਜੂਦ ਹਿੰਸਾ ਸੰਪੂਰਨ ਮਨੁੱਖ ਨੂੰ ਇਕਾਗਰ ਕਰਕੇ ਸੰਪੂਰਨ ਸਬੰਧਿਤ ਸਾਹਿਤ ਯਥਾਰਥ ਵਿਚ ਵਿਅਕਤ ਕਰਨ ਦਾ ਰਚਨਾਤਮਕ ਮਾਧਿਅਮ ਨਾ ਬਣ ਸਕੀ, ਇਸ ਲਈ ਹਿੰਸਾ ਦੀ ਭਾਵੁਕ ਪਕੜ ਅਧੀਨ ਅਕਸਰ ਜੁਝਾਰੂ ਕਵੀ ਕ੍ਰਾਂਤੀ ਦੇ ਵਿਗਿਆਨਕ ਸੰਕਲਪ ਦੀ ਥਾਂ ਹਿੰਸਾ ਨੂੰ ਇਕ ਸੁਤੰਤਰ ਮੁਲ ਦੇ ਰੂਪ ਵਿਚ ਪ੍ਰਸਤੁਤ ਕਰਦੇ ਨਜ਼ਰ ਆਉਂਦੇ ਹਨ।[16]

ਹਿੰਸਾ ਨੂੰ ਸੁਤੰਤਰ ਰੂਪ ਵਿਚ ਵਾਨਗੀ ਦੇਣ ਦੇ ਫਲਸਰੂਪ ਇਹ ਕਵਿਤਾ ਇਕ-ਪਾਸੜ ਤੇ ਉਲਾਰ ਹੋ ਕੇ ਰਹਿ ਜਾਂਦੀ ਹੈ ਅਤੇ ਮਨੁੱਖੀ ਅਨੁਭਵ ਦੀ ਸਮੁੱਚ ਦੀਆਂ ਹੋਰ ਪਰਤਾਂ ਨਾਲੋਂ ਟੁਟ ਜਾਂਦੀ ਹੈ।

ਜੁਝਾਰ-ਵਿਦਰੋਹੀ ਕਵਿਤਾ ਜਨ ਸੰਘਰਸ਼ ਦੀ ਥਾਂ ਗੁਰੀਲਾ ਯੁਧ ਅਤੇ ਵਿਅਕਤੀਗਤ ਸੂਰਮਗਤੀ ਤੇ ਆਧਾਰਿਤ ਮਾਹਰਕੇਬਾਜ਼ੀ ਨੂੰ ਸਿਆਸੀ ਦਾਅ ਪੇਚ ਵਜੋਂ ਪ੍ਰਵਾਨ ਕਰਦੀ ਹੈ। ਇਸ ਤਰ੍ਹਾਂ ਇਹ ਲਹਿਰ ਜਨਸੰਘਰਸ਼ ਨੂੰ ਲਾਮਬੰਦ ਕਰਨ ਦੀ ਥਾਂ ਕੁਝ ਕੁ ਵਿਅਕਤੀਆਂ ਵਲੋਂ ਹਿੰਸਾਤਮਕ ਵਿਦਰੋਹ ਉਪਰ ਜ਼ੋਰ ਦਿੰਦੀ ਹੈ। ਇਸ ਕਰਕੇ ਹੀ ਇਹ ਲਹਿਰ ਵਿਸ਼ਾਲ ਜਨਸਮੂਹ ਵਿਚ ਆਪਣਾ ਇਕ ਠੋਸ ਆਧਾਰ ਬਣਾਉਣ ਦੀ ਥਾਂ ਕੇਵਲ ਸੀਮਿਤ ਜਿਹੇ ਬੁਧੀਜੀਵੀ ਵਰਗ ਨੂੰ ਆਕਰਸ਼ਿਤ ਕਰਦੀ ਹੈ। ਕਰਮਜੀਤ ਸਿੰਘ ਅਨੁਸਾਰ ਜੁਝਾਰ ਵਿਦਰੋਹੀ ਕਵਿਤਾ :

> ਗੁਰੀਲਾ ਯੁਧ ਨੀਤੀ ਦੇ ਪ੍ਰਭਾਵ ਅਧੀਨ ਵਿਅਕਤੀਗਤ ਨਾਇਕਤਵ ਦੀ ਭਾਵਨਾ ਨੂੰ ਉਤੇਜਿਤ ਕਰਨ ਵਲ ਉਲਰਦੀ ਸੀ। ਗੁਰੀਲਾ ਯੁਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਵਿਚਾਰਧਾਰਾ ਸਮਕਾਲੀ ਵਸਤੂ-ਸਥਿਤੀ ਦੇ ਸਮੂਹਕ ਸੰਦਰਭ ਨਾਲ ਸੰਬਾਦ ਰਚਣ ਵਲ ਰੁਚਿਤ ਨਾ ਹੋ ਸਕੀ ।[17]

ਮਨੁੱਖੀ ਸੁਤੰਤਰਤਾ ਇਸ ਧਾਰਾ ਦੀ ਮੂਲ ਵਿਚਾਰਧਾਰਾਈ ਪ੍ਰੇਰਨਾ ਹੈ । ਗੁਰੂ ਗੋਬਿੰਦ ਸਿੰਘ ਦੀ ਚੰਡੀ,ਭਗਤ ਸਿੰਘ ਦੀ ਫਾਂਸੀ ਤੇ ਬੰਗਲਾ ਦੇਸ਼ ਦੇ ਸੁਤੰਤਰਤਾ ਅੰਦੋਲਨ ਦੀ ਅਰਾਧਨਾ ਮਨੁੱਖੀ ਸੁਤੰਤਰਤਾ ਅੰਦੋਲਨ ਦੇ ਪ੍ਰਤੀਕਾਂ ਵਜੋਂ ਕੀਤੀ ਗਈ ਹੈ । ਰਾਜਸੀ ਆਜ਼ਾਦੀ ਨੂੰ ਮਨੁੱਖ ਦੀ ਵਾਸਤਵਿਕ ਆਜ਼ਾਦੀ ਵਿਚ ਰੂਪਾਂਤਰਿਤ ਕਰਨ ਲਈ ਇਸ ਧਾਰਾ ਦੀ ਰਚਨਾਤਮਕ ਸੰਵੇਦਨਾ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਤੇ ਊਧਮ ਸਿੰਘ ਵਰਗੇ ਸੁਤੰਤਰਤਾ ਸੰਗਰਾਮੀ ਸ਼ਹੀਦਾਂ ਨੂੰ ਪ੍ਰੇਰਨਾ ਦਾ ਸਰੋਤ ਬਣਾਉਂਦੀ ਹੈ । ਇਸ ਕਵਿਤਾ ਦੇ ਨਾਇਕ ਉਹੋ ਵਿਅਕਤੀ ਬਣਦੇ ਹਨ ਜਿਨ੍ਹਾਂ ਨੇ ਵਿਦਰੋਹ ਦੀ ਭਾਵਨਾ ਅਧੀਨ ਸੰਘਰਸ਼ ਕਰਦੇ ਹੋਏ ਕੁਰਬਾਨੀਆਂ ਦਿਤੀਆਂ ਅਤੇ ਇਤਿਹਾਸ ਦਾ ਰੁੱਖ ਬਦਲਣ ਵਿਚ ਕਾਮਯਾਬੀ ਹਾਸਲ ਕੀਤੀ । ਕੇਸਰ ਸਿੰਘ ਕੇਸਰ ਨੇ ਜੁਝਾਰ ਵਿਦਰੋਹੀ ਕਾਵਿ ਵਿਚ ਅਜਿਹੇ ਨਾਇਕ ਦੇ ਮਹੱਤਵ ਬਾਰੇ ਇਸ ਤਰ੍ਹਾਂ ਲਿਖਿਆ ਹੈ :

> ਜੁਝਾਰ ਵਿਦਰੋਹੀ ਕਵੀ ਨਾਇਕ ਨੂੰ ਕਾਵਿਕ ਸੰਗਠਨ ਦੇ ਅੰਗ ਵਜੋਂ ਸਵੀਕਾਰ ਕਰਦਾ ਹੈ, ਪ੍ਰਚਾਰ ਤੇ ਨਾਹਰੇ ਵਜੋਂ ਨਹੀਂ ।[18]

ਜੁਝਾਰੂ ਕਵਿਤਾ ਯਥਾਰਥ ਨੂੰ ਇਸ ਦੇ ਸੰਬਾਦਕ ਰੂਪ ਵਿਚ ਨਹੀਂ ਸਗੋਂ ਭਵਿਖ ਦੀ ਜਿਤ ਦੇ ਰੁਮਾਂਟਕ ਵਿਸ਼ਵਾਸ ਦੀ ਦ੍ਰਿਸ਼ਟੀ ਤੋਂ ਗ੍ਰਹਿਣ ਕਰਦੀ ਹੈ । ਭਵਿੱਖ ਦੀ ਜਿੱਤ ਵਿਚ ਵਿਸ਼ਵਾਸ ਯਥਾਰਥਕ ਵਰਤਾਰੇ ਦੀ ਥਾਂ ਸੰਘਰਸ਼ ਦੀ ਕਲਪਨਾ ਵਿਚ ਪੈਦਾ ਹੁੰਦਾ ਦਿਸਦਾ ਹੈ । ਇਸ ਤਰ੍ਹਾਂ ਇਹ ਲਹਿਰ ਰੋਮਾਂਟਿਕ ਸੰਵੇਦਨਾ ਦੇ ਪ੍ਰਭਾਵ ਅਧੀਨ ਜਿੱਤ ਨੂੰ ਆਪਣੀ ਸੁਭਾਵਕ ਹੋਣੀ ਮਿਥ ਕੇ ਤੁਰਦੀ ਹੈ ।

ਆਪਣੇ ਸਮਾਜਕ ਰਾਜਨੀਤਕ ਆਦਰਸ਼ ਦੀ ਸਾਧਨਾ ਕਰਦੀ ਹੋਈ ਇਹ ਕਵਿਤਾ ਪਰੰਪਰਾਗਤ ਮੁੱਲਾਂ ਨੂੰ ਵੀ ਨਾਕਾਰਦੀ ਹੈ । ਬੁਰਜੂਆ ਸਾਂਸਕ੍ਰਿਤਕ ਚਿੰਨ੍ਹਤਾਂ ਦਾ ਦਹਿਸ਼ਤੀ ਵਿਸਫੋਟ ਇਸ ਕਾਵਿ ਧਾਰਾ ਦਾ ਪ੍ਰਧਾਨ ਲੱਛਣ ਹੈ । ਦੇਸ਼, ਦੇਸ਼-ਪਿਆਰ, ਜਮਹੂਰੀਅਤ, ਸੰਵਿਧਾਨ, ਕਾਨੂੰਨ, ਇਨਸਾਫ, ਪੁਲਿਸ-ਘਟਨਾਵਾਂ ਅਜਿਹੇ ਸੰਕਲਪ ਅਤੇ ਚਿੰਨ੍ਹਕ ਹਨ ਜਿਨ੍ਹਾਂ ਦੇ ਜਮਾਤੀ ਜੜ੍ਹ ਤੇ ਪਰੰਪਰਾਗਤ ਅਰਥਾਂ ਨੂੰ ਇਸ ਕਾਵਿ-ਧਾਰਾ ਦੇ ਕਵੀਆਂ ਨੇ ਵਿਸਫੋਟਕ ਪੱਧਰ ਤੇ ਅਸਵੀਕਾਰ ਕੀਤਾ ਹੈ । ਦਹਿਸ਼ਤੀ ਵਿਸਫੋਟ ਕਾਰਣ ਹੀ ਇਹ ਕਵੀ ਆਪਣੇ ਤੋਂ ਪਹਿਲਾਂ ਦੀਆਂ ਕਾਵਿ ਪ੍ਰਵਿਰਤੀਆਂ ਅਤੇ ਕਾਵਿ ਸ਼ੈਲੀਆਂ ਤੋਂ ਵੱਖਰਾ ਅਤੇ ਮੌਲਿਕ ਪਛਾਣ ਚਿਹਨ ਕਾਇਮ ਕਰਦੇ ਹਨ । ਇਸ ਤਰ੍ਹਾਂ ਇਹ ਲਹਿਰ ਯਥਾਰਥ ਦੇ ਮੌਜੂਦਾ ਰੂਪ ਨੂੰ ਨਾਕਾਰਦੀ ਹੈ ਤੇ ਵੱਖ ਵੱਖ ਸਮਾਜਕ ਪਹਿਲੂਆਂ ਨਾਲ ਸੰਬੰਧਿਤ ਖੋਖਲੇ, ਸਾਰਹੀਨ ਤੇ ਸਥਿਰ ਚਿੰਨ੍ਹਕਾਂ ਉਤੇ ਵਿਸਫੋਟ ਕਰਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁਝਾਰ ਵਿਦਰੋਹੀ ਕਾਵਿ-ਧਾਰਾ ਪਰੰਪਰਾਵਾਦੀ ਧਾਰਣਾਵਾਂ ਨੂੰ ਵਿਅੰਗ ਸ਼ੈਲੀ ਰਾਹੀਂ ਰੱਦ ਕਰਕੇ ਤੇ ਉਨ੍ਹਾਂ ਨੂੰ ਨਵੇਂ ਸੰਦਰਭਾਂ ਨਾਲ ਜੋੜਦੀ ਅਤੇ ਨਵੇਂ ਅਰਥ ਪ੍ਰਦਾਨ ਕਰਦੀ ਹੈ। ਇਸ ਕਾਵਿ-ਧਾਰਾ ਦੇ ਪ੍ਰਸੰਗ ਵਿਚ ਮਨੁੱਖ ਦੀ ਦੁਖਾਂਤਿਕ ਹੋਣੀ ਦਾ ਰਚਨਾਤਮਕ ਬੋਧ ਕਰਾਇਆ ਗਿਆ ਹੈ। ਇਸ ਤਰ੍ਹਾਂ ਵਿਅੰਗ ਇਸ ਕਵਿਤਾ ਵਿਚ ਸਮਕਾਲੀਨ ਸੱਚ ਨੂੰ ਉਘਾੜਦਾ ਹੋਇਆ ਸੁਭਾਵਿਕ ਹੀ ਇਨਕਲਾਬ ਅਤੇ ਬਗਾਵਤ ਦਾ ਪ੍ਰੇਰਣਾ ਸਰੋਤ ਬਣ ਜਾਂਦਾ ਹੈ। ਇਹ ਕਵਿਤਾ ਕਿਰਤੀਆਂ ਦੇ ਹੱਕ ਵਿਚ ਆਵਾਜ਼ ਉਠਾਉਂਦੀ ਹੋਈ ਸ਼ੋਸ਼ਣ-ਕਾਰੀ ਆਰਥਕ-ਰਾਜਨੀਤਕ ਪ੍ਰਬੰਧ ਨਾਲ ਟਕਰਾਉਂਦੀ ਹੈ। ਇਸ ਕਵਿਤਾ ਦੀ ਮੂਲ ਵਿਚਾਰਧਾਰਕ ਸਥਿਤੀ ਵਿਚ ਹੱਕ ਮੰਗਦਾ ਕਿਰਤੀ ਹੱਥ ਅਤੇ ਸ਼ੋਸ਼ਣਕਾਰੀ ਸਥਾਪਨਾ ਇਕ ਦੂਜੇ ਦੇ ਲਗਾਤਾਰ ਵਿਰੋਧ ਵਿਚ ਨਜ਼ਰ ਆਉਂਦੇ ਹਨ।

ਤਨਜ਼ (irony) ਤੇ ਵਿਅੰਗ (Satire) ਇਸ ਕਵਿਤਾ ਵਿਚ ਇਕੱਠੇ ਹੀ ਚੱਲਦੇ ਹਨ। ਤਨਜ਼ ਰਾਹੀਂ ਰਚਨਾ ਵਿਚ ਦੁਖਾਂਤਕ ਸਥਿਤੀ ਦਾ ਚਿਤ੍ਰਣ ਕੀਤਾ ਜਾਂਦਾ ਹੈ ਅਤੇ ਪਰੋਖ ਰੂਪ ਵਿਚ ਉਚੇਰੇ ਵਰਗ ਤੇ ਚੋਟ ਕੀਤੀ ਜਾਂਦੀ ਹੈ। ਵਿਅੰਗ ਤੋਂ ਭਾਵ ਦੁਖਾਂਤ ਦੀ ਸੁਰ ਪ੍ਰਦਾਨ ਕਰਨਾ ਨਹੀਂ ਹੁੰਦਾ, ਕੇਵਲ ਇਸ ਵਿਚਲਾ ਕਟਾਖਸ਼ ਹੀ ਸਿਧੀ ਚੋਭ ਵਾਲਾ ਹੁੰਦਾ ਹੈ। ਜੁਝਾਰ ਵਿਦਰੋਹੀ ਕਵੀ ਵਿਅੰਗ ਜੁਗਤ ਤੋਂ ਅਗਾਂਹ ਵਧਦੇ ਹੋਏ ਕਵਿਤਾ ਵਿਚ ਵਿਅੰਗ ਵਿਧੀ ਦੀ ਸਿਰਜਣਾ ਵੀ ਕਰਦਾ ਹੈ।

ਜੁਝਾਰ ਵਿਦਰੋਹੀ ਕਾਵਿ-ਧਾਰਾ ਵਿਚ ਲੋਕ ਕਾਵਿ ਰੂਪਾਂ ਅਤੇ ਕਾਵਿ-ਬਹਿਰਾਂ ਨੂੰ ਆਧਾਰ ਬਣਾ ਕੇ ਸਮੱਸਿਆ ਨੂੰ ਉਘਾੜਨ ਦਾ ਯਤਨ ਕਰਦੀ ਹੈ। ਇਸ ਤਰ੍ਹਾਂ ਇਹ ਕਵਿਤਾ ਲੋਕ-ਸਮਝ ਦੇ ਵਧੇਰੇ ਨੇੜੇ ਹੋ ਨਿਬੜਦੀ ਹੈ। ਇਹ ਸਾਧਾਰਣ ਪਾਠਕਾਂ ਨੂੰ ਦੇ ਉਸ ਕਰੂਰ ਧਰਾਤਲ ਦੇ ਰੂ-ਬਰੂ ਕਰਦੀ ਹੈ ਜੋ ਅਸਹਿ ਹੁੰਦਾ ਹੋਇਆ ਵੀ ਸਮੇਂ ਦਾ ਯਥਾਰਥ ਹੈ। ਜੁਝਾਰ-ਵਿਦਰੋਹੀ ਕਵਿਤਾ ਸਮਕਾਲੀ ਯਥਾਰਥ ਨੂੰ ਇਸ ਦੇ ਸਭਿਆਚਾਰਕ ਚੌਖਟੇ ਵਿਚ ਰੱਖ ਕੇ ਪੇਸ਼ ਕਰਦੀ ਹੈ। ਇਸ ਲਹਿਰ ਦੇ ਬਹੁਤ ਸਾਰੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਰੋਜ਼ਾਨਾ ਜ਼ਿੰਦਗੀ ਦੇ ਯਥਾਰਥ ਨੂੰ ਇਸ ਢੰਗ ਨਾਲ ਅਭਿਵਿਅਕਤ ਕੀਤਾ ਹੈ ਕਿ ਨਿਮਨ ਵਰਗ ਦੇ ਪਾਠਕ ਨੂੰ ਆਪਣੀ ਵਰਤਮਾਨ ਸਥਿਤੀ ਦਾ ਬੋਧ ਹੋ ਜਾਂਦਾ ਹੈ।

ਜੁਝਾਰ ਵਿਦਰੋਹੀ ਕਵਿਤਾ ਦੀ ਇਕ ਹੋਰ ਵਿਸ਼ੇਸ਼ਤਾ ਦੁਸ਼ਮਣ ਨੂੰ ਸਿੱਧੀ ਲਲਕਾਰ ਜਾਂ ਵੰਗਾਰ ਭਰਿਆ ਸੰਬੋਧਨ ਹੈ। ਇਸ ਕਾਵਿ-ਧਾਰਾ ਦੀ ਕਵਿਤਾ ਵਿਚ ਕਵੀ ਆਪਣੇ ਜਮਾਤੀ ਤੇ ਰਾਜਸੀ ਦੁਸ਼ਮਣਾਂ ਦੇ ਖਿਲਾਫ ਸਿੱਧੀ ਰੇਖਾ ਖਿੱਚ ਦਿੰਦਾ ਹੈ। ਇਸ ਤਰ੍ਹਾਂ ਕਾਵਿ-ਧਾਰਾ ਦੀ ਕਵਿਤਾ ਸਿੱਧੇ ਸੰਬੋਧਨ ਦੀ ਵਿਧੀ ਰਾਹੀਂ ਜਮਾਤੀ ਦੁਸ਼ਮਣਾਂ ਪ੍ਰਤੀ ਘ੍ਰਿਣਾ ਉਪਜਾਉਂਦੀ ਨਜ਼ਰ ਆਉਂਦੀ ਹੈ।

ਇਸ ਧਾਰਾ ਨਾਲ ਸੰਬੰਧਿਤ ਕਵੀਆਂ ਨੇ ਕ੍ਰਾਂਤੀਕਾਰੀ ਚਿੰਨ੍ਹਕਾਂ, ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਸੰਕਟ-ਗ੍ਰਸਤ ਪੂੰਜੀਵਾਦੀ ਸਮਾਜਕ ਵਿਵਸਥਾ ਦੇ ਦਮਨਸ਼ੀਲ ਸੁਭਾਅ ਨੂੰ ਚਣੌਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤੀ ਹੈ। ਪ੍ਰਤੀਗਾਮੀ ਸ਼ਕਤੀਆਂ ਨੂੰ ਇਹ ਚਣੌਤੀ ਇਸ ਕਾਵਿ-ਧਾਰਾ ਦਾ ਸ਼ਲਾਘਾਯੋਗ ਕਦਮ ਕਿਹਾ ਜਾ ਸਕਦਾ ਹੈ। ਇਸ ਕਾਵਿ-ਧਾਰਾ ਵਿਚ ਸਮਾਤੰਕ ਖੁਰਜੂਆ ਸੁਝਾਅ ਵਾਲੇ ਚਿੰਨ੍ਹਾਂ ਦੀ ਥਾਂ ਨਵੇਂ, ਕ੍ਰਾਂਤੀਕਾਰੀ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਕਾਵਿ-ਧਾਰਾ ਦਾ ਅਜਿਹਾ ਅਮਲ ਇਸਦੀ ਸਾਕਾਰਾਤਮਕ ਇਤਿਹਾਸਕ ਭੂਮਿਕਾ ਨੂੰ ਉਜਾਗਰ ਕਰਦਾ ਹੈ। ਸਮਕਾਲੀ ਪਰਿਸਥਿਤੀਆਂ ਵਿਚ ਵਿਆਪਕ ਇਤਿਹਾਸ ਵਿਰੋਧਾਂ ਨੂੰ ਲੋਕ-ਚੇਤਨਾ ਦਾ ਅੰਗ ਬਣਾਉਣ ਲਈ ਕ੍ਰਾਂਤੀਕਾਰੀ ਚਿੰਨ੍ਹਾਂ ਦੀ ਵਰਤੋਂ ਇਸ ਕਵਿਤਾ ਦੀ ਇਤਿਹਾਸਕ ਲੋੜ ਸੀ।

ਜੁਝਾਰ ਵਿਦਰੋਹੀ ਕਵਿਤਾ ਕਿਉਂਕਿ ਨਕਸਲਬਾੜੀ ਲਹਿਰ ਅਧੀਨ ਹੋਂਦ ਵਿਚ ਆਈ ਸੀ, ਇਸ ਲਈ ਇਸ ਲਹਿਰ ਦੇ ਸਿਆਸੀ ਵਿਰੋਧੀਆਂ ਨੇ ਇਸ ਲਹਿਰ ਦੀ ਕਵਿਤਾ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ। ਇਹ ਵਿਰੋਧੀ ਹਮਲੇ ਪ੍ਰਮੁੱਖ ਰੂਪ ਵਿਚ ਦੋ ਪਾਸਿਆਂ ਤੋਂ ਹੋਏ। ਇਕ ਪਾਸੇ ਬੁਰਜੂਆ ਕਲਾ ਆਲੋਚਕਾਂ ਨੇ ਇਸ ਲਹਿਰ ਦੀ ਕਵਿਤਾ ਨੂੰ ਸਿਆਸੀ ਹੋਣ ਦੇ ਦੋਸ਼ ਅਧੀਨ ਨਿਰਾ ਪ੍ਰਚਾਰ ਐਲਾਨਿਆਂ। ਇਸ ਕਵਿਤਾ ਵਿਚ ਕੀਤੀ ਗਈ ਹਿੰਸਾ ਅਤੇ ਹਥਿਆਰਾਂ ਦੀ ਗੱਲ ਨੂੰ ਹਰਿਭਜਨ ਸਿੰਘ ਨੇ ਇਉਂ ਛੁਟਿਆਇਆ ਸੀ :

> ਇਹ ਕੇਹੀ ਸ਼ਾਇਰੀ ਏ ਦੋਸਤੋ
> ਜੋ ਦਿਲ 'ਚੋਂ ਨਹੀਂ ਬੰਦੂਕ ਦੀ ਨਾਲੀ ਚੋਂ ਨਿਕਲਦੀ ਏ
> ਜੋ ਆਪਣੇ ਨਹੀਂ...
> ਪਰਾਏ ਖੂਨ ਨਾਲ ਲਿਖੀ ਜਾਂਦੀ ਏ।[19]

ਪ੍ਰੀਤਮ ਸਿੰਘ ਨੇ ਵੀ ਆਪਣੀ ਪੁਸਤਕ ਪ੍ਰਤਿਵਾਦ ਵਿਚ ਜੁਝਾਰ ਵਿਦਰੋਹੀ ਕਵੀਆਂ ਦੀ, ਸਿਆਸੀ ਹੋਣ ਕਰਕੇ ਨਿੰਦਿਆ ਕੀਤੀ ਤੇ ਕਿਹਾ ਕਿ ਇਹ ਕਵਿਤਾ ਬੰਦੂਕ ਪਿਸਤੌਲ ਦੇ ਜ਼ਿਕਰ ਤੋਂ ਅੱਗੇ ਨਹੀਂ ਵਧੀ। ਉਸਦੇ ਸ਼ਬਦਾਂ ਵਿਚ :

> ਪ੍ਰਗਤੀਵਾਦੀ ਕਾਵਿ-ਧਾਰਾ ਦੇ ਪਤਨ ਦਾ ਸਭ ਤੋਂ ਵੱਡਾ ਕਾਰਣ ਉਸ ਦਾ ਸੀਮਤ ਖੇਤਰ ਹੀ ਸੀ, ਪਰ ਕ੍ਰਾਂਤੀਕਾਰੀ ਕਵੀਆਂ ਦਾ ਅਨੁਭਵ ਖੇਤਰ, ਪ੍ਰਗਤੀਵਾਦੀਆਂ ਦੇ ਅਨੁਭਵ ਖੇਤਰ ਦੇ ਮੁਕਾਬਲੇ ਵਿਚ ਕਿਤੇ ਸੌੜਾ ਹੈ, ਇਸ ਲਈ ਉਹ ਸਫਰ ਦੇ ਆਰੰਭ ਤੋਂ ਹੀ ਹੰਭੇ ਹੋਏ ਜਾਪਦੇ ਹਨ। ਉਹ ਹਰ ਕਵਿਤਾ ਵਿਚ ਤੋਪ, ਤਲਵਾਰ, ਬਾਰੂਦ, ਪਿਸਤੌਲ, ਬੰਦੂਕ ਦੇ ਜ਼ਿਕਰ ਤੋਂ ਅੱਗੇ ਨਹੀਂ ਵਧਦੇ।[20]

ਪਰ ਬੁਰਜੂਆ ਸਾਹਿਤ ਆਲੋਚਕਾਂ ਵਲੋਂ ਨਕਸਲਬਾੜੀ ਲਹਿਰ ਦੀ ਕਵਿਤਾ ਉਤੇ ਉਨਾ ਜ਼ੋਰਦਾਰ ਹਮਲਾ ਨਹੀਂ ਹੋਇਆ ਜਿੰਨਾ ਨਕਸਲਬਾੜੀ ਲਹਿਰ ਦੇ ਸਿਆਸੀ ਪੈਂਤੜੇ ਉਤੇ ਹੋਇਆ। ਸਿਆਸੀ ਮੱਤ ਭੇਦ ਦੇ ਕਾਰਣ ਇਸ ਲਹਿਰ ਦੀ ਕਵਿਤਾ ਨੂੰ ਅਛੂਤਾਂ ਵਾਂਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮਝਿਆ ਜਾਣ ਲੱਗ ਪਿਆ ਤੇ ਇਸ ਲਹਿਰ ਨੂੰ ਨਿੰਦਣ ਲਈ ਜੁਝਾਰ ਵਿਦਰੋਹੀ ਕਵਿਤਾ ਨੂੰ ਨਿੰਦਣਾ ਸ਼ੁਰੂ ਕਰ ਦਿਤਾ ਗਿਆ।

ਇਸ ਧਾਰਾ ਨਾਲ ਸੰਬੰਧਿਤ ਮੁੱਖ ਕਵੀ ਲਾਲ ਸਿੰਘ ਦਿਲ, ਪਾਸ਼, ਦਰਸ਼ਨ ਖਟਕੜ, ਸੰਤ ਰਾਮ ਉਦਾਸੀ, ਸੰਤ ਸੰਧੂ, ਹਰਿਭਜਨ ਹਲਵਾਰਵੀ ਆਦਿ ਸਨ ਇਨ੍ਹਾਂ ਕਵੀਆਂ ਦੀਆਂ ਕਵਿਤਾਵਾਂ ਪਾਠਕ ਦੀ ਚੇਤਨਾ ਨੂੰ ਝੰਜੋੜਨ ਅਤੇ ਉਸ ਨੂੰ ਇਨਕਲਾਬੀ ਕਰਮ ਕਰਨ ਵੱਲ ਪ੍ਰੇਰਿਤ ਕਰਦੀਆਂ ਹਨ। ਉਪਰੋਕਤ ਕਵੀਆਂ ਨੂੰ ਵੀ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਉੱਚੀ ਸੁਰ ਵਾਲੇ ਤੇ ਦੂਜੇ ਨੀਵੀਂ ਭਾਵ ਧੀਮੀਂ ਸੁਰ ਵਾਲੇ। ਇਨ੍ਹਾਂ ਵਿਚੋਂ ਪਾਸ਼, ਦਰਸ਼ਨ ਖਟਕੜ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ ਮੁੱਖ ਤੌਰ ਤੇ ਖਰ੍ਹਵੀਂ ਸੁਰ ਵਾਲੇ ਕਵੀ ਹਨ। ਪਾਸ਼ ਜੁਝਾਰ ਵਿਦਰੋਹੀ ਕਾਵਿ-ਧਾਰਾ ਦਾ ਇਕ ਪ੍ਰਮੁੱਖ ਕਵੀ ਹੈ ਜਿਸਨੇ ਆਪਣੀ ਕਵਿਤਾ ਵਿਚ ਕਠੋਰ, ਸਮਾਜਕ ਆਰਥਕ ਪਰਸਥਿਤੀਆਂ ਦੇ ਨਿੱਜੀ ਅਨੁਭਵ ਨੂੰ ਠੇਠ ਮੁਹਾਵਰੇਦਾਰ ਭਾਸ਼ਾ ਵਿਚ ਪ੍ਰਤੀਬਿੰਬਤ ਕੀਤਾ ਹੈ। ਉਸ ਦੀ ਕਵਿਤਾ ਵਿਚ ਆਏ ਪੇਂਡੂ ਸਭਿਆਚਾਰ ਨਾਲ ਸੰਬੰਧਿਤ ਸਾਧਾਰਣ ਪ੍ਰਤੀਕ ਤੇ ਬਿੰਬ ਵੱਡੇ ਵੱਡੇ ਮਸਲਿਆਂ ਤੇ ਵਿਚਾਰਾਂ ਨੂੰ ਬੜੀ ਬੇਬਾਕੀ ਤੇ ਬਾਰੀਕੀ ਨਾਲ ਚਿਤਰਣ ਵਿਚ ਹੈਰਾਨੀਜਨਕ ਹੱਦ ਤਕ ਸਫਲ ਹਨ। ਉਸਨੇ ਜੁਝਾਰ-ਵਿਦਰੋਹੀ ਕਾਵਿ-ਧਾਰਾ ਵਿਚ ਨਵੀਂ ਸ਼ੈਲੀ ਅਤੇ ਨਵੇਂ ਸੁਹਜ ਪ੍ਰਤੀਮਾਨ ਸਿਰਜਣ ਦਾ ਸਫਲ ਯਤਨ ਕੀਤਾ ਹੈ। ਆਪਣੀ ਇਸ ਕਾਵਿ ਪ੍ਰਤਿਭਾ ਕਾਰਣ ਹੀ ਉਹ ਜੁਝਾਰ-ਵਿਦਰੋਹੀ ਕਾਵਿਧਾਰਾ ਵਿਚ ਇਕ ਵਿਲੱਖਣ ਹਸਤਾਖਰ ਵਜੋਂ ਸਥਾਪਿਤ ਹੋਇਆ ਹੈ।

ਹਵਾਲੇ ਅਤੇ ਟਿੱਪਣੀਆਂ

1. *The Naxalite Movement*, P. 208.
2. *Naxalite Politics in India*, P. 52.
3. *Naxalite Then and Now*, P. 12.
4. *The Naxalite Movement*, P. 211.
5. *Socialism in India*, P. 118.
6. 'ਨਕਸਲਵਾਦ ਦਾ ਹਕੀਕੀ ਚਿਹਰਾ', ਪੰਨਾ 18.
7. ਉਹੀ, ਪੰਨਾ 6.
8. ਸੁਤਿੰਦਰ ਸਿੰਘ ਨੂਰ, 'ਨਵੀਂ ਕਵਿਤਾ ਸੀਮਾਂ ਤੇ ਸੰਭਾਵਨਾ', ਪੰਨਾ 43.
9. 'ਲੋਹ ਕਥਾ', ਭੂਮਿਕਾ, ਪੰਨਾ 3.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

10. 'ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ', ਪੰਨਾ 222.
11. 'ਨਵੀਂ ਕਵਿਤਾ ਸੀਮਾਂ ਤੇ ਸੰਭਾਵਨਾ', ਪੰਨਾ 43.
12. 'ਵਿਰਸਾ ਤੇ ਵਰਤਮਾਨ', ਪੰਨੇ 118–19.
13. 'ਚਿਹਨ ਸੰਰਚਨਾ ਤੇ ਮਾਰਕਸਵਾਦ', ਪੰਨਾ 105.
14. 'ਵਿਰਸਾ ਤੇ ਵਰਤਮਾਨ', ਪੰਨਾ 118.
15. 'ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ', ਪੰਨਾ 144.
16. 'ਆਧੁਨਿਕ ਪੰਜਾਬੀ ਕਾਵਿਧਾਰਾਵਾਂ ਦੇ ਵਿਚਾਰਧਾਰਾਈ ਆਧਾਰ', ਪੰਨਾ 241.
17. ਉਹੀ, ਪੰਨਾ 343.
18. 'ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ', ਪੰਨਾ 51.
19. 'ਨਵੀਂ ਕਵਿਤਾ, ਸੀਮਾਂ ਤੇ ਸੰਭਾਵਨਾ', ਪੰਨਾ 51.
20. 'ਪ੍ਰਤਿਵਾਦ', ਪੰਨਾ 75.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸ਼ ਕਾਵਿ : ਜੁਝਾਰ ਵਿਦਰੋਹੀ ਚੇਤਨਾ

ਸਾਹਿਤ ਅਤੇ ਸਮਾਜ ਦਾ ਆਪਸ ਵਿਚ ਅਜਿਹਾ ਦਵੰਦਾਤਮਕ ਰਿਸ਼ਤਾ ਹੈ ਕਿ ਦੋਵੇਂ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਸਾਹਿਤ ਸਮਾਜ ਵਿਚ ਚਲ ਰਹੇ ਜਮਾਤੀ ਵਿਰੋਧ ਨੂੰ ਉਸਾਰ ਦੀ ਪੱਧਰ ਤੇ ਪੇਸ਼ ਕਰਦਾ ਹੈ। ਸਾਹਿਤ ਬਾਰੇ ਇਹ ਵਿਚਾਰ ਵੀ ਪ੍ਰਚਲਿਤ ਰਿਹਾ ਹੈ ਕਿ ਸਾਹਿਤ ਸੁਹਜ-ਸੁਆਦ ਦੀ ਤ੍ਰਿਪਤੀ ਕਰਦਾ ਹੈ, ਪਰ ਮਾਰਕਸ-ਵਾਦੀ ਸਾਹਿਤ ਚਿੰਤਕਾਂ ਅਨੁਸਾਰ ਅਸਲ ਸਾਹਿਤ ਉਹ ਹੁੰਦਾ ਹੈ ਜੋ ਸਮਾਜ ਦੀ ਹਕੀਕਤ ਦੀ ਪੇਸ਼ਕਾਰੀ ਕਰਦਾ ਹੈ ਤੇ ਸਮਾਜ ਨੂੰ ਇਕ ਨਵੀਂ ਸੇਧ ਪ੍ਰਦਾਨ ਕਰਦਾ ਹੈ। ਇਸੇ ਪਰਿਪੇਖ ਵਿਚ ਕਿਸ਼ਨ ਸਿੰਘ ਲਿਖਦਾ ਹੈ :

> ਜਦੋਂ ਕਿਸੇ ਕਾਰਨ ਕਰਕੇ (ਅਤੇ ਕਾਰਨ ਸਮਾਜਕ ਹੀ ਹੁੰਦੇ ਹਨ) ਕਲਾਕਾਰ ਜ਼ਿੰਦਗੀ ਤੇ ਕਲਚਰ ਦੇ ਕੇਂਦਰ 'ਚੋਂ ਸਮਾਜਕ ਵੇਗ ਦੇ ਕੰਢੇ ਤੋਂ ਕੱਢਿਆ ਜਾਵੇ ਜਾਂ ਜ਼ਿੰਦਗੀ ਦੇ ਮਹਾਨ ਕਰਨ-ਹਾਰਿਆਂ ਦੀ ਕਤਾਰ ਵਿਚੋਂ ਹਟਾ ਉਸ ਨੂੰ ਨਿਰਾ ਦਰਸ਼ਕ ਹੀ ਬਣਾਇਆ ਜਾਵੇ, ਨਾ ਸਿਰਫ ਕਲਾ, ਸਾਹਿਤ ਵਿਚ ਜਾਨ ਨਹੀਂ ਰਹਿੰਦੀ ਬਲਕਿ ਕਲਚਰ ਦੇ ਮੁਹਾਜ਼ ਤੇ ਸਹੀ ਉਸਾਰੀ ਖਤਮ ਹੋ ਜਾਂਦੀ ਹੈ। ਕਲਾ ਜਾਂ ਸਾਹਿਤ ਦੇ ਜ਼ਿੰਦਗੀ ਕੇਂਦਰ ਨਾ ਹੋਣ ਦਾ ਮਤਲਬ ਕਿ ਸਮਾਜ ਆਪਣੀ ਸਿਹਤ ਵਿਚ ਨਹੀਂ ਦੀਰਘ ਰੋਗ ਦਾ ਸ਼ਿਕਾਰ ਹੈ।[1]

ਪਾਠਕਾਂ ਨੂੰ ਚੇਤੰਨ ਪੱਧਰ ਤੇ ਉੱਚਾ ਚੁੱਕਣਾ ਸੁਚੇਤ ਸਾਹਿਤਕਾਰ ਦੀ ਸਮਾਜਕ ਜ਼ਿੰਮੇਵਾਰੀ ਹੁੰਦੀ ਹੈ। ਚੇਤਨਾ ਸਮਾਜਕ ਪ੍ਰਕ੍ਰਿਆ ਦਾ ਵਿਚਾਰਧਾਰਕ ਰੂਪ ਹੈ। ਇਹ ਸ਼ਬਦ ਅੰਗਰੇਜ਼ੀ ਦੇ ਸ਼ਬਦ ਕਾਂਸ਼ਸ (conciousness) ਦਾ ਹੀ ਸਮਾਨਅਰਥਕ ਹੈ। ਚੇਤਨਾ ਮਨੁੱਖ ਦੀ ਸਾਰੀ ਚੇਤੰਨ ਆਤਮਾ ਉਹਦੀਆਂ ਸੋਚਾਂ ਅਤੇ ਜਜ਼ਬੇ ਇੱਛਾ, ਅਤੇ ਆਚਰਣ, ਅਨੁਭਵ, ਵਿਚਾਰ ਦ੍ਰਿਸ਼ਟੀਕੋਣ ਆਦਿ ਦਾ ਸੁਮੇਲ ਹੈ। ਇਸ ਦਾ ਪਦਾਰਥ ਦੇ ਨਾਲ ਅਨਿਖੜਵਾਂ ਸੰਬੰਧ ਹੈ। ਜਿਸ ਤਰ੍ਹਾਂ ਪਦਾਰਥ ਦਾ ਵਿਕਾਸ ਤੇ ਪਰਿਵਰਤਨ ਹੁੰਦਾ ਜਾਂਦਾ ਹੈ, ਉਸੇ ਤਰ੍ਹਾਂ ਮਨੁੱਖ ਦੇ ਚੇਤੰਨ ਮਨ ਦਾ ਵਿਕਾਸ ਹੁੰਦਾ ਰਹਿੰਦਾ ਹੈ। ਕੋਈ ਵੀ ਮਨੁੱਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੇਤਨਾ ਆਪਣੇ ਆਲੇ ਦੁਆਲੇ ਦੇ ਪ੍ਰਭਾਵ ਤੋਂ ਮੁਕਤੀ ਨਹੀਂ ਪ੍ਰਾਪਤ ਕਰ ਸਕਦੀ। ਚੇਤਨਾ ਮਨੁੱਖ ਨੂੰ ਆਪਣੇ ਆਲੇ ਦੁਆਲੇ ਦੇ ਸੰਸਾਰ ਦਾ ਬੋਧ ਕਰਨ ਤੇ ਆਪਣੀ ਅਮਲੀ ਸਰਗਰਮੀ ਨੂੰ ਸੰਗਠਿਤ ਕਰਨ ਯੋਗ ਬਣਾਉਂਦੀ ਹੈ। ਇਸ ਸੰਬੰਧ ਵਿਚ ਲੈਨਿਨ ਦਾ ਇਹ ਵਿਚਾਰ ਧਿਆਨ ਦੇਣ ਯੋਗ ਹੈ :

> ਚੇਤੰਨਤਾ ਕੇਵਲ ਸੰਸਾਰ ਨੂੰ ਪ੍ਰਤੀਬਿੰਬਤ ਹੀ ਨਹੀਂ ਕਰਦੀ, ਇਸ ਨੂੰ ਸਰੂਪ ਵੀ ਦਿੰਦੀ ਹੈ।[2]

ਮਾਰਕਸੀ ਲੈਨਿਨੀ ਸਿੱਧਾਂਤਾਂ ਦਾ ਸੰਪਾਦਕ ਏ. ਪੀ. ਸੈਪਟੂਲਿਨ ਚੇਤਨਾ ਬਾਰੇ ਲਿਖਦਾ ਹੋਇਆ ਕਹਿੰਦਾ ਹੈ ਕਿ :

> ਚੇਤੰਨਤਾ ਮਨੁਖੀ ਦਿਮਾਗ ਵਿਚੋਂ ਯਥਾਰਥ ਦੀ ਪ੍ਰਤੀਬਿੰਬਤਾ ਹੈ। ਇਸ ਦੇ ਨਾਲ ਬਾਹਰਲੇ ਸੰਸਾਰ ਵਿਚ ਜੋ ਕੁਝ ਵਾਪਰ ਰਿਹਾ ਹੈ, ਜੁੜਿਆ ਹੋਇਆ ਹੈ ਅਤੇ ਇਸ ਸੂਝ ਬੂਝ ਉਤੇ ਆਧਾਰਿਤ ਨਿਸ਼ਾਨਾ ਨਿਸ਼ਚਿਤ ਕਰਨ ਦੀ ਤੇ ਸੋਚਣ ਦੀ ਸਰਗਰਮੀ ਨਾਲ ਜੁੜੀ ਹੋਈ ਹੈ। ਆਲੇ ਦੁਆਲੇ ਦੇ ਸੰਸਾਰ ਵਿਚ ਇਕ ਅਨੁਸਾਰੀ ਸੇਧ ਨੂੰ ਸਮਾਜ ਦੇ ਹਿਤਾਂ ਵਿਚ ਉਸਾਰੂ ਤਬਦੀਲੀ ਨੂੰ ਯਕੀਨੀ ਬਣਾਉਂਦੀ ਹੈ।[3]

ਸਾਹਿਤਕਾਰ ਸਮਾਜ ਵਿਚ ਵਿਆਪਕ ਯਥਾਰਥ ਨੂੰ ਆਪਣੀ ਅਨੁਭਵੀ ਸ਼ਕਤੀ ਰਾਹੀਂ ਗ੍ਰਹਿਣ ਕਰਕੇ ਆਪਣੀ ਜ਼ਮਾਤੀ ਚੇਤਨਾ ਦੇ ਮੁਹਾਵਰੇ ਰਾਹੀਂ ਅਭਿਵਿਅਕਤ ਕਰਦਾ ਹੈ। ਸਾਹਿਤਕਾਰ ਸਮਾਜ ਦਾ ਚੇਤੰਨ ਪ੍ਰਾਣੀ ਹੈ। ਚੇਤੰਨ ਪ੍ਰਾਣੀ ਹੋਣ ਦੇ ਨਾਤੇ ਉਹ ਆਪਣੇ ਆਲੇ ਦੁਆਲੇ ਵਾਪਰੀਆਂ ਘਟਨਾਵਾਂ ਨੂੰ ਚੇਤੰਨ ਪੱਧਰ ਤੇ ਗ੍ਰਹਿਣ ਕਰਦਾ ਹੈ ਇਹ ਚੇਤਨਾ ਪੂਰਵ ਨਿਰਧਾਰਿਤ ਨਹੀਂ ਸਗੋਂ ਮਨੁੱਖੀ ਸ਼ਖਸੀਅਤ ਉਤੇ ਪਏ ਆਲੇ ਦੁਆਲੇ ਦੇ ਪ੍ਰਭਾਵਾਂ ਦੀ ਪ੍ਰਤੀਕ੍ਰਿਆ ਹੁੰਦੀ ਹੈ ਕਿਉਂਕਿ ਇਹ ਚੇਤਨਾ ਸਮਾਜਕ ਪਰਿਸਥਿਤੀਆਂ ਨੂੰ ਨਿਰਧਾਰਿਤ ਨਹੀਂ ਕਰਦੀ ਸਗੋਂ ਸਮਾਜਕ ਪਰਿਸਥਿਤੀਆਂ ਮਨੁੱਖੀ ਚੇਤਨਾ ਨੂੰ ਨਿਰਧਾਰਿਤ ਕਰਦੀਆਂ ਹਨ। ਇਸ ਪ੍ਰਕਾਰ ਸਾਹਿਤਕਾਰ ਦੀ ਚੇਤਨਾ ਵਿਕਾਸ ਵਿਚ ਸਮਾਜਕ ਪਰਿਸਥਿਤੀਆਂ ਦਾ ਮਹੱਤਵਪੂਰਨ ਯੋਗਦਾਨ ਹੈ।

ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਪੰਜਾਬ ਦਾ ਸਮਾਜਕ ਵਿਕਾਸ ਇਕ ਖਾਸ ਪੜਾਅ ਉਤੇ ਪਹੁੰਚ ਚੁੱਕਿਆ ਸੀ। ਇਸ ਸਮੇਂ ਪੰਜਾਬ ਵਿਚ ਮੱਧ ਸ਼੍ਰੇਣੀ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋਇਆ। ਭਾਰਤ ਵਿਚ ਰਾਜ ਕਰ ਰਹੀ ਸਰਮਾਏਦਾਰੀ ਦੀਆਂ ਨੀਤੀਆਂ ਨੇ ਖੇਤੀ ਵਿਚ ਵੀ ਸਰਮਾਏਦਾਰੀ ਜਮਾਤ ਦਾ ਵਿਕਾਸ ਕੀਤਾ ਜਿਸ ਨੇ ਪੁਰਾਣੇ ਜਾਗੀਰਦਾਰੀ ਸੰਬੰਧਾਂ ਨੂੰ ਤੋੜ ਕੇ ਨਵੇਂ ਸੰਬੰਧਾਂ ਵਿਚ ਪਰਿਵਰਤਿਤ ਕਰ ਦਿੱਤਾ। ਇਸ ਨਾਲ ਇਕ ਪਾਸੇ ਦੀ ਅਨਾਜ ਦੀ ਕੁਲ ਪੈਦਾਵਾਰ ਵਿਚ ਵਾਧਾ ਹੋਇਆ, ਦੂਜੇ ਪਾਸੇ ਧਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸਾਨੀ ਵਿਚਕਾਰ ਆਰਥਿਕ ਪਾੜਾ ਵਧਣਾ ਸ਼ੁਰੂ ਹੋ ਗਿਆ। ਇਨ੍ਹਾਂ ਨਵੇਂ ਆਰਥਿਕ ਸੰਬੰਧਾਂ ਨੂੰ ਜਨਮ ਦਿਤਾ। ਇਸ ਨਾਲ ਪਿੰਡਾਂ ਵਿਚ ਜਮਾਤੀ ਵਿਰੋਧ ਤਿੱਖੇ ਰੂਪ ਵਿਚ ਪ੍ਰਗਟ ਹੋਣ ਲੱਗਾ। ਇਸੇ ਪਰਿਪੇਖ ਵਿਚ ਰਵਿੰਦਰ ਰਵੀ ਨੇ ਲਿਖਿਆ ਹੈ :

> ਪੰਜਾਬ ਦੀ ਪੇਂਡੂ ਆਰਥਿਕਤਾ ਵਿਚ ਪੂੰਜੀਵਾਦੀ ਪੈਦਾਵਾਰੀ ਸਾਧਨਾਂ ਅਤੇ ਰਿਸ਼ਤਿਆਂ ਦਾ ਗ਼ਲਬਾ ਵੀ ਇਨ੍ਹਾਂ ਸਾਲਾਂ ਵਿਚ ਹੀ ਆਪਣੇ ਸੰਕਟ ਅਤੇ ਵਿਰੋਧ ਨੂੰ ਪ੍ਰਗਟਾ ਕੇ ਪਹੁੰਚਾ ਦੇਂਦਾ ਹੈ। ਇਸ ਸਥਿਤੀ ਵਿਚੋਂ ਉਪਜੀ ਪੇਂਡੂ ਮਧ-ਸ਼੍ਰੇਣੀ ਦੀ ਭੂਮਿਕਾ, ਸੋਚ, ਸੰਸਕਾਰ, ਵਿਵਹਾਰ ਆਦਿ ਸਮਾਜਕ, ਰਾਜਨੀਤਕ ਪੱਧਰ ਤੇ ਮੌਲਿਕ ਪ੍ਰਤੀਕਰਮ ਦੇ ਰੂਪ ਵਿਚ ਉਘੜਨੇ ਕੁਦਰਤੀ ਸੀ।[4]

ਇਨ੍ਹਾਂ ਵਿਰੋਧਾਂ ਨੇ ਜਦੋਂ ਸਾਹਿਤ ਦਾ ਰੂਪ ਧਾਰਨ ਕੀਤਾ ਤਾਂ ਉਹ ਵਿਦਰੋਹੀ ਚੇਤਨਾ ਦੇ ਰੂਪ ਵਿਚ ਪ੍ਰਗਟ ਹੋਇਆ। ਇਸ ਦਾ ਵੱਡਾ ਕਾਰਣ ਪਿੰਡਾਂ ਦੀ ਕਿਸਾਨੀ ਜਮਾਤ ਵਿਚੋਂ ਉਠ ਰਹੀ ਮਧਵਰਗੀ ਸ਼੍ਰੇਣੀ ਸੀ ਜਿਸ ਦਾ ਪਿਛੋਕੜ ਜਾਗੀਰਦਾਰੀ ਆਦਰਸ਼ਵਾਦ ਨਾਲ ਸੰਬੰਧਿਤ ਸੀ। ਜਾਗੀਰਦਾਰੀ ਪਿਛੋਕੜ ਵਾਲੀ ਮੱਧ ਸ਼੍ਰੇਣੀ ਨੇ ਇਸ ਵਿਦਰੋਹ ਨੂੰ ਭਾਵੁਕ ਰੂਪ ਵਿਚ ਤਬਦੀਲ ਕਰ ਦਿਤਾ।

ਸਤਵੇਂ ਦਹਾਕੇ ਵਿਚ ਪੰਜਾਬ ਵਿਚ ਵਿਦਰੋਹੀ ਚੇਤਨਾ ਦੀ ਪ੍ਰਣਾਲੀ ਰਾਹੀਂ ਨਕਸਲਬਾੜੀ ਲਹਿਰ ਸ਼ੁਰੂ ਹੁੰਦੀ ਸੀ, ਸਗੋਂ ਸੰਸਾਰ ਪੱਧਰ ਤੇ ਉਠ ਰਹੇ ਸਮਾਜਕ ਵਿਰੋਧਾਂ ਨੇ ਇਸ ਨੂੰ ਪ੍ਰਭਾਵਿਤ ਕੀਤਾ। ਵਿਸ਼ਵ ਪੱਧਰ ਤੇ ਇਸ ਸਮੇਂ ਸਮਾਜਵਾਦ ਵਿਚਕਾਰ ਵਿਰੋਧ ਤਿੱਖੇ ਰੂਪ ਵਿਚ ਪ੍ਰਗਟ ਹੋ ਰਹੇ ਸਨ। ਮੁੱਖ ਮਸਲਾ ਨਵੇਂ ਆਜ਼ਾਦ ਹੋਏ ਦੇਸ਼ਾਂ ਵਿਚ ਸਮਾਜਵਾਦ ਦੀ ਸਥਾਪਨਾ ਦਾ ਸੀ। ਇਸ ਸਮੇਂ ਤਕ ਦੁਨੀਆਂ ਦੇ ਬਹੁਗਿਣਤੀ ਦੇਸ਼ ਬਸਤੀਵਾਦ ਤੋਂ ਛੁਟਕਾਰਾ ਪਾ ਚੁੱਕੇ ਸਨ ਅਤੇ ਕੁਝ ਅਫਰੀਕੀ, ਦੇਸ਼ ਆਜ਼ਾਦੀ ਦੀ ਲੜਾਈ ਲੜ ਰਹੇ ਸਨ। ਦੂਜੇ ਸੰਸਾਰ ਜੰਗ ਤੋਂ ਬਾਅਦ ਸਰਮਾਏਦਾਰੀ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੋ ਰਹੀ ਸੀ। ਦੂਜੀ ਸੰਸਾਰ ਜੰਗ ਵਿਚ ਦੁਨੀਆਂ ਵੱਡੇ ਸਮਾਜਵਾਦੀ ਦੇਸ਼ ਰੂਸ ਦਾ ਵੀ ਕਾਫੀ ਨੁਕਸਾਨ ਹੋ ਚੁੱਕਾ ਸੀ। ਵਿਸ਼ਵ ਕਮਿਊਨਿਸਟ ਲਹਿਰ ਦਾ ਇਕ ਹਿੱਸਾ ਇਸ ਸਰਮਾਏਦਾਰੀ ਵਿਰੋਧ ਨੂੰ ਆਪਣੇ ਹੱਕ ਵਿਚ ਕਰਨ ਲਈ ਨਵੇਂ ਆਜ਼ਾਦ ਹੋਏ ਦੇਸ਼ਾਂ ਦੀ ਕੌਮੀ ਮੁਕਤੀ ਲਹਿਰ ਨੂੰ ਸਮਾਜਵਾਦ ਵਿਚ ਪਰਿਵਰਤਿਤ ਕਰਨਾ ਚਾਹੁੰਦਾ ਸੀ, ਜਿਸ ਨਾਲ ਤੀਜੀ ਵੱਡੀ ਜੰਗ ਰਾਹੀਂ ਦੁਨੀਆ ਵਿਚੋਂ ਸਰਮਾਏਦਾਰੀ ਨੂੰ ਖ਼ਤਮ ਕੀਤਾ ਜਾ ਸਕਦਾ ਸੀ। ਇਸ ਵਿਚਾਰ ਦੀ ਅਗਵਾਈ ਦੁਨੀਆਂ ਦੀ ਬਹੁ-ਸੰਖਿਅਕ ਆਬਾਦੀ ਵਾਲਾ ਦੇਸ਼ ਚੀਨ ਅਤੇ ਉਸ ਦਾ ਨੇਤਾ ਮਾਓ-ਜ਼ੇ-ਤੁੰਗ ਕਰ ਰਿਹਾ ਸੀ। ਉਹ ਸਾਰੇ ਨਵੇਂ ਆਜ਼ਾਦ ਹੋਏ ਦੇਸ਼ਾਂ ਸਮੇਤ ਭਾਰਤ ਵਿਚ ਵੀ ਹਥਿਆਰਬੰਦ ਬਗਾਵਤ ਰਾਹੀਂ ਸਜ਼ਾ ਹਥਿਆਉਣਾ ਚਾਹੁੰਦਾ ਸੀ। ਉਸ ਦੇ ਵਿਚਾਰਾਂ ਦਾ ਪ੍ਰਭਾਵ ਦੁਨੀਆਂ ਭਰ ਦੀ ਕਮਿਊਨਿਸ਼ਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਹਿਰ ਤੇ ਪਿਆ। ਇਸ ਤੇ ਰੂਸ ਦੇ ਸਹਿਯੋਂਦ ਦੇ ਸਿਧਾਂਤ ਦਾ ਵਿਰੋਧ ਕੀਤਾ ਗਿਆ ਜਿਸ ਕਾਰਣ ਦੁਨੀਆਂ ਭਰ ਦੀ ਕਮਿਊਨਿਸਟ ਲਹਿਰ ਦੋ ਫਾੜ ਹੋ ਗਈ। ਕਮਿਊਨਿਸਟ ਲਹਿਰ ਦੇ ਦੋ ਫਾੜ ਹੋ ਜਾਣ ਨਾਲ ਜੁਝਾਰਵਾਦੀ ਲਹਿਰ ਉਠ ਖੜੀ ਹੋਈ। ਇਹ ਸਮਾਂ ਚੀਨ ਵਿਚ ਮਾਉਵਾਦ ਦੀ ਚੜ੍ਹਤ ਦਾ ਸਮਾਂ ਸੀ, ਜਿਸ ਦਾ ਮੁੱਖ ਨਿਸ਼ਾਨਾ ਤੇ ਨਾਅਰਾ, ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਸੀ। ਇਸ ਮਾਓਵਾਦੀ ਵਿਚਾਰਧਾਰਾ ਦਾ ਅਸਰ ਭਾਰਤ ਉਤੇ ਸਿੱਧੇ ਰੂਪ ਵਿਚ ਪਿਆ। ਪੰਜਾਬ ਦੇ ਲੋਕ ਆਪਣੀ ਮਾਨਸਿਕਤਾ ਅਨੁਸਾਰ ਇਸ ਰੁਝਾਨ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਏ। ਇਸ ਲਹਿਰ ਤੋਂ ਸਮੁੱਚਾ ਜਨ-ਜੀਵਨ ਪ੍ਰਭਾਵਿਤ ਹੋਇਆ ਪੰਜਾਬੀ ਸਾਹਿਤ ਉਤੇ ਆਮ ਕਰਕੇ ਅਤੇ ਪੰਜਾਬੀ ਕਵਿਤਾ ਉਤੇ ਖਾਸ ਤੌਰ ਤੇ ਇਸ ਦਾ ਪ੍ਰਭਾਵ ਪਿਆ ਕਿਉਂਕਿ ਕਵਿਤਾ ਮਨੁੱਖੀ ਜਜ਼ਬਿਆਂ ਨੂੰ ਟੁੰਬਣ ਲਈ ਵਧੇਰੇ ਅਸਰਦਾਇਕ ਸਾਬਿਤ ਹੁੰਦੀ ਹੈ। ਜੁਝਾਰਵਾਦ ਦੇ ਸਮਰਥਕਾਂ ਅਨੁਸਾਰ ਭਾਰਤ ਇਸ ਸਮੇਂ ਮਧਵਰਗੀ ਦੌਰ ਵਿਚੋਂ ਗੁਜ਼ਰ ਰਿਹਾ ਹੈ। ਪੈਦਾਵਾਰ ਦੇ ਸਾਧਨਾਂ ਤੇ ਜਾਗੀਰਦਾਰਾਂ ਦਾ ਕਬਜ਼ਾ ਹੈ। ਜਾਗੀਰਦਾਰੀ ਨੂੰ ਖ਼ਤਮ ਕਰਨ ਲਈ ਬੇਜ਼ਮੀਨੇ ਕਿਸਾਨਾਂ ਤੇ ਮੁਜ਼ਾਹਰਿਆਂ ਨੂੰ ਜਾਗੀਰਦਾਰਾਂ ਦੇ ਵਿਰੁੱਧ ਬਗਾਵਤ ਕਰ ਦੇਣੀ ਚਾਹੀਦੀ ਹੈ। ਭਾਰਤ ਵਿਚ ਇਸ ਸਮੇਂ ਦਲਾਲ ਸਰਮਾਏਦਾਰੀ ਦਾ ਰਾਜ ਹੈ, ਜੋ ਜਾਗੀਰਦਾਰੀ ਦੇ ਸਹਾਰੇ ਚੱਲ ਰਹੀ ਹੈ। ਇਹ ਵਰਗ ਕਿਸਾਨਾਂ ਦੀ ਬਗਾਵਤ ਦੇ ਸਾਹਮਣੇ ਲੰਮਾਂ ਸਮਾਂ ਲੜਨ ਦੇ ਅਸਮਰਥ ਹੈ। ਇਨਕਲਾਬ ਦਾ ਕੇਂਦਰ ਸਭ ਤੋਂ ਪਹਿਲਾਂ ਪਿੰਡ ਬਣਾਏ ਜਾਣਗੇ। ਫਿਰ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਸਹਾਇਤਾ ਨਾਲ ਸਟੇਟ ਤੇ ਕਬਜ਼ਾ ਕੀਤਾ ਜਾ ਸਕਦਾ ਹੈ। ਇਸ ਵਿਚਾਰਧਾਰਾ ਨੂੰ ਲੋਕਾਂ ਵਿਚ ਫੈਲਾਉਣ ਵਿਚ ਅਜਿਹੇ ਸਾਹਿਤ ਨੂੰ ਮਾਧਿਅਮ ਬਣਾਉਣਾ ਜ਼ਰੂਰੀ ਸਮਝਿਆ ਗਿਆ, ਜਿਸ ਨੂੰ ਸੁਣ ਕੇ ਲੋਕ ਜੂਝ ਮਰਨ ਲਈ ਤਿਆਰ ਹੋ ਜਾਣ। ਇਸ ਸਮੇਂ ਹੀ ਪੰਜਾਬ ਵਿਚ ਜੁਝਾਰ ਵਿਦਰੋਹੀ ਕਾਵਿ-ਧਾਰਾ ਦਾ ਮੁੱਢ ਬੱਝਦਾ ਹੈ, ਜਿਸਦਾ ਦਾਰਸ਼ਨਿਕ ਆਧਾਰ ਮਾਰਕਸਵਾਦੀ ਫਲਸਫਾ ਹੈ। ਇਸ ਵਿਚਾਰਧਾਰਾ ਅਧੀਨ ਹੀ ਸਾਹਿਤ ਨੂੰ ਸਮਾਜਕ ਪਰਿਵਰਤਨ ਲਈ ਕਾਰਗਰ ਹਥਿਆਰ ਸਮਝਿਆ ਜਾਂਦਾ ਹੈ।

ਅਵਤਾਰ ਸਿੰਘ ਪਾਸ਼ ਇਸ ਸਾਹਿਤਕ ਲਹਿਰ ਦਾ ਇਕ ਪ੍ਰਮੁੱਖ ਅੰਗ ਬਣ ਕੇ ਉਭਰਦਾ ਹੈ। ਉਸ ਨੇ ਕਵਿਤਾ ਵਿਚ ਆਪਣੇ ਕਾਵਿ-ਅਨੁਭਵ ਨੂੰ ਵਿਦਰੋਹੀ ਰੂਪ ਵਿਚ ਪ੍ਰਗਟ ਕੀਤਾ। ਇਹ ਵਿਦਰੋਹ ਸਮਾਜ ਦੇ ਬਹੁਪਾਸਾਰੀ ਤੇ ਬਹੁਪਰਤੀ ਕਿਰਦਾਰ ਰਾਹੀਂ ਅਭਿਵਿਅਕਤ ਹੁੰਦਾ ਹੈ। ਉਸਨੇ ਜਿਸ ਵਿਚਾਰਧਾਰਾ ਨੂੰ ਆਪਣੀ ਕਾਵਿ-ਰਚਨਾ ਦਾ ਆਧਾਰ-ਧਰਾਤਲ ਬਣਾਇਆ, ਉਸਦੇ ਅਨੁਸਾਰ ਸਮਾਜ ਦਾ ਆਧਾਰ ਆਰਥਿਕ ਸੰਬੰਧ ਹਨ। ਆਰਥਕ ਸੰਬੰਧਾਂ ਦੀ ਨੀਂਹ ਉਤੇ ਹੀ ਦਰਸ਼ਨ, ਧਰਮ, ਰਾਜਨੀਤੀ ਤੇ ਮਨੁੱਖੀ ਬੌਧਿਕ ਸਰਗਰਮੀਆਂ ਨਿਰਭਰ ਕਰਦੀਆਂ ਹਨ। ਆਰਥਿਕ ਸੰਬੰਧਾਂ ਵਿਚ ਆਇਆ ਪਰਿਵਰਤਨ ਸਮਾਜਕ ਉਸਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਪੈਦਾਵਾਰ ਦੇ ਸਾਧਨਾਂ ਤੇ ਕਾਬਜ਼ ਜਮਾਤ ਆਪਣੀ ਜਕੜ ਮਜ਼ਬੂਤ ਕਰਨ ਲਈ ਬੌਧਿਕ ਸਰਗਰਮੀਆਂ ਨੂੰ ਆਪਣੇ ਹਿਤਾਂ ਦੀ ਖਾਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਰਤਦੀ ਹੈ ਪਰੰਤੂ ਵਿਰੋਧੀ ਜਮਾਤ ਜੋ ਉਸ ਸਮਾਜ ਦੀ ਕੁੱਖ ਵਿਚੋਂ ਜਨਮ ਲੈਂਦੀ ਹੈ, ਹਮੇਸ਼ਾਂ ਭਾਰੂ ਧਿਰ ਦੇ ਵਿਰੋਧ ਵਿਚ ਖੜੋਂਦੀ ਹੈ, ਲੜ ਰਹੀ ਜਮਾਤ ਨੂੰ ਇਹ ਲੜਾਈ ਜੀਵਨ ਦੇ ਹਰ ਖੇਤਰ ਵਿਚ ਲੜਨੀ ਪੈਂਦੀ ਹੈ। ਪਾਸ਼ ਨੇ ਇਸੇ ਸਮਾਜਕ ਯਥਾਰਥ ਨੂੰ ਆਪਣੀ ਕਾਵਿ ਚੇਤਨਾ ਦੀ ਆਧਾਰਭੂਮੀ ਬਣਾਇਆ ਹੈ। ਉਸ ਨੇ ਇਕ ਪਾਸੇ ਰਾਜ ਕਰ ਰਹੀ ਸ਼ੋਸ਼ਕ ਜਮਾਤ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਨੂੰ ਸਮਾਜਕ ਯਥਾਰਥ ਵਜੋਂ ਅਭਿਵਿਅਕਤ ਕੀਤਾ ਹੈ ਅਤੇ ਦੂਜੇ ਪਾਸੇ ਇਸ ਦੀ ਚੇਤਨਾ ਨੂੰ ਜੀਵਨ ਦੇ ਹਰ ਖੇਤਰ ਨਾਲ ਜੋੜ ਕੇ ਪੇਸ਼ ਕੀਤਾ ਹੈ। ਕਿਸਾਨੀ ਜੀਵਨ ਵਿਚ ਫੈਲੇ ਹੋਏ ਘੋਰ ਆਰਥਿਕ ਸੰਕਟ ਨੂੰ ਅਤੇ ਇਸ ਸੰਕਟ ਕਾਰਨ ਉਪਜੇ ਦੁਖਾਂਤ ਨੂੰ ਉਸਨੇ ਆਪਣੀ ਚੇਤਨਾ ਦਾ ਅੰਗ ਬਣਾਇਆ ਹੈ। 'ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ' ਦੀ ਲੇਖਕ ਬਲਜੀਤ ਕੌਰ ਨੇ ਪਾਸ਼ ਕਾਵਿ ਦੇ ਇਸ ਪਰਿਪੇਖ ਬਾਰੇ ਇਸ ਤਰ੍ਹਾਂ ਲਿਖਿਆ ਹੈ :

> ਪਾਸ਼ ਸਾਧਨਹੀਣ ਮਾਨਵ-ਵਰਗ ਦੀਆਂ ਦੱਬੀਆਂ ਸਮਰਥਾਵਾਂ ਨੂੰ ਉਜਾਗਰ ਕਰਨ ਲਈ ਉਸ ਅੰਦਰ ਤਾਕਤਵਰ ਬੋਲਾਂ ਰਾਹੀਂ ਚੇਤਨਾ ਦਾ ਸੰਚਾਰ ਕਰਨ ਵੱਲ ਰੁਚਿਤ ਹੁੰਦਾ ਹੈ। ਇਸ ਮਕਸਦ ਲਈ ਉਹ ਕਲਮ ਤੋਂ ਹਥਿਆਰ ਵਾਂਗ ਕੰਮ ਲੈਣ ਬਾਰੇ ਵੀ ਸੋਚਦਾ ਹੈ।[6]

ਪਾਸ਼ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਹੇਠਲੀ ਕਿਰਸਾਨੀ ਦੇ ਜੀਵਨ-ਯਥਾਰਥ ਦੀ ਅਨੁਭਵੀ ਸੋਝੀ ਦੀ ਰਚਨਾਤਮਕ ਅਭਿਵਿਅਕਤੀ ਬਣੀਆਂ ਹਨ। ਮਿਸਾਲ ਵਜੋਂ ਉਸਦੀਆਂ ਹੇਠ ਲਿਖੀਆਂ ਟੂਕਾਂ ਇਸੇ ਹੇਠਲੇ ਵਰਗ ਦੀ ਤ੍ਰਾਸਦਿਕ ਆਰਥਿਕ ਸਥਿਤੀ ਨੂੰ ਪੇਸ਼ ਕਰਦੀਆਂ ਹਨ :

> ਰੋਜ਼ ਹੀ ਇਕੋ ਸਮੇਂ ਉਠਦਾ ਹੈ
> ਕਿਰਸਾਨ ਕੁੱਤੇ ਦੇ ਢਿੱਡ ਵਿੱਚ
> ਅੰਤਲੀ ਬੁਰਕੀ ਦਾ ਝੋਰਾ
> ਰੋਜ਼ ਹੀ ਇਸੇ ਤਰ੍ਹਾਂ ਹੁੰਦਾ ਹੈ।
>
> (ਰੋਜ਼ ਹੀ ਇਸੇ ਤਰ੍ਹਾਂ ਹੁੰਦਾ ਹੈ, 'ਉੱਡਦੇ ਬਾਜਾਂ ਮਗਰ', ਪੰਨੇ 73-74)

> ਕਦੇ ਤਾਂ ਹੰਭੇ ਹੋਏ ਪਿਓ ਨੂੰ ਅੰਨ੍ਹ ਖਾਣੇ ਬੁੜ੍ਹੇ ਦਾ ਨਾਮ ਦਿਤਾ
> ਕਦੇ ਫਿਕਰਾਂ ਗ੍ਰਸੀ ਤੀਵੀਂ ਨੂੰ ਚੁੜੇਲ ਦਾ ਸਾਇਆ ਕਿਹਾ
> ਸਦਾ ਦਿਸਹਦੇ ਤੇ ਨਿਲਾਮੀ ਦੇ ਦ੍ਰਿਸ਼ ਤਰਦੇ ਰਹੇ,
> ਤੇ ਅਸੀਂ ਸੁਬਜ ਜਹੀਆਂ ਧੀਆਂ ਦੀਆਂ ਅੱਖਾਂ 'ਚ ਅੱਖਾਂ ਪਾਉਣੋਂ ਡਰੇ।
>
> (ਯੁਧ ਤੇ ਸ਼ਾਂਤੀ', 'ਸਾਡੇ ਸਮਿਆਂ ਵਿਚ, ਪੰਨਾ 27)

ਇਸ ਤਰ੍ਹਾਂ ਵਰਗ ਵੰਡ ਤੇ ਵਰਗ ਵਿਤਕਰੇ ਨਾਲ ਸੰਬੰਧਿਤ ਜਿੰਨੀ ਨਿੱਖੜਵੀਂ ਚੇਤਨਾ ਦੀ ਅਭਿਵਿਅਕਤੀ ਉਸਦੀ ਕਵਿਤਾ ਵਿਚ ਮਿਲਦੀ ਹੈ ਉਹ ਪ੍ਰਗਤੀਵਾਦੀ ਕਵੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਕਵਿਤਾ ਵਿਚ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਹੇਠ ਲਿਖੀਆਂ ਪੰਗਤੀਆਂ ਇਸ ਵਰਗ ਵੰਡ ਦੀ ਚੇਤਨਾ ਦੀ ਸਪੱਸ਼ਟ ਰੂਪ ਵਿਚ ਪੇਸ਼ਕਾਰੀ ਕਰਦੀਆਂ ਹਨ :

ਮੈਂ ਲੋਹਾ ਖਾਧਾ ਹੈ।
ਤੁਸੀਂ ਲੋਹੇ ਦੀ ਗੱਲ ਕਰਦੇ ਹੋ।

('ਲੋਹ ਕਥਾ, ਪੰਨਾ 8)

ਤੁਸੀਂ ਕਲੱਬਾਂ ਸਿਨਮੇ ਵਾਲੇ,
ਸਾਥੋਂ ਪਹਿਲਾਂ ਬੁੱਚੇ ਕੀਕਣ ਹੋ ਜਾਂਦੇ ?

(ਜਲੇ ਸੜੇ ਫੁੱਲਾਂ ਦੇ ਨਾਂ, ਉਹੀ, ਪੰਨਾ 19)

ਅਸੀਂ ਤਾਂ ਪਿੰਡਾਂ ਦੇ ਵਾਸੀ ਹਾਂ
ਤੁਸੀਂ ਸ਼ਹਿਰਾਂ ਦੇ ਵਾਸੀ ਤਾਂ ਸੜਕਾਂ ਵਾਲੇ
ਤੁਸੀਂ ਕਾਸ ਨੂੰ ਰੀਂਗ ਰੀਂਗ ਕੇ ਚਲਦੇ ਹੋ।

(ਗਲੇ ਸੜੇ ਫੁੱਲਾਂ ਦੇ ਨਾਂ, ਉਹੀ, ਪੰਨਾ 19)

ਦੇਖਿਆ ਜਾਵੇ ਤਾਂ ਆਰਥਿਕ ਤੌਰ ਤੇ ਤਾਕਤਵਰ ਲੋਕ ਹੀ ਸਮਾਜ ਵਿਚ ਮਾਣ, ਇੱਜ਼ਤ ਤੇ ਰੁੱਤਬੇ ਦੇ ਅਧਿਕਾਰੀ ਹੁੰਦੇ ਹਨ। ਰਾਜ ਸਤ੍ਹਾ ਵੀ ਉਨ੍ਹਾਂ ਦੇ ਹੱਥ ਵਿਚ ਹੀ ਹੁੰਦੀ ਹੈ। ਨਿਆਂ, ਸੁਰੱਖਿਆ, ਕਾਨੂੰਨ, ਫੌਜ, ਸਿੱਖਿਆ ਤੇ ਸੰਚਾਰ ਦੀਆਂ ਸੰਸਥਾਵਾਂ ਵੀ ਉਨ੍ਹਾਂ ਦੇ ਪੱਖ ਦੀ ਹੀ ਪੂਰਤੀ ਕਰਦੀਆਂ ਹਨ। ਇਹ ਵਿਤਕਰੇ ਰੋਜ਼ਾਨਾ ਸਮਾਜਕ ਜੀਵਨ ਵਿਚ ਆਮ ਦੇਖਣ ਨੂੰ ਹੀ ਮਿਲਦੇ ਹਨ ਜਿਨ੍ਹਾਂ ਮਨੁੱਖਾਂ ਕੋਲ ਆਰਥਿਕ ਤੇ ਰਾਜਨੀਤਕ ਤੌਰ ਤੇ ਮਾਣ ਇੱਜ਼ਤ ਹਾਸਲ ਨਹੀਂ ਹੈ, ਦੇਸ਼ ਦਾ ਸੰਵਿਧਾਨ ਵੀ ਉਨ੍ਹਾਂ ਦੇ ਹੱਕਾਂ ਦੀ ਰਾਖੀ ਨਹੀਂ ਕਰਦਾ। ਸਾਧਨਸ਼ੀਲ ਤੇ ਸੱਤਾਧਾਰੀ ਵਰਗ ਹਰ ਪੱਧਰ ਤੇ ਸੁਤੰਤਰਤਾ ਤੇ ਬਹੁਲਤਾ ਨੂੰ ਮਾਣਦਾ ਹੈ ਅਤੇ ਆਪਣੀ ਵਰਤਮਾਨ ਸਥਿਤੀ ਨੂੰ ਬਰਕਰਾਰ ਰੱਖਣ ਲਈ ਵਿਰੋਧੀ ਵਰਗ ਦੇ ਹੱਕ ਖੋਂਹਦਾ ਤੇ ਕੁਚਲਦਾ ਹੈ। ਧਰਮ, ਕਾਨੂੰਨ, ਅਫਸਰਸ਼ਾਹੀ, ਪੁਲਿਸ, ਸੰਚਾਰ ਸਾਧਨ ਤੇ ਹੋਰ ਸਮਾਜਕ ਰਾਜਨੀਤਕ ਸੰਸਥਾਵਾਂ ਉਸ ਦੇ ਹੀ ਹੱਥ ਮਜ਼ਬੂਤ ਕਰਨ ਲਈ ਹਨ। ਪਾਸ਼ ਅਨੁਸਾਰ ਜਦ ਹੱਕ ਮੰਗਣ ਵਾਲੇ ਕਿਰਤੀ ਲੋਕਾਂ ਵਲੋਂ ਹੱਕ ਮੰਗਿਆ ਜਾਂਦਾ ਹੈ ਤਾਂ ਉਸਦੇ ਇਸ ਕਾਰਜ ਨੂੰ ਗ਼ਦਾਰੀ ਦਾ ਤਗ਼ਮਾ ਦਿੱਤਾ ਜਾਂਦਾ ਹੈ। 'ਲੋਹ ਕਥਾ' ਸੰਗ੍ਰਹਿ ਦੀ ਕਵਿਤਾ 'ਦੋ ਤੇ ਦੋ ਤਿੰਨ' ਵਿਚ ਕਵੀ ਲਿਖਦਾ ਹੈ :

ਆਪਣੇ ਲੋਕਾਂ ਦੇ ਪਿਆਰ ਦਾ ਅਰਥ
'ਦੁਸ਼ਮਣ ਦੇਸ਼' ਦੀ ਏਜੰਟੀ ਹੁੰਦਾ ਹੈ
ਅਤੇ
ਵੱਧ ਤੋਂ ਵੱਧ ਗੱਦਾਰੀ ਦਾ ਤਗ਼ਮਾ
ਵੱਡੇ ਤੋਂ ਵੱਡਾ ਰੁਤਬਾ ਹੋ ਸਕਦਾ ਹੈ। ਪੰਨਾ 11

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੱਕ ਮੰਗਦੇ ਲੋਕਾਂ ਦੀ ਆਵਾਜ਼ ਨੂੰ ਕਿਸ ਤਰ੍ਹਾਂ ਤਸ਼ੱਦਦ ਦੀ ਗੋਲੀ ਨਾਲ ਦਬਾਇਆ ਜਾਂਦਾ ਹੈ। ਇਸਦੀ ਸੋਝੀ ਪਾਸ਼ ਦੀ ਕਵਿਤਾ ਵਿਚ ਸਪੱਸ਼ਟ ਰੂਪ ਵਿਚ ਕਾਰਜਸ਼ੀਲ ਹੈ। ਇਸ ਗੋਲੀ ਤੇ ਤਸ਼ੱਦਦ ਦਾ ਸ਼ਿਕਾਰ ਮੁੱਖ ਰੂਪ ਵਿਚ ਨਿਮਨ ਸ਼੍ਰੇਣੀ ਹੁੰਦੀ ਹੈ। ਕਵੀ ਮਜ਼ਦੂਰ ਵਰਗ ਨੂੰ ਉਸਦੀ ਮੌਜੂਦਾ ਸਥਿਤੀ ਪ੍ਰਤੀ ਚੇਤੰਨ ਕਰਕੇ ਅਤੇ ਉਸਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਕੇ ਉਸਦੀ ਸਥਿਤੀ ਵਿਚ ਪਰਿਵਰਤਨ ਲਿਆਉਣਾ ਚਾਹੁੰਦਾ ਹੈ। ਜਦੋਂ ਵੀ ਹੱਕ ਸੱਚ ਦੀ ਆਵਾਜ਼ ਬੁਲੰਦ ਹੁੰਦੀ ਹੈ ਸਥਾਪਤੀ ਵਲੋਂ ਉਸਨੂੰ ਦਬਾਉਣ ਦਾ ਵੱਧ ਤੋਂ ਵੱਧ ਯਤਨ ਕੀਤਾ ਜਾਂਦਾ ਹੈ। ਇਹ ਆਵਾਜ਼ ਉਠਾਉਣ ਵਾਲਿਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਹੈ ਅਤੇ ਉਨ੍ਹਾਂ ਤੇ ਹਰ ਤਰ੍ਹਾਂ ਦਾ ਤਸ਼ੱਦਦ ਕੀਤਾ ਜਾਂਦਾ ਹੈ। ਇਸੇ ਪਰਿਪੇਖ ਵਿਚ ਪਾਸ਼ ਦੀਆਂ ਨਿਮਨ ਅੰਕਿਤ ਪੰਗਤੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ :

ਜਦ ਮੈਂ ਝੂਠ, ਚੋਰੀ, ਮਿਹਰਬਾਨ ਪਰਮਾਤਮਾ
ਤੇ ਸਭ ਮਨੁੱਖਾਂ ਦੇ ਬਰਾਬਰ ਹੋਣ ਦੀਆਂ ਧਾਰਨਾਵਾਂ 'ਤੇ ਦੁਬਾਰਾ ਸੋਚਣਾ
ਚਾਹਿਆ ਤਾਂ ਮੇਰੇ ਇੰਜ ਸੋਚਣ ਨੂੰ ਹਿੰਸਾ ਗਰਦਾਨਿਆ ਗਿਆ।
(ਜਿਥੇ ਕਵਿਤਾ ਖ਼ਤਮ ਨਹੀਂ ਹੁੰਦੀ, 'ਸਾਡੇ ਸਮਿਆਂ ਵਿਚ', ਪੰਨਾ 3)

ਫਿਰ ਉਹ ਆਏ-ਸਚਾਈਆਂ ਦੇ ਅਲੰਬਰਦਾਰ
ਉਨ੍ਹਾਂ ਦੇ ਹੱਥਾਂ ਵਿਚ ਵਿਵਸਥਾ ਦਾ ਟੋਕਾ ਸੀ--
ਬੱਸ ਓਦੋਂ ਹੀ ਮੈਨੂੰ ਤਥਾਂ ਦੇ ਤੱਥ ਦਾ ਇਲਮ ਹੋਇਆ
ਕਿ ਟੋਕੇ ਦੀ ਸ਼ਕਲ ਝੰਡੇ ਵਰਗੀ ਹੁੰਦੀ ਹੈ।
(ਜਿਥੇ ਕਵਿਤਾ ਖ਼ਤਮ ਨਹੀਂ ਹੁੰਦੀ, 'ਸਾਡੇ ਸਮਿਆਂ ਵਿਚ', ਪੰਨਾ 3)

ਪਾਸ਼ ਸਾਧਨਹੀਣ ਵਰਗ ਦੀ ਸਥਿਤੀ ਦੇ ਦੁਖਾਂਤ ਦੇ ਕਾਰਣ ਵੀ ਮੌਜੂਦਾ ਯਥਾਰਥ ਵਿਚ ਹੀ ਲੱਭਦਾ ਹੈ, ਉਹ ਸਮਾਜਕ, ਆਰਥਕ ਤੇ ਰਾਜਨੀਤਕ ਧਰਾਤਲਾਂ ਉਤੇ ਦੋਹਾਂ ਵਰਗਾਂ ਵਿਚ ਇਕ ਅਮਿਟ ਪਾੜ੍ਹਾ ਦਰਸਾਉਂਦਾ ਹੈ ਜੋ ਉਨ੍ਹਾਂ ਦੀਆਂ ਸੋਚਾਂ, ਰੁਚੀਆਂ, ਤਰਜੀਹਾਂ ਤੇ ਅਮਲਾਂ ਵਿਚਲੇ ਵਿਰੋਧ ਦੀ ਆਧਾਰ-ਭੂਮੀ ਬਣਦਾ ਹੈ। ਕਵੀ ਨਿਮਨ ਵਰਗ ਦੀ ਯਥਾਰਥਕ ਸਥਿਤੀ ਨੂੰ ਦੇਖ ਕੇ ਅਤੇ ਚਿੱਤਰ ਕੇ ਹੀ ਸੰਤੁਸ਼ਟ ਨਹੀਂ ਹੋ ਜਾਂਦਾ, ਉਹ ਉਸਦੇ ਸਿਧਾਂਤਕ ਵਿਸ਼ਲੇਸ਼ਣ ਵੱਲ ਵੀ ਰੁਚਿਤ ਹੁੰਦਾ ਹੈ ਅਤੇ ਉਸ ਰਾਹੀਂ ਸਿੱਟੇ ਕੱਢ ਕੇ ਪਾਠਕ ਵੱਲ ਵੀ ਰੁਚਿਤ ਹੁੰਦਾ ਹੈ ਅਤੇ ਉਸ ਰਾਹੀਂ ਸਿੱਟੇ ਕੱਢ ਕੇ ਪਾਠਕ ਦੀ ਚੇਤਨਾ ਨੂੰ ਝੰਜੋੜਨ ਤੇ ਇਨਕਲਾਬ ਲਈ ਵੰਗਾਰਨ ਦੇ ਮਨੋਰਥ ਨੂੰ ਵੀ ਸਾਹਮਣੇ ਰੱਖਦਾ ਹੈ। ਵਰਤਮਾਨ, ਸਮਾਜਕ, ਆਰਥਕ, ਰਾਜਨੀਤਕ ਵਿਵਸਥਾ ਦੇ ਅਣਸੁਖਾਵੇਪਨ ਦੀ ਦੁਖਦਾਈ ਚੇਤਨਾ ਦੇ ਕਾਰਣ ਹਰ ਪ੍ਰਕਾਰ ਦੀ ਸਥਾਪਤੀ ਉਤੋਂ ਵਿਸ਼ਵਾਸ਼ ਉਠ ਜਾਣ ਦਾ ਅਮਲ ਆਰੰਭ ਹੁੰਦਾ ਹੈ। ਇਹ ਅਸੰਤੁਸ਼ਟਤਾ ਤੇ ਅਵਿਸ਼ਵਾਸ਼ ਰੋਹ ਦਾ ਕਾਰਣ ਬਣਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ। ਬਲਜੀਤ ਕੌਰ ਦੇ ਸ਼ਬਦਾਂ ਅਨੁਸਾਰ :

ਅਸੰਤੁਸ਼ਟੀ ਸ਼ਿਕਵੇ ਤੇ ਰੋਹ ਨੂੰ ਜਨਮ ਦੇਂਦੀ ਹੈ
ਜੋ ਆਪਣੀ ਵਿਕਾਸ਼ਸ਼ੀਲਤਾ ਵਿਚ,
ਵਿਦ੍ਰੋਹ ਦਾ ਰੂਪ ਧਾਰਨ ਕਰ ਲੈਂਦੇ ਹਨ।[6]

ਪਾਸ਼ ਜਿਸ ਵਿਚਾਰਧਾਰਾ ਨਾਲ ਸੰਬੰਧਿਤ ਹੈ ਉਸ ਵਿਚ ਜਮਾਤੀ ਸੰਗਰਾਮ ਦੀ ਧਾਰਣਾ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਏਸੇ ਲਈ ਕਵੀ ਸ਼ੋਸ਼ਿਤ ਹੋ ਰਹੇ ਵਰਗ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨ ਉਤੇ ਵਧੇਰੇ ਬਲ ਦਿੰਦਾ ਹੈ। ਪਾਸ਼ ਇਸ ਬਾਰੇ ਪੂਰਨ ਤੌਰ ਤੇ ਚੇਤੰਨ ਹੈ ਕਿ ਇਹ ਲੜਾਈ ਜਮਾਤੀ ਪੈਂਤੜੇ ਨੂੰ ਮੁੱਖ ਰੱਖ ਕੇ ਹੀ ਲੜੀ ਜਾ ਸਕਦੀ ਹੈ। ਉਸਦੀ ਕਵਿਤਾ 'ਲਹੂ ਕ੍ਰਿਆ' ਇਸੇ ਤੱਥ ਦੀ ਗਵਾਹੀ ਭਰਦੀ ਹੈ :

ਪਰ ਅਪੀਲਾਂ ਮੈਨੂੰ ਕਾਰਗਰ ਨਹੀਂ ਹੁੰਦੀਆਂ
ਕਿਉਂਕਿ ਮੈਂ ਜਾਣਦਾ ਹਾਂ
ਜਮਾਤਾਂ ਸਿਰਫ ਝੈਸਕਾਂ ਤੇ ਨਹੀਂ ਹੁੰਦੀਆਂ
ਬਜ਼ਾਰਾਂ ਵਿਚ ਵੀ ਹੁੰਦੀਆਂ ਹਨ।

('ਲੋਹ ਕਥਾ', ਪੰਨਾ 48)

ਪਾਸ਼ ਮੌਜੂਦਾ ਸਮਾਜਕ ਯਥਾਰਥ ਦੀਆਂ ਅਮਾਨਵੀ ਸਥਿਤੀਆਂ ਵਿਚ ਜਮਾਤੀ ਲੜਾਈ ਨੂੰ ਇਕ ਜ਼ਰੂਰੀ ਲੋੜ ਮੰਨਦਾ ਹੈ। ਉਸ ਦੇ ਅਨੁਸਾਰ ਉਚ ਵਰਗ ਦੇ ਵਾਂਗ ਨਿਮਨ ਵਰਗ ਦੇ ਮਨ ਵਿਚ ਵੀ ਜ਼ਿੰਦਗੀ ਨੂੰ ਮਾਣਨ ਦੀ ਪ੍ਰਬਲ ਇੱਛਾ ਹੁੰਦੀ ਹੈ, ਪਰ ਨਿਮਨ ਫਰਗ ਆਪਣੀਆਂ ਕਠੋਰ ਜੀਵਨ ਪਰਿਸਥਿਤੀਆਂ ਦੇ ਕਾਰਣ ਜ਼ਿੰਦਗੀ ਦੇ ਸੁਹਜ ਨੂੰ ਨਹੀਂ ਮਾਣ ਸਕਦਾ ਇਸ ਦੇ ਉਲਟ ਵਰਤਮਾਨ ਹਾਲਾਤ ਦਾ ਤਕਾਜ਼ਾ ਉਸਨੂੰ ਆਪਣੇ ਹੱਕਾ ਵਾਸਤੇ ਲੜਨ ਲਈ ਮਜ਼ਬੂਰ ਕਰ ਦਿੰਦਾ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਉਹ ਇਸ ਲੜਾਈ ਦੀ ਲੋੜ ਵੱਲ ਧਿਆਨ ਦਿਵਾਉਂਦਾ ਹੈ :

ਅਸੀਂ ਲੜਾਂਗੇ
ਕਿ ਲੜਨ ਬਾਝੋਂ ਕੁਝ ਵੀ ਨਹੀਂ ਮਿਲਦਾ
ਅਸੀਂ ਲੜਾਂਗੇ
ਕਿ ਹਾਲੇ ਤਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ
ਆਪਣੀ ਸਜ਼ਾ ਕਬੂਲਣ ਲਈ
ਲੜ ਕੇ ਮਰ ਚੁਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ।

(ਅਸੀਂ ਲੜਾਂਗੇ ਸਾਥੀ, 'ਉਡਦੇ ਬਾਜ਼ਾਂ ਮਗਰ', ਪੰਨਾ 26)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਡ ਗਏ ਹਨ, ਬਾਜ ਚੁੰਝਾਂ 'ਚ ਲੈ ਕੇ
ਸਾਡੇ ਚੈਨ ਦਾ ਇਕ ਪਲ ਬਿਤਾ ਸਕਣ ਦੀ ਖਾਹਿਸ਼
ਦੱਸਤੋਂ ਹੁਣ ਚਲਿਆ ਜਾਵੇ
ਉੱਡਦੇ ਬਾਜਾਂ ਮਗਰ ।...

ਜਦ ਚਿਮਟ ਜਾਵੇ ਗਲੀਆਂ ਦਾ ਚਿੱਕੜ
ਉਮਰ ਦੇ ਸਭ ਤੋਂ ਹੁਸੀਨ ਵਰ੍ਹਿਆਂ ਤੇ
ਤਾਂ ਕਰਨ ਨੂੰ ਬੱਸ ਏਹੋ ਬਚਦਾ ਹੈ
ਕਿ ਚਲਿਆ ਜਾਵੇ ।

(ਉਡਦੇ ਬਾਜਾਂ ਮਗਰ, ਉਹੀ, ਪੰਨੇ 5-7)

ਕਵੀ ਅਨੁਸਾਰ ਜਦੋਂ ਇਸ ਸਮਾਜ ਵਿਚ ਪਸਰਿਆ ਯਥਾਰਥ ਹੀ ਮਨੁੱਖਤਾ ਦਾ ਦੋਖੀ ਬਣ ਜਾਵੇ ਤਾਂ ਉਸਦਾ ਟਾਕਰਾ ਕਰਨਾ ਜ਼ਰੂਰੀ ਹੋ ਜਾਂਦਾ ਹੈ । ਇਹੀ ਕੁਹਜ ਹਿੰਸਾ ਦੀ ਉਤਪਤੀ ਦਾ ਕਾਰਣ ਬਣਦਾ ਹੈ । ਪਾਸ਼ ਆਪਣੀ ਕਵਿਤਾ ਵਿਚ ਕੁਹਜ ਦੇ ਖਾਤਮੇ ਵਾਸਤੇ ਲੜਾਈ ਛੇੜਨ ਦੀ ਲੋੜ ਤੇ ਜ਼ੋਰ ਦਿੰਦਾ ਹੈ :

ਸ਼ਹਿਰਾਂ ਵਿਚ ਮੈਂ ਥਾਂ ਥਾਂ ਕੋਝ ਦੇਖਿਆ
ਪ੍ਰਕਾਸ਼ਨਾਂ ਵਿਚ ਕੋਠਿਆਂ ਵਿਚ
ਦਫਤਰਾਂ ਤੇ ਥਾਣਿਆਂ ਵਿਚ
ਅਤੇ ਮੈਂ ਦੇਖਿਆ, ਇਹ ਕੋਝ ਦੀ ਨਦੀ
ਦਿੱਲੀ ਦੇ ਗ਼ੋਲ ਪਰਬਤ ਵਿਚੋਂ ਸਿੰਮਦੀ ਹੈ ।
ਅਤੇ ਉਸ ਗੋਲ ਪਰਬਤ ਵਿਚ ਸੁਰਾਖ ਕਰਨ ਲਈ,
ਮੈਂ ਕੋਝ ਵਿਚ ਵੜਿਆ,
ਕੋਝ ਸੰਗ ਲੜਿਆ
ਤੇ ਕਈ ਲਹੂ ਲੁਹਾਨ ਵਰ੍ਹਿਆਂ ਕੋਲੋਂ ਲੰਘਿਆ
ਤੇ ਹੁਣ ਮੈਂ ਚਿਹਰੇ ਉਤੇ ਯੁੱਧ ਦੇ ਨਿਸ਼ਾਨ ਲੈ ਕੇ,
ਦੋ ਘੜੀ ਲਈ ਪਿੰਡ ਆਇਆ ਹਾਂ ।

(ਮੇਰੀ ਮਾਂ ਦੀਆਂ ਅੱਖਾਂ, 'ਲੋਹ ਕਥਾ', ਪੰਨੇ 14-15)

ਪਾਸ਼ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਜਿਵੇਂ 'ਗਲੇ ਸੜੇ ਫੁੱਲਾਂ ਦੇ ਨਾਂ', 'ਕਾਤਲ', 'ਸ਼ਰਧਾਂਜਲੀ', 'ਹੁਣ ਹੱਕ ਬਣਦਾ ਹੈ', 'ਮੈਨੂੰ ਚਾਹੀਦੇ ਹਨ ਕੁਝ ਬੋਲ', 'ਲੰਕਾ ਦੇ ਇਨਕਲਾਬੀਆਂ ਨੂੰ', 'ਉਡਦੇ ਬਾਜਾਂ ਮਗਰ', ਹਿੰਸਾਤਮਕ ਵਿਦਰੋਹ ਰਾਹੀਂ ਯਥਾਰਥ ਨੂੰ ਤੁਰੰਤ ਬਦਲਣ ਵਲ ਕਾਰਜਸ਼ੀਲ ਚੇਤਨਾ ਦੀ ਮਿਸਾਲ ਪੇਸ਼ ਕਰਦੀਆਂ ਹਨ । ਇਹ ਵਿਦਰੋਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚੇਤਨਾ ਉਸਦੀ ਕਵਿਤਾ ਵਿਚ ਹਿੰਸਾ, ਤਰਥੱਲੀ, ਹਿਲਜੁਲ ਦਾ ਰੂਪ ਧਾਰਣ ਕਰ ਜਾਂਦੀ ਹੈ। ਇਸੇ ਸੰਦਰਭ ਵਿਚ 'ਲੋਹ ਕਥਾ' ਦੀ ਭੂਮਿਕਾ ਵਿਚ ਅੰਕਿਤ ਸੰਤ ਸੰਧੂ ਦਾ ਇਹ ਕਥਨ ਸਾਰਥਕ ਜਾਪਦਾ ਹੈ :

> ਕਲਮ ਦੀ ਪਿਚਕਾਰੀ...'ਚੋਂ ਫੁਟਦੇ ਰੰਗ ਦਾ ਭਾ ਲੋਕ ਪਰਜਾ ਦੀ ਸਮੂਹਿਕ ਸਮਾਜਕ ਦਸ਼ਾ ਤੇ ਪਾਏ ਹਾਕਮ ਜਮਾਤ ਦੇ ਅਸਰਾਂ ਤੇ ਦਬਾਵਾਂ ਦਾ ਪ੍ਰਤੀ-ਕਰਮ ਹੈ। ਪਿਚਕਾਰੀ ਦੇ ਰੰਗ, ਪਾਸ਼ ਦੀ ਕਲਮ 'ਚ ਕਿਵੇਂ ਉਘੜਦੇ ਹਨ ਇਹ ਗੱਲ ਗੁੱਝੀ ਨਹੀਂ ਜਾਂ ਸਿਰਫ ਕਹਿਣ ਸੁਣਨ ਤਕ ਸੀਮਤ ਨਹੀਂ... ਗੱਲ ਸੁਲਗਦੀ ਸੁਲਗਦੀ ਹਿਲਜੁਲ, ਤਰਥੱਲੀ ਤੇ ਝੱਖੜ ਬਣਦੀ ਰਹਿੰਦੀ ਹੈ।[7]

ਪਰਿਵਰਤਨ ਦਾ ਇਹ ਉਪਭਾਵੁਕ ਜੋਸ਼ ਉਲਾਰ ਰੂਪ ਧਾਰਨ ਕਰਕੇ ਕਵੀ ਦੀ ਜੁਝਾਰੂ ਚੇਤਨਾ ਉਪਰ ਹਾਵੀ ਹੋ ਜਾਂਦਾ ਹੈ। ਇਸੇ ਪਰਿਪੇਖ ਵਿਚ ਉਸਦੀਆਂ ਹੇਠ ਲਿਖੀਆਂ ਪੰਕਤੀਆਂ ਪੇਸ਼ ਕੀਤੀਆਂ ਜਾ ਸਕਦੀਆਂ ਹਨ :

> ਇਹ ਮੁੱਕੀ ਰੋਟੀ ਗੰਢੇ ਨਾਲ ਚਬਾਵਣ ਵਾਲੇ
> ਤੁਹਾਡੇ ਸ਼ਹਿਰਾਂ ਦੇ ਸੜਕਾਂ ਕਮਰੇ ਨਿਗਲ ਜਾਣ ਲਈ
> ਆ ਪਹੁੰਚੇ ਹਨ
> ਇਹ ਤੁਹਾਡੀ ਡਾਈਨਿੰਗ ਟੇਬਲ
> ਤੇ ਟਰੇਆਂ ਤੱਕ ਨਿਗਲ ਜਾਣਗੇ।
>
> (ਗਲੇ ਸੜੇ ਫੁੱਲਾਂ ਦੇ ਨਾਂ, 'ਲੋਹ ਕਥਾ', ਪੰਨਾ 19)

> ਅਸੀਂ ਤੁਹਾਨੂੰ ਆਦਰ ਸਾਹਿਤ
> ਸਣੇ ਤੁਹਾਡੇ ਹੋਂਦਵਾਦ ਦੇ
> ਬਰਸ਼ੇ ਦੀ ਨੋਕ ਤੇ ਟੰਗ ਕੇ
> ਚੰਦ ਉਤੇ ਅਪੜਾ ਦੇਵਾਂਗੇ,
>
> (ਉਹੀ, ਪੰਨਾ 20)

> ਯੁਗ ਪਲਟਾਉਣ ਵਿਚ ਮਸਰੂਫ ਲੋਕ
> ਬੁਖਾਰ ਨਾਲ ਨਹੀਂ ਮਰਦੇ
> ਮੌਤ ਦੇ ਕੰਧੇ ਤੇ ਜਾਣ ਵਾਲਿਆਂ ਲਈ
> ਮੌਤ ਤੋਂ ਪਿਛੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਹੁੰਦਾ ਹੈ
> ਮੈਨੂੰ ਜਿਸ ਸੂਰਜ ਦੀ ਧੁੱਪ ਵਰਜਿਤ ਹੈ
> ਮੈਂ ਉਸ ਦੀ ਛਾਂ ਤੋਂ ਵੀ ਇਨਕਾਰ ਕਰ ਦੇਵਾਂਗਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਹਰ ਖਾਲੀ ਸੁਰਾਹੀ ਭੰਨ ਦਿਆਂਗਾ
ਮੇਰਾ ਲਹੂ ਤੇ ਮੁੜ੍ਹਕਾ ਮਿੱਟੀ ਵਿਚ ਡੁਲ੍ਹ ਗਿਆ ਹੈ
ਮੈਂ ਮਿੱਟੀ ਵਿਚ ਦੱਬੇ ਜਾਣ ਤੇ ਵੀ ਉਗ ਆਵਾਂਗਾ ।

(ਯੁਗ ਪਲਟਾਵਾ, ਉਹੀ, ਪੰਨਾ 25)

ਨਹਿਰਾਂ ਵਾਂਗੂੰ ਵਧੀਏ
ਇਨ੍ਹਾਂ ਮਗਰਾਂ ਦੇ ਦੰਦ ਭੰਨ ਸੁੱਟੀਏ
ਪਰਤ ਜਾਈਏ
ਮੁੜ ਉਠੀਏ । ਤੇ ਜੋ ਇਨ੍ਹਾਂ ਮੱਛਾਂ ਦੀ ਰਾਖੀ ਕਰਦਾ ਹੈ,
ਹੁਕਮ ਦੇਣ ਲਈ
ਇਸ ਪਿਲਪਿਲੇ ਚਿਹਰੇ ਦਾ ਮੂੰਹ ਖੁਲ੍ਹਣ ਤੋਂ ਪਹਿਲਾਂ
ਉਸ ਵਿਚ ਬੰਦੂਕ ਦੀ ਨਾਲ ਤੁੰਨ ਦੇਈਏ

(ਕਾਤਲ, ਉਹੀ, ਪੰਨਾ 46)

ਜੁਝਾਰ ਵਿਦਰੋਹੀ ਕਵਿਤਾ ਧੀਮੇਂ ਬੋਲਾਂ ਨੂੰ ਨਕਾਰਦੀ ਹੈ ਕਿਉਂਕਿ ਇਨ੍ਹਾਂ ਕਵੀਆਂ ਨੂੰ ਅਨੁਭਵ ਹੈ ਕਿ ਧੀਮੇਂ ਬੋਲਾਂ ਨਾਲ ਕੁਝ ਵੀ ਪ੍ਰਾਪਤ ਨਹੀਂ ਹੋਣਾ । ਇਸ ਤਰ੍ਹਾਂ ਇਹ ਕਵੀ ਤਲਵਾਰ ਬੰਦੂਕ ਧਾਰਣ ਕਰਕੇ ਵਰਤਮਾਨ ਸਮਾਜਕ ਯਥਾਰਥ ਨਾਲ ਨਜਿੱਠਣ ਲਈ ਪ੍ਰਤਿਬੱਧ ਹਨ । ਪ੍ਰਗਤੀਵਾਦੀ ਦੌਰ ਦਾ ਸ਼ੋਣੀ ਘੋਲ ਜੁਝਾਰ ਵਿਦਰੋਹੀ ਕਵਿਤਾ ਵਿਚ ਗੁਰੀਲਾ ਯੁੱਧ ਦੀ ਥਾਂ ਲੈ ਲੈਂਦਾ ਹੈ । ਇਸਦੇ ਅਨੁਰੂਪ ਹੀ ਪਾਸ਼ ਹਿੰਸਾ ਤੇ ਖਾੜਕੂ ਸੰਘਰਸ਼ ਦੀ ਵਕਾਲਤ ਕਰਦਾ ਹੈ । ਉਸ ਦੀਆਂ ਕਵਿਤਾਵਾਂ, 'ਇੰਜ ਹੀ ਸਹੀ', 'ਹੱਥ', 'ਲੋਹਾ', 'ਤੁਫਾਨਾਂ ਨੇ ਕਦੀ ਮਾਤ ਨਹੀਂ ਖਾਧੀ', 'ਅਸੀਂ ਲੜਾਂਗੇ', 'ਸਾਥੀ', 'ਯੁੱਗ ਪਲਟਾਵਾ', 'ਘਾਹ' ਤੇ 'ਮੇਰਾ ਹੁਣ ਹੱਕ ਬਣਦਾ ਹੈ', ਇਸ ਪੱਖੋਂ ਉਲੇਖਣੀਯੋਗ ਹਨ । ਉਸਦੀਆਂ ਹੇਠ ਲਿਖੀਆਂ ਕਾਵਿ ਪੰਗਤੀਆਂ ਮਿਸਾਲ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ :

ਪਰ ਆਖਰ ਲੋਹੇ ਨੂੰ
ਪਸਤੋਲਾਂ, ਬੰਦੂਕਾਂ ਤੇ ਬੰਬਾਂ ਦੀ
ਸ਼ਕਲ ਅਖਤਿਆਰ ਕਰਨੀ ਪਈ ਹੈ
ਤੁਸੀਂ ਲੋਹੇ ਦੀ ਚਮਕ ਵਿਚ ਚੁੰਧਿਆ ਕੇ
ਆਪਣੀ ਧੀ ਨੂੰ ਵਹੁਟੀ ਸਮਝ ਸਕਦੇ ਹੋ,
(ਪਰ) ਮੈਂ ਲੋਹੇ ਦੀ ਅੱਖ ਨਾਲ
ਮਿੱਤਰਾਂ ਦੇ ਮਖੌਟੇ ਪਾਈ ਦੁਸ਼ਮਣ,
ਵੀ ਪਹਿਚਾਣ ਸਕਦਾ ਹਾਂ ।

(ਲੋਹਾ, 'ਲੋਹ ਕਥਾ', ਪੰਨਾ 9)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਹਾ ਜਦ ਪਿਘਲਦਾ ਹੈ
ਤਾਂ ਭਾਫ ਨਹੀਂ ਨਿਕਲਦੀ
ਜਦ ਕੁਠਾਲੀ ਚੁੱਕਣ ਵਾਲਿਆਂ ਦੇ ਦਿਲਾਂ ਚੋਂ
ਭਾਵ ਨਿਕਲਦੀ ਹੈ
ਤਾਂ ਲੋਹਾ ਪਿਘਲ ਜਾਂਦਾ ਹੈ
ਪਿਘਲੇ ਹੋਏ ਲੋਹੇ ਨੂੰ
ਕਿਸੇ ਵੀ ਆਕਾਰ ਵਿਚ
ਢਾਲਿਆ ਜਾ ਸਕਦਾ ਹੈ।

(ਉਹੀ, ਪੰਨਾ 8)

ਹੱਥ ਜੇਬ 'ਚ ਹੋਣ ਜਾਂ ਬਾਹਰ
ਹੱਥ-ਕੜੀ 'ਚ ਹੋਣ ਜਾਂ ਬੰਦੂਕ ਦੇ ਕੁੰਦੇ 'ਤੇ
ਹੱਥ ਹੱਥ ਹੁੰਦੇ ਹਨ
ਤੇ ਹੱਥਾਂ ਦਾ ਇਕ ਧਰਮ ਹੁੰਦਾ ਹੈ
ਹੱਥ ਜੇ ਹੋਣ ਤਾਂ
ਜੋੜਨ ਲਈ ਨਹੀਂ ਹੁੰਦੇ
ਨਾ ਦੁਸ਼ਮਣ ਸਾਮ੍ਹਣੇ ਚੁੱਕਣ ਨੂੰ ਹੀ ਹੁੰਦੇ ਹਨ
ਇਹ ਗਿੱਚੀਆਂ ਮਰੋੜਨ ਲਈ ਵੀ ਹੁੰਦੇ ਹਨ
ਹੱਥ ਕਿਰਤ ਕਰਨ ਲਈ ਹੀ ਨਹੀਂ ਹੁੰਦੇ
ਲੋਟੂ ਹੱਥਾਂ ਨੂੰ ਤੋੜਨ ਲਈ ਵੀ ਹੁੰਦੇ ਹਨ...

(ਹੱਥ, 'ਲੜਾਂਗੇ ਸਾਥੀ', ਪੰਨੇ 81-32)

ਪਾਸ਼ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਸ ਨੇ ਹਿੰਸਾ ਅਤੇ ਸੰਘਰਸ਼ ਨੂੰ ਸਮਾਜਕ ਅਨਿਆ ਤੇ ਮਾਨਵੀ ਗੌਰਵ ਦੀ ਬਹਾਲੀ ਵਾਲੇ ਸਮਾਜਵਾਦੀ ਸਮਾਜ ਦੀ ਉਸਾਰੀ ਵਾਸਤੇ ਵਰਤਣ ਦਾ ਸੰਕਲਪ ਕੀਤਾ ਹੈ। ਹਿੰਸਾ ਜਿਹਾ ਨਕਾਰਾਤਮਕ ਸੰਕਲਪ ਉਸ ਦੇ ਉਸਾਰੂ ਆਦਰਸ਼ ਨਾਲ ਜੁੜ ਕੇ ਇਕ ਨੈਤਿਕ ਸਿਧਾਂਤ ਹੋ ਨਿਬੜਿਆ ਹੈ। ਹੇਠ ਲਿਖੀਆਂ ਪੰਗਤੀਆਂ ਉਸ ਦੇ ਇਸ ਵਿਚਾਰ ਦੀਆਂ ਧਾਰਣੀ ਹਨ :

ਅਸੀਂ ਲੜਾਂਗੇ ਤਦ ਤੱਕ
ਕਿ ਵੀਰੂ ਬੱਕਰੀਆਂ ਵਾਲਾ ਜਦੋਂ ਤੀਕ ਬੱਕਰੀਆਂ ਦਾ
ਮੂਤ ਪੀਂਦਾ ਹੈ
ਖਿੜੇ ਹੋਏ ਸਰ੍ਹੋ ਦੇ ਫੁੱਲਾਂ ਨੂੰ ਜਦ ਵਾਹੁਣ ਵਾਲੇ ਆਪ
ਨਹੀਂ ਸੁੰਘਦੇ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਸੁਜੀਆਂ ਅੱਖੀਆਂ ਵਾਲੀ ਪਿੰਡ ਦੀ ਅਧਿਆਪਕਾ ਦਾ ਪਤੀ
ਜੰਗ ਤੋਂ ਪਰਤ ਨਹੀਂ ਆਉਂਦਾ
ਅਸੀਂ ਲੜਾਂਗੇ ਜਦ ਤੱਕ ਦੁਨੀਆਂ ਚੋਂ ਲੜਨ ਦੀ ਲੋੜ ਬਾਕੀ ਹੈ।

(ਅਸੀਂ ਲੜਾਂਗੇ ਸਾਥੀ, ਉਹੀ, ਪੰਨਾ 34)

ਜੁਝਾਰ ਵਿਦਰੋਹੀ ਕਵੀਆਂ ਦੇ ਕਾਵਿ ਸੰਕਲਪ ਅਨੁਸਾਰ ਕਵਿਤਾ ਕੇਵਲ ਸੁਹਜ-ਸੁਆਦ ਦੀ ਤ੍ਰਿਪਤੀ ਦਾ ਸਾਧਨ ਨਹੀਂ ਸਗੋਂ ਦਰੜੇ ਹੋਏ ਬੰਦੇ ਦੀ ਚੀਕ ਹੈ, ਹੱਕਾਂ ਦੀ ਪ੍ਰਾਪਤੀ ਲਈ ਘੋਲ ਦਾ ਇਕ ਸਾਧਨ ਹੈ। ਸਾਹਿਤ ਉਹੀ ਹੁੰਦਾ ਹੈ ਜੋ ਸੰਗ੍ਰਾਮ ਕਰ ਰਹੇ ਲੋਕਾਂ ਦਾ ਸਾਥ ਦਿੰਦਾ ਹੈ, ਲੋਕ ਚੇਤਨਾ ਨੂੰ ਜਾਗਰੂਕ ਕਰਦਾ ਹੈ, ਟੁੰਬਦਾ ਹੈ, ਹਲੂਣਦਾ ਹੈ ਤੇ ਇਨਕਲਾਬੀ ਕਰਮ ਕਰਨ ਲਈ ਉਕਸਾਉਂਦਾ ਹੈ। ਸਾਹਿਤ ਦੇ ਪ੍ਰਯੋਜਨ ਬਾਰੇ ਇਕ ਇਹ ਵੀ ਮੱਤ ਪ੍ਰਚਲਿਤ ਰਿਹਾ ਕਿ ਸਾਹਿਤ ਦਾ ਪ੍ਰਯੋਜਨ ਸੁਹਜ ਸੁਆਦ ਦੀ ਤ੍ਰਿਪਤੀ ਕਰਨਾ ਹੁੰਦਾ ਹੈ। ਪਰ ਜੁਝਾਰ ਵਿਦਰੋਹੀ ਕਵੀ ਕਵਿਤਾ ਨੂੰ ਵਰਤਮਾਨ ਸਮਾਜਕ-ਆਰਥਿਕ, ਰਾਜਨੀਤਕ ਪ੍ਰਬੰਧ ਨੂੰ ਬਦਲਣ ਲਈ ਇਕ ਸਾਧਨ ਸਮਝਦੇ ਹਨ। ਆਪਣੀ ਕਵਿਤਾ ਰਾਹੀਂ ਉਹ ਆਰਥਿਕ ਸਮਾਜਕ ਤੇ ਰਾਜਨੀਤਕ ਲੁੱਟ-ਖਸੁੱਟ ਵਾਲੇ ਸਮਾਜਕ ਪ੍ਰਬੰਧ ਨੂੰ ਬਦਲਣ ਦੀ ਪ੍ਰੇਰਨਾ ਵੀ ਦੇਂਦੇ ਹਨ। ਉਹ ਕਵਿਤਾ ਨਾਲੋਂ ਵਧੇਰੇ ਉਸ ਦੇ ਇਸ ਮਨੋਰਥ ਨਾਲ ਪ੍ਰਤਿਬੱਧ ਹਨ। ਪਾਸ਼ ਨੇ ਆਪਣੀ ਕਵਿਤਾ ਵਿਚ ਸੁਹਜ-ਪ੍ਰਯੋਜਨ ਦੇ ਰਵਾਇਤੀ ਸੰਕਲਪ ਦੇ ਪੜਛੇ ਉਡਾਏ ਹਨ। ਇਸ ਪੱਖੋਂ ਉਸ ਦੀਆਂ ਕਵਿਤਾਵਾਂ : 'ਅਰਥਾਂ ਦਾ ਅਪਮਾਨ', 'ਲਹੂ ਕ੍ਰਿਆ' 'ਸ਼ਬਦ ਕਲਾ ਤੇ ਕਵਿਤਾ' ਵਿਸ਼ੇਸ਼ ਮਹੱਤਾ ਦੀਆਂ ਧਾਰਨੀ ਹਨ। ਉਸ ਦੀ ਕਵਿਤਾ ਉਸ ਸਥਿਤੀ ਵਿਚੋਂ ਉਪਜੀ ਹੈ ਜਿਥੇ ਸੁਹਜ ਦਾ ਤਾਂ ਕੋਈ ਅਰਥ ਹੀ ਨਹੀਂ ਰਹਿ ਜਾਂਦਾ ਕੇਵਲ ਰੋਹ ਨੂੰ ਹੀ ਜ਼ਬਾਨ ਦਿੱਤੀ ਜਾ ਸਕਦੀ ਹੈ। ਪਾਸ਼ ਦੀ ਕਵਿਤਾ ਦੇ ਇਸ ਪੱਖ ਬਾਰੇ ਸਤਿੰਦਰ ਸਿੰਘ ਨੂਰ ਦਾ ਇਹ ਮੱਤ ਵਧੇਰ ਸਾਰਥਕ ਸਿੱਧ ਹੁੰਦਾ ਹੈ ਕਿ :

> ਉਸ ਦੀ ਕਵਿਤਾ ਉਸ ਸਥਿਤੀ ਚੋਂ ਜਨਮੀ ਹੈ ਜਿਥੇ ਭਾਵਾਂ ਦੇ ਆਲੇ ਦੁਆਲੇ ਕੋਈ ਸੰਜਮ ਸੰਕੋਚ ਜਾਂ ਰੂਪ ਦਾ ਪ੍ਰਸ਼ਨ ਨਹੀਂ ਰਹਿ ਜਾਂਦਾ। ਜਿਥੇ ਸ਼ਬਦ ਸੁਹਜ, ਕਾਵਿ ਬਿੰਬ ਆਦਿ ਦੇ ਪ੍ਰਸ਼ਨਾਂ ਨੂੰ ਤਿਆਗ ਕੇ ਰੋਹ ਨੂੰ ਜ਼ਬਾਨ ਦਿੱਤੀ ਜਾਂਦੀ ਹੈ।[8]

ਦੇਖਿਆ ਜਾਵੇ ਤਾਂ ਸੁਹਜ ਸੁਆਦ ਦੀ ਤ੍ਰਿਪਤੀ ਲਈ ਪਹਿਲਾਂ ਆਸੇ ਪਾਸੇ ਪਸਰੇ ਹੋਏ ਕੁਹਜ ਦੇ ਨਾਲ ਟੱਕਰ ਲੈਣੀ ਪੈਂਦੀ ਹੈ। ਜੁਝਾਰ ਵਿਦਰੋਹੀ ਕਵੀਆਂ ਅਨੁਸਾਰ ਸਮਾਜਕ ਰਾਜਨੀਤਕ ਪਰਿਵਰਤਨ ਕੀਤੇ ਜਾਂਦੇ ਯਤਨਾਂ ਵਿਚ ਵੀ ਕਵਿਤਾ ਉਨੀ ਹੀ ਮਹਾਨਤਾ ਰੱਖਦੀ ਹੈ ਜਿੰਨੀ ਕਿ ਬੰਦੂਕ ਅਤੇ ਸਟੇਨਗੰਨ ਆਦਿ। ਸਮੇਂ ਦੀ ਹਕੀਕਤ ਅਨੁਸਾਰ ਵਿਵਸਥਾ ਦਾ ਜ਼ਾਲਮਾਨਾ ਵਾਰ ਏਨਾ ਤੇਜ਼ ਹੈ ਕਿ ਕਵੀ ਸਿਰਜਨਾ ਦੀ ਪੱਧਰ ਤੇ ਅਤੇ ਵਿਹਾਰਕ ਰੂਪ ਵਿਚ ਵੀ ਇਸ ਨਾਲ ਦੋ ਹੱਥ ਕਰਨ ਲਈ ਬੜਾ ਉਤਾਵਲਾ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਹਲਾ ਹੈ। ਜਿਥੇ ਚਗਲੇ ਹੋਏ ਸਵਾਦਾਂ ਦੇ ਹੜ੍ਹ ਵਿਚ ਬੱਚਿਆਂ ਦੀ ਤੋਤਲੀ ਆਵਾਜ਼ ਤੇ ਧੀਆਂ ਦਾ ਕੰਜਕ ਜਿਹਾ ਹਾਸਾ ਰੁੜ੍ਹ ਜਾਂਦਾ ਹੈ। ਇਸ ਕਰਕੇ ਉਹ ਆਪਣੀ ਕਵਿਤਾ ਵਿਚ ਖਾਦ ਦੇ ਘਾਟੇ ਤੋਂ ਲੈ ਕੇ ਬਾਪੂ ਦੇ ਧੁੱਪ ਨਾਲ ਲੂਸੇ ਮੌਰਾਂ ਉਤੇ ਉਕਰੇ ਇਤਿਹਾਸ ਤੇ ਮਾਂ ਦੇ ਪੈਰੀਂ ਪਾਟੀਆਂ ਬਿਆਈਆਂ ਦੇ ਭਗੋਲ ਦੀ ਗੱਲ ਕਰਦਾ ਹੈ। ਅਜਿਹੀਆਂ ਖ਼ੁਰਦਰੀਆਂ ਗੱਲਾਂ ਕਰਨ ਨੂੰ ਕਵੀ ਦਾ ਦਿਲ ਨਹੀਂ ਕਰਦਾ ਪਰ ਸਮੇਂ ਦੀ ਸਥਿਤੀ ਦੀ ਮੰਗ ਅਨੁਸਾਰ ਅਹਿਸਾਸ ਦੀ ਕੋਮਲਤਾ ਨੂੰ ਛੱਡ ਕੇ ਕਵੀਆਂ ਨੂੰ ਹਥਿਆਰਾਂ ਨਾਲ ਯੁੱਧ ਕਰਨਾ ਪਿਆ ਹੈ :

ਮੇਰੇ ਦੋਸਤ ਕਵਿਤਾ ਬਹਤ ਨਿਸੱਤੀ ਹੋ ਗਈ ਹੈ ਜਦ ਕਿ
ਹਥਿਆਰਾਂ ਦੇ ਨੋਂਹ ਭੇੜੀ ਤਰ੍ਹਾਂ ਵਧ ਆਏ ਹਨ ਤੇ ਹੁਣ
ਹਰ ਤਰ੍ਹਾਂ ਦੀ ਕਵਿਤਾ ਤੋਂ ਪਹਿਲਾਂ ਹਥਿਆਰਾਂ ਨਾਲ
ਯੁੱਧ ਕਰਨਾ ਜ਼ਰੂਰੀ ਹੋ ਗਿਆ ਹੈ।

(ਮੈਂ ਹੁਣ ਵਿਦਾ ਹੁੰਦਾ ਹਾਂ, 'ਸਾਡੇ ਸਮਿਆਂ ਵਿਚ' ਪੰਨਾ 6)

ਇਨ੍ਹਾਂ ਕਾਵਿ ਪੰਗਤੀਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪਾਸ਼ ਦੀ ਨਜ਼ਰ ਵਿਚ ਕਵਿਤਾ ਕੇਵਲ ਸੁਹਜ ਸੁਆਦ ਦੀ ਤ੍ਰਿਪਤੀ ਲਈ ਰਚੀ ਗਈ ਰੂਪ ਰਚਨਾ ਹੀ ਨਹੀਂ ਸਗੋਂ ਇਥੇ ਇਸਦਾ ਪ੍ਰਮੁੱਖ ਪ੍ਰਕਾਰਜ ਜੁਗਾਂ ਜੁਗਾਂਤਰਾਂ ਤੋਂ ਲੁਟੀਂਦੀ ਆਈ ਕਿਰਤੀ ਸ਼੍ਰੇਣੀ ਦੇ ਹੱਕਾਂ ਦੀ ਰਖਵਾਲੀ ਕਰਨਾ ਹੈ।

ਜੁਝਾਰ ਵਿਦਰੋਹੀ ਕਵਿਤਾ ਵਿਚ ਕਵੀਆਂ ਨੇ ਸਿੱਖ ਸੂਰਮਿਆਂ ਨੂੰ ਆਪਣੇ ਕਾਵਿਕ ਨਾਇਕਾਂ ਵਜੋਂ ਸਵੀਕਾਰ ਕੀਤਾ ਹੈ। ਇਹ ਕਵਿਤਾ ਵਧੇਰੇ ਤੌਰ ਤੇ ਸਿੱਖ ਚਿੰਨ੍ਹਕਾਂ ਉਤੇ ਬਲ ਦਿੰਦੀ ਹੈ, ਇਸਦੀ ਵਜ੍ਹਾ ਦਸਦੇ ਹੋਏ ਕੇਸਰ ਸਿੰਘ ਕੇਸਰ ਨੇ ਲਿਖਿਆ ਹੈ :

> ਜੁਝਾਰ ਕਵਿਤਾ ਵਿਚ ਸਿੱਖ ਚਿੰਨ੍ਹਕਾਂ ਦੀ ਵਰਤੋਂ ਉਤੇ ਵਧੇਰੇ ਬਲ ਹੈ ਕਿਉਂਕਿ ਜਿਸ ਲਹਿਰ ਨਾਲ ਇਹ ਕਵਿਤਾ ਸਿੱਧੇ ਤੌਰ ਤੇ ਜੁੜੀ ਹੋਈ ਸੀ ਉਸ ਦਾ ਪ੍ਰਮੁੱਖ ਉਦੇਸ਼ ਪੰਜਾਬ ਦੇ ਖੇਤ ਮਜ਼ਦੂਰ ਤੇ ਕਿਸਾਨਾਂ ਤਕ ਪਹੁੰਚਣਾ ਸੀ ਜਿਸ ਦਾ ਸੰਸਕ੍ਰਿਤਕ ਵਿਰਸਾ ਸਿੱਖੀ ਦਾ ਹੈ।[9]

ਜੁਝਾਰ ਵਿਦਰੋਹੀ ਕਵੀਆਂ ਨੇ ਆਪਣੇ ਆਪ ਨੂੰ ਸਿੱਖ ਇਤਿਹਾਸ ਦੇ ਨਾਇਕਾਂ ਦੇ ਸਮਰੂਪ ਕਰਕੇ ਦੇਖਿਆ ਕਿਉਂਕਿ ਸਿੱਖ ਲਹਿਰ ਆਪਣੇ ਆਪ ਵਿਚ ਇਨਕਲਾਬੀ ਲਹਿਰ ਸੀ ਜੋ ਕਿ ਵਰਤਮਾਨ ਨਿਜ਼ਾਮ ਦੇ ਵਿਰੁੱਧ ਇਕ ਬਗਾਵਤ ਸੀ। ਸਿਖ ਲਹਿਰ ਦੇ ਮੋਢੀ ਗੁਰੂ ਨਾਨਕ ਵੀ "ਨੀਚਾਂ ਅੰਦਰ ਨੀਚ ਜਾਤ, ਨੀਚੀ ਹੂ ਅਤਿ ਨੀਚ" ਵਾਲੇ ਵਿਚਾਰ ਅਨੁਸਾਰ ਸ਼ੋਸ਼ਿਤ ਵਰਗ ਦਾ ਬੁਲਾਰਾ ਸਨ। ਇਸੇ ਪਰੰਪਰਾ ਵਿਚ ਦਸਵੇਂ ਸਿੱਖ ਗੁਰੂ ਗੋਬਿੰਦ ਸਿੰਘ ਜੀ ਨੇ ਦੱਬੇ ਕੁਚਲੇ ਜਨ ਸਾਧਾਰਣ ਰੂਪੀ ਚਿੜੀਆਂ ਦੇ ਅੰਦਰ ਲੋਟੂ ਤੇ ਜ਼ਾਲਮ ਬਾਜਾਂ ਨਾਲ ਟੱਕਰ ਲੈਣ ਦਾ ਮਨੋਬਲ ਪੈਦਾ ਕੀਤਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਇਨਕਲਾਬੀ ਵਿਰਸੇ ਅਨੁਸਾਰ ਸਿੱਖ ਲਹਿਰ ਮੱਧਕਾਲ ਵਿਚ ਲੋਕ ਮਾਨਸਿਕਤਾ ਦਾ ਹਿੱਸਾ ਬਣ ਚੁੱਕੀ ਸੀ ਇਸ ਲਈ ਚੇਤੰਨ ਜੁਝਾਰ ਵਿਦਰੋਹੀ ਕਵੀਆਂ ਨੇ ਸਿੱਖੀ ਸੰਕਲਪਾਂ ਨੂੰ ਕਾਵਿ ਬਿੰਬ ਰਾਹੀਂ ਪੇਸ਼ ਕੀਤਾ। ਭਾਵੇਂ ਇਨ੍ਹਾਂ ਕਵੀਆਂ ਦੀ ਸੁਚੇਤ ਕੋਸ਼ਿਸ਼ ਇਹ ਸੀ ਕਿ ਸਿੱਖ ਚਿੰਨ੍ਹਕਾਂ ਦੀ ਵਰਤੋਂ ਕਰਕੇ ਸ਼ੋਸ਼ਿਤ ਵਰਗ ਦੀ ਮਾਨਸਿਕਤਾ ਵਿਚ ਮੌਜੂਦ ਵਿਰਸੇ ਪ੍ਰਤੀ ਭਾਵੁਕ ਮੋਹ ਨੂੰ ਆਪਣੇ ਹੱਕ ਵਿਚ ਵਰਤਿਆ ਜਾਵੇ, ਪਰ ਪਰੰਪਰਿਕ ਰੂੜ੍ਹੀਆਂ ਨਾਲ ਬੱਝੇ ਜਨਸਮੂਹ ਦੀ ਮਾਨਸਿਕਤਾ ਇਸ ਬਦਲ ਨੂੰ ਪ੍ਰਵਾਨ ਕਰਨ ਦੇ ਅਸਮਰਥ ਰਹੀ। ਉਨ੍ਹਾਂ ਨੂੰ ਇਹ ਕਵੀਆਂ ਤੇ ਇਨ੍ਹਾਂ ਦਾ ਇਹ ਯਤਨ ਸਵੈ-ਉਤਮਤਾ ਅਤੇ ਅਭਿਮਾਨ ਦੀ ਭਾਵਨਾ ਤੋਂ ਪ੍ਰੇਰਿਤ ਜਾਪਿਆ। ਇਸ ਲਹਿਰ ਦੇ ਕਵੀ ਆਪਣੇ ਆਪ ਨੂੰ ਉਤੋਂ ਉਤਰਿਆ ਪੈਗੰਬਰ ਸਮਝਣ ਦੇ ਅਹਿਸਾਸ ਤੋਂ ਮੁਕਤ ਨਾ ਹੋ ਸਕੇ ਅਤੇ ਇਸ ਤਰ੍ਹਾਂ ਸਵੈ-ਉਤਮਤਾ ਦਾ ਅਹਿਸਾਸ ਉਨ੍ਹਾਂ ਨੂੰ ਆਪਣੇ ਹੀ ਵਰਗ ਤੋਂ ਦੂਰ ਲੈ ਗਿਆ। ਪਾਸ਼ ਨੇ ਜਿਥੇ ਆਪਣੇ ਆਪ ਨੂੰ ਸਿੱਖ ਨਾਇਕ ਦੇ ਸਮਰੂਪ ਕਰਨ ਦੀ ਥਾਂ ਉਨ੍ਹਾਂ ਦਾ ਯੋਗ ਵਾਰਿਸ ਦਰਸਾਇਆ ਹੈ ਉਥੇ ਉਸ ਦੀ ਕਵਿਤਾ ਨੇ ਜਨਸਮੂਹ ਨਾਲ ਸਾਂਝ ਪਾਈ ਹੈ। ਉਸ ਨੇ ਮਿਥਿਹਾਸ/ਇਤਿਹਾਸ ਵਿਚ ਪ੍ਰਾਪਤ ਮਿੱਥਾਂ ਤੇ ਘਟਨਾਵਾਂ ਨੂੰ ਵੀ ਆਧੁਨਿਕ ਯੁਗ ਬੋਧ ਦੇ ਰਾਹੀਂ ਬਦਲੇ ਯਥਾਰਥਕ ਸੰਦਰਭ ਵਿੱਚ ਪ੍ਰਗਟਾਇਆ ਹੈ। ਸਵੈ-ਉਤਮਤਾ ਦੀ ਭਾਵਨਾ ਤੋਂ ਪ੍ਰੇਰਤ ਕਵਿਤਾਵਾਂ ਵੀ ਲਿਖੀਆਂ ਹਨ ਅਤੇ ਆਪਣੇ ਇਤਿਹਾਸਕ, ਧਾਰਮਿਕ ਵਿਰਸੇ ਤੋਂ ਪ੍ਰੇਰਣਾ ਤੇ ਬਲ ਦੀ ਮੰਗ ਵੀ ਕੀਤੀ ਹੈ। ਇਸ ਸੰਬੰਧ ਵਿਚ ਉਸਦੀਆਂ ਕਵਿਤਾਵਾਂ 'ਸ਼ਰਧਾਂਜਲੀ', 'ਅੰਤਿਕਾ', 'ਬੇਦਾਵਾ'. ਦੀਆਂ ਕੁਝ ਪੰਗਤੀਆਂ ਪੇਸ਼ ਕੀਤੀਆਂ ਜਾ ਸਕਦੀਆਂ ਹਨ :

ਸਿਰਫ ਇਕ ਅਣਹੋਣੀ ਕਰਨ ਲਗੇ ਹਾਂ
ਇਹ ਸੱਜਣਾਂ ਭੂਮੀਆਂ ਦੀ ਫੌਜ
ਹੱਥਾਂ ਵਿਚ ਐਤਕਾਂ ਮਸ਼ੀਨਗੰਨਾਂ ਲੈ ਕੇ ਨਿਕਲ ਆਈ ਹੈ
ਹੁਣ ਲੈਚਰ ਦਾ ਅੰਮ੍ਰਿਤ ਕਾਰਗਰ ਨਹੀਂ ਹੋਣਾ
ਤੇ ਤੈਥੋਂ ਕਦੀ ਨਾਬਰ ਨਹੀਂ, ਤੂੰ ਜਾਣੀ ਜਾਣ ਏਂ,
ਅਸੀਂ ਲੋਹੇ ਤੇ ਪਾਣੀ ਦੀ ਬਰਖਾ ਕਰਨ ਲੱਗੇ ਹਾਂ

(ਸ਼ਰਧਾਂਜਲੀ, 'ਲੋਹ ਕਥਾ', ਪੰਨੇ 50–51)

ਅਸੀਂ ਜੰਮਣਾ ਨਹੀਂ ਸੀ
ਅਸੀਂ ਲੜਨਾ ਨਹੀਂ ਸੀ
ਅਸੀਂ ਤੇ ਬਹਿ ਕੇ ਹੇਮਕੁੰਟ ਤੇ
ਭਗਤੀ ਕਰਨੀ ਸੀ
ਤੇ ਫਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਕਹਿ ਉਠਿਆ
ਚੱਲ ਪਈ ਸੰਤ (ਸੰਧੂ)
ਧਰਤੀ ਤੇ ਚੱਲੀਏ
ਪਾਪਾਂ ਦਾ ਭਾਰ ਵਧਦਾ ਜਾ ਰਿਹਾ ਹੈ
ਇਹ ਲਵੋ ਸਾਡਾ ਜ਼ਫ਼ਰਨਾਮਾਂ
ਸਾਨੂੰ ਸਾਡੇ ਹਿੱਸੇ ਦੇ ਕਟਾਰ ਦੇਵੋ
ਅਸਾਡਾ ਪੇਟ ਹਾਜ਼ਰ ਹੈ

(ਅੰਤਿਕਾ, 'ਲੋਹ ਕਥਾ', ਪੰਨਾ 64)

ਮਨੁੱਖੀ ਸੁਤੰਤਰਤਾ ਜੁਝਾਰ ਵਿਦਰੋਹੀ ਕਾਵਿ-ਧਾਰਾ ਦਾ ਮੂਲ ਪ੍ਰੇਰਣਾਮਈ ਲਖਸ਼ ਹੈ। ਇਹ ਲਹਿਰ ਅਖੌਤੀ ਆਜ਼ਾਦੀ ਨੂੰ ਵਾਸਤਵਿਕ ਆਜ਼ਾਦੀ ਦੇ ਰੂਪ ਵਿਚ ਬਦਲਣ ਲਈ ਵਿਦਰੋਹ ਅਤੇ ਕ੍ਰਾਂਤੀ ਦਾ ਨਾਅਰਾ ਬੁਲੰਦ ਕਰਦੀ ਹੈ। ਇਸੇ ਕਰਕੇ ਗੁਰੂ ਗੋਬਿੰਦ ਸਿੰਘ, ਬਾਬਾ ਦੀਪ ਸਿੰਘ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਵਰਗੇ ਮਹਾਨ ਸੂਰਮੇ ਇਸ ਧਾਰਾ ਦੇ ਪ੍ਰੇਰਣਾ-ਨਾਇਕ ਬਣਦੇ ਹਨ। ਕਰਮਜੀਤ ਸਿੰਘ ਅਨੁਸਾਰ :

> ਜਿਥੇ ਗੁਰੂ ਗੋਬਿੰਦ ਸਿੰਘ ਤੇ ਬਾਬਾ ਦੀਪ ਸਿੰਘ ਇਸ ਲਹਿਰ ਨੂੰ ਸੰਸਕ੍ਰਿਤਕ ਆਧਾਰ ਬਖ਼ਸ਼ਦੇ ਤੇ ਜ਼ਾਤੀ ਅਵਚੇਤਨ ਦੇ ਵਿਰਸੇ ਨਾਲ ਜੋੜਦੇ ਹਨ ਉਥੇ ਇਨ੍ਹਾਂ ਸ਼ਹੀਦ ਨਾਇਕਾਂ ਦੀ ਅਰਾਧਨਾਂ ਇਸ ਲਹਿਰ ਦੀਆਂ ਆਤੰਕਵਾਦੀ ਤੇ ਬਦਲਾ ਲਊ ਹਿੰਸਾਤਮਕ ਕਾਰਵਾਈਆਂ ਨੂੰ ਤਰਕ ਸਿਧੀ ਦਾ ਆਧਾਰ ਪ੍ਰਦਾਨ ਕਰਦੀ ਹੈ।[10]

ਪਾਸ਼ ਨੇ ਆਪਣੀ ਕਵਿਤਾ ਵਿਚ ਇਨ੍ਹਾਂ ਨਾਇਕਾਂ ਨੂੰ ਦੇਸ਼ ਵਿਚ ਇਨਕਲਾਬ ਤੇ ਕ੍ਰਾਂਤੀ ਲਿਆਉਣ ਲਈ ਪ੍ਰੇਰਣਾ ਦੇ ਸਰੋਤ ਵਜੋਂ ਸਵੀਕਾਰ ਕੀਤਾ ਹੈ।

ਮਾਰਕਸਵਾਦੀ ਸਿਧਾਂਤ ਦੇ ਸਮਰਥਕ ਹੋਣ ਕਰਕੇ ਜੁਝਾਰ ਕਵੀਆਂ ਨੂੰ ਇਨਕਲਾਬ ਲਈ ਸੰਘਰਸ਼ ਕਰ ਰਹੀ ਪ੍ਰੋਲੇਤਾਰੀ ਸ਼੍ਰੇਣੀ ਦੀ ਭਵਿਖ ਵਿਚ ਹੋਣ ਵਾਲੀ ਜਿੱਤ ਵਿਚੋਂ ਵੀ ਅਟੱਲ ਵਿਸ਼ਵਾਸ਼ ਹੈ। ਇਨ੍ਹਾਂ ਕਵੀਆਂ ਦਾ ਇਹ ਵਿਸ਼ਵਾਸ਼ ਕਈ ਵਾਰ ਰੁਮਾਂਸ ਦੀ ਨੀਂਹ ਤੇ ਉਸਰਿਆ ਜਾਪਦਾ ਹੈ। ਕਵਿਤਾ ਦੀਆਂ ਨਿਮਨਅੰਕਿਤ ਪੰਕਤੀਆਂ ਪਾਸ਼ ਦੇ ਇਸੇ ਵਿਚਾਰ ਨੂੰ ਪ੍ਰਮਾਣਿਤ ਕਰਦੀਆਂ ਹਨ :

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ
ਨੱਚੇਗਾ ਅੰਬਰ ਭੂਮੀ-ਗਾਊ ਹਾਣੀਆਂ
ਰੋਲੂ ਨਾ ਕੋਈ ਪੈਰੀਂ ਸਧਰਾਂ ਕੁਆਰੀਆਂ
ਦਿਲ ਤੇ ਗਰੀਬ ਦੇ ਨਾ ਫੇਰੂ ਆਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਰੂ ਨਾ ਕਈ ਕਿਸ ਨੂੰ ਡਰਾਊ ਹਾਣੀਆਂ
ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ
ਮਜ਼ਹਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ
ਦੁਨੀਆਂ ਤੇ ਇਕੋ ਹੀ ਜਮਾਤ ਹੋਏਗੀ
ਰੋਜ਼ ਹੀ ਦਿਵਾਲੀ ਵਾਲੀ ਰਾਤ ਹੋਏਗੀ
ਰੱਜ ਰੱਜ ਖਾਣਗੇ ਕਮਾਊ ਹਾਣੀਆਂ

(ਗੀਤ, 'ਉਡਦੇ ਬਾਜਾਂ ਮਗਰ', ਪੰਨੇ 58–59)

ਇਹ ਰੁਮਾਂਟਿਕ ਸਥਿਤੀ ਕਈ ਵਾਰ ਸੰਘਰਸ਼ ਦੀ ਆਧਾਰ ਭੂਮੀ ਤੋਂ ਟੁੱਟੀ ਹੋਈ ਜ਼ਾਪਦੀ ਹੈ। ਇਸ ਸੰਬੰਧੀ ਟਿੱਪਣੀ ਕਰਦੇ ਹੋਏ ਕਰਮਜੀਤ ਸਿੰਘ ਨੇ ਲਿਖਿਆ ਹੈ :

> ਵਿਦਰੋਹ ਦੀ ਤੀਬਰਤਾ ਦਾ ਕ੍ਰਾਂਤੀ ਦੀ ਰੋਮਾਂਟਿਕ ਸੰਭਾਵਨਾ ਦੇ ਰੂਪ ਵਿਚ ਪ੍ਰਗਟ ਹੋਣਾ ਨਿਸਚੇ ਹੀ ਜੁਝਾਰ ਵਿਦਰੋਹੀ-ਧਾਰਾ ਦੇ ਵਿਦਰੋਹੀ ਅਨੁਭਵ ਦੀ ਢਲਾਣ ਨੂੰ ਪ੍ਰਮਾਣਿਤ ਕਰਦਾ ਹੈ। ਢਲਾਣ ਦੀ ਅਵਸਥਾ ਵਿਚ ਹੀ ਇਸ ਧਾਰਾ ਨੇ ਪ੍ਰਗਤੀਵਾਦੀ ਵਿਚਾਰਧਾਰਾ ਦੀ ਰੋਮਾਂਟਿਕ ਇਨਕਲਾਬ ਦੀ ਰੂੜ੍ਹੀ ਨੂੰ ਦੁਹਰਾਉਣ ਦਾ ਸੰਕਲਪ ਕੀਤਾ ਹੈ ਇਹ ਰੂੜ੍ਹੀ ਨਾ ਕੇਵਲ ਰੁਮਾਂਟਿਕ ਕਲਪਨਾ ਦੀ ਪੱਧਰ ਤੇ ਕ੍ਰਾਂਤੀ ਦਾ ਸੰਭਾਵੀ ਰੂਪ ਹੀ ਪੇਸ਼ ਕਰਦੀ ਹੈ ਸਗੋਂ ਅਨੁਭਵ ਦੀ ਥਾਂ ਸਾਂਝੀਵਾਲਤਾ ਦੇ ਸੁਪਨੇ ਦਾ ਆਧਾਰ ਬਣਾਉਣ ਦੀ ਪ੍ਰੇਰਣਾ ਵੀ ਦਿੰਦੀ ਸੀ।[11]

ਪਰ ਇਹ ਰੁਮਾਂਟਿਕ ਦ੍ਰਿਸ਼ਟੀ ਪੂਰਨ ਰੂਪ ਵਿਚ ਪਾਸ਼ ਦੀ ਸਮੁੱਚੀ ਕਾਵਿ ਰਚਨਾ ਵਿਚ ਦ੍ਰਿਸ਼ਟੀਗੋਚਰ ਨਹੀਂ ਹੁੰਦੀ ਉਸ ਦੀਆਂ ਕੁਝ ਕਵਿਤਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਸੰਘਰਸ਼ ਦੇ ਅਮਲੀ ਸਰੂਪ ਦੀ ਪਹਿਚਾਣ ਸਥਾਪਿਤ ਕੀਤੀ ਗਈ ਹੈ :

ਤੁਸੀਂ ਅਸਮਾਨ ਉਤੇ ਲਿਖੇ ਨਾਵਾਂ ਵਿਚੋਂ
ਆਪਣਾ ਨਾਮ ਲੱਭਦੇ ਹੋ
ਹਵਾ ਤਸਦੀਕ ਕਰਦੀ ਹੈ
ਤੇ ਪੰਦੇ ਜਸ਼ਨ ਕਰਦੇ ਹਨ
ਇੰਜ ਸ਼ੁਰੂ ਹੁੰਦਾ ਹੈ, ਜ਼ਿੰਦਗੀ ਦਾ ਅਮਲ ਫਿਰ ਤੋਂ
ਫਿਰ ਉਹੀ ਸੰਘਰਸ਼ ਦੀ ਕਥਾ, ਰੂਹ ਪਹਿਚਾਣ ਲਈ
ਫਿਰ ਉਹ ਲੋਕਾਂ ਦਾ ਜੰਗਲ ਗਵਾਚ ਜਾਣ ਲਈ
ਫਿਰ ਉਹ ਖੁੱਲ੍ਹੀਆਂ ਅੱਖਾਂ
ਫਿਰ ਉਹ ਜਿੱਤ ਦੀ ਉਮੀਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਜ ਸ਼ੁਰੂ ਹੁੰਦਾ ਹੈ
ਜ਼ਿੰਦਗੀ ਦਾ ਅਮਲ ਫਿਰ

(ਰਿਹਾਈ : ਇਕ ਪ੍ਰਭਾਵ, 'ਲੜਾਂਗੇ ਸਾਥੀ', ਪੰਨਾ 33)

ਸਮਾਜਕ ਰਾਜਸੀ ਆਦਰਸ਼ ਨੂੰ ਸਨਮੁਖ ਰੱਖਦੀ ਇਹ ਕਵਿਤਾ ਬੁਰਜੂਆ ਸਾਂਸਕ੍ਰਿਤਕ ਚਿੰਨ੍ਹਕਾਂ ਤੇ ਭਾਰੀ ਵਿਸਫੋਟ ਕਰਦੀ ਹੈ। ਜੁਝਾਰ ਵਿਦਰੋਹੀ ਕਵਿਤਾ ਦੀ ਸਭ ਤੋਂ ਬਲਵਾਨ ਕ੍ਰਾਂਤੀਕਾਰੀ ਭੂਮਿਕਾ ਹੀ ਇਸੇ ਵਿਚ ਹੈ ਕਿ ਇਹ ਕਵਿਤਾ ਸਥਾਪਿਤ ਸਮਾਜਕ ਪਹਿਲੂਆਂ ਨਾਲ ਸੰਬੰਧਿਤ ਖੋਖਲੇ ਸਾਰਹੀਨ, ਸਥਿਰ, ਚਿੰਨ੍ਹਕਾਂ ਤੇ ਵਿਸਫੋਟ ਕਰਦੀ ਹੈ। ਅਜਿਹੇ ਕ੍ਰਾਂਤੀਕਾਰੀ ਵਿਸਫੋਟ ਰਾਹੀਂ ਹੀ ਕ੍ਰਾਂਤੀਕਾਰੀ ਚੇਤਨਾ ਦਾ ਨਿਰਮਾਣ ਹੋ ਸਕਦਾ ਹੈ। ਪਾਸ਼ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਜਿਵੇਂ 'ਯੁੱਧ ਤੇ ਸ਼ਾਂਤੀ', 'ਆਪਣੀ ਅਸੁਰਖਿਅਤਾ ਚੋਂ' ਆਦਿ ਵਿਚ ਬੁਰਜੂਆ ਸਾਂਸਕ੍ਰਿਤਕ ਚਿੰਨ੍ਹਕਾਂ ਤੇ ਵਿਸਫੋਟ ਕਰਨ ਅਤੇ ਉਨ੍ਹਾਂ ਦੇ ਅਰਥ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਹੈ। ਹੇਠ ਲਿਖੀਆਂ ਕਾਵਿ ਪੰਗਤੀਆਂ ਉਸ ਦੇ ਇਨ੍ਹਾਂ ਵਿਚਾਰਾਂ ਦੀ ਹੀ ਪੇਸ਼ਕਾਰੀ ਕਰਦੀਆਂ ਹਨ, ਜਿਵੇਂ :

ਜਦ ਵੀ ਕੋਈ ਸਮੁੱਚੇ ਭਾਰਤ ਦੀ
ਕੌਮੀ ਏਕਤਾ ਦੀ ਗੱਲ ਕਰਦਾ ਹੈ
ਤਾਂ ਮੇਰਾ ਚਿਤ ਕਰਦਾ ਹੈ
ਉਸ ਦੀ ਟੋਪੀ ਉਛਾਲ ਦਿਆਂ
ਉਸ ਨੂੰ ਦਸਾਂ ਕਿ ਭਾਰਤ ਦੇ ਅਰਥ
ਕਿਸੇ ਦੁਸ਼ਿਅੰਤ ਨਾਲ ਸੰਬੰਧਿਤ ਨਹੀਂ
ਸਗੋਂ ਖੇਤਾਂ ਵਿਚ ਸਥਿਤ ਹਨ
ਜਿਥੇ ਅੰਨ ਉਗਦਾ ਹੈ
ਸੰਨਾਂ ਲਗਦੀਆਂ ਹਨ

(ਭਾਰਤ, 'ਲੋਹ ਕਥਾ', ਪੰਨਾ 5)

ਇਸ ਤਰ੍ਹਾਂ ਇਸ ਕਵਿਤਾ ਵਿਚ ਕਵੀ ਨੇ ਦੇਸ਼ ਤੇ ਦੇਸ਼ ਭਗਤੀ, ਸੰਵਿਧਾਨ, ਕਾਨੂੰਨ ਅਮਨ ਤੇ ਯੁੱਧ ਆਦਿ ਬਹੁਤ ਸਾਰੇ ਸੰਕਲਪਾਂ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕੀਤਾ ਹੈ। ਦੇਖਿਆ ਜਾਵੇ ਤਾਂ ਇਹ ਮਿੱਥ ਦਾ ਰੂਪ ਧਾਰਨ ਕਰ ਗਏ ਸੰਕਲਪਾਂ ਦਾ ਵਿਆਪਕ ਪੱਧਰ ਤੇ ਵਿਸਫੋਟ ਇਸ ਧਾਰਾ ਦੀ ਇਤਿਹਾਸਕ ਤੇ ਵਿਚਾਰਧਾਰਕ ਲੋੜ ਸੀ ਕਿਉਂਕਿ ਇਸ ਤੋਂ ਬਿਨਾਂ ਕ੍ਰਾਂਤੀ ਦੀ ਭਾਵਨਾ ਦਾ ਤੀਬਰ ਸੰਚਾਰ ਹੋਣਾ ਕਠਿਨ ਸੀ।

ਪਾਸ਼ ਦੀਆਂ ਹੇਠ ਲਿਖੀਆਂ ਕਾਵਿ ਪੰਗਤੀਆਂ ਪੁਰਾਤਨ ਰਵਾਇਤੀ ਚਿੰਨ੍ਹਕਾਂ ਦੇ ਨਵੇਂ ਅਰਥਾਂ ਨੂੰ ਸਥਾਪਿਤ ਕਰਦੀਆਂ ਹਨ, ਜਿਵੇਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਂ ਸਿਧ ਕਰ ਸਕਦਾ ਹਾਂ
ਕਿ ਦੋ ਤੇ ਦੋ ਤਿੰਨ ਹੁੰਦੇ ਹਨ
ਵਰਤਮਾਨ ਮਿਥਿਹਾਸ ਹੁੰਦਾ ਹੈ
ਮਨੁੱਖੀ ਸ਼ਕਲ ਚਮਚੇ ਵਰਗੀ ਹੁੰਦੀ ਹੈ

(ਦੋ ਤੇ ਦੋ ਤਿੰਨ, 'ਲੋਹ ਕਥਾ', ਪੰਨਾ 11)

ਤੇ ਐ ਹਕੂਮਤ ਆਪਣੀ ਪੁਲੀਸ ਨੂੰ ਪੁੱਛ ਕੇ ਇਹ ਦਸ
ਕਿ ਸੀਖਾਂ ਅੰਦਰ ਮੈਂ ਕੈਦ ਹਾਂ
ਜਾਂ ਸੀਖਾਂ ਤੋਂ ਬਾਹਰ ਇਹ ਸਿਪਾਹੀ ?

(ਸਮਾਂ ਕੋਈ ਕੁੱਤਾ ਨਹੀਂ, 'ਲੋਹ ਕਥਾ', ਪੰਨਾ 28)

ਧਰਤੀ ਰੋਟੀ ਦੇ ਵਰਗੀ ਨਹੀਂ ਹੈ, ਗੇਂਦ ਵਰਗੀ ਹੈ

(ਜਿਥੇ ਕਵਿਤਾ ਖ਼ਤਮ ਨਹੀਂ ਹੁੰਦੀ, 'ਸਾਡੇ ਸਮਿਆਂ ਵਿਚ', ਪੰਨਾ 2)

ਹਰ ਸਚਾਈ ਕੇਵਲ ਛਾਂਗੀ ਹੋਈ ਡਾਂਡ ਹੁੰਦੀ ਹੈ

(ਉਹੀ, ਪੰਨਾ 3)

ਇਸੇ ਤਰ੍ਹਾਂ 'ਯੁਧ ਤੇ ਸ਼ਾਂਤੀ' ਨਜ਼ਮ ਵਿਚ ਉਹ ਯੁਧ ਤੇ ਸ਼ਾਂਤੀ ਦੇ ਸ਼ਬਦਾਂ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕਰਦਾ ਹੋਇਆ ਕਹਿੰਦਾ ਹੈ :

ਸ਼ਾਂਤੀ :

ਸ਼ਾਂਤੀ ਵੀਣੀ 'ਚ ਖੁਭੀ ਵੰਗ ਦਾ ਹੰਝੂ ਦੇ ਜੇਡਾ ਜ਼ਖਮ ਹੈ
ਸ਼ਾਂਤੀ ਢੋਏ ਹੋਏ ਫਾਟਕ ਦੇ ਪਿਛੇ
ਮੱਛਰੀਆਂ ਹਵੇਲੀਆਂ ਦਾ ਹਾਸਾ
ਸ਼ਾਂਤੀ ਸੱਥਾਂ 'ਚ ਰੁਲਦੀਆਂ ਦਾਹੜੀਆਂ ਦਾ ਹਉਕਾ ਹੈ
ਹੋਰ ਸ਼ਾਂਤੀ ਕੁਝ ਨਹੀਂ ਹੈ...

ਸ਼ਾਂਤੀ ਚਗਲੇ ਹੋਏ ਵਿਦਵਾਨਾਂ ਦੇ ਮੂੰਹਾਂ ਚੋਂ ਡਿੱਗਦੀ ਰਾਲ੍ਹ ਹੈ
ਸ਼ਾਂਤੀ ਪੁਰਸਕਾਰ ਲੈਂਦੇ ਕਵੀਆਂ ਦੀਆਂ ਵਧੀਆਂ ਹੋਈਆਂ ਬਾਹਾਂ ਦਾ
ਟੁੰਡ ਹੈ
ਸ਼ਾਂਤੀ ਵਜ਼ੀਰਾਂ ਦੇ ਪਹਿਨੇ ਹੋਏ ਖੱਦਰ ਦੀ ਚਮਕ ਹੈ
ਸ਼ਾਂਤੀ ਹੋਰ ਕੁਝ ਨਹੀਂ ਹੈ
ਜਾਂ ਸ਼ਾਂਤੀ ਗਾਂਧੀ ਦਾ ਜਾਂਘੀਆ ਹੈ।

(ਯੁੱਧ ਤੇ ਸ਼ਾਂਤੀ, 'ਸਾਡੇ ਸਮਿਆਂ ਵਿਚ', ਪੰਨੇ 27-29)

ਜ਼ਿੰਦਗੀ ਤੇ ਪਿਆਰ ਦੇ ਨਵੇਂ ਅਰਥ ਸਥਾਪਿਤ ਕਰਦਾ ਲਿਖਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿੰਦਗੀ ਜੋ ਗੁਲਸ਼ਨ ਨੰਦਾ ਦਾ ਨਾਵਲ ਨਹੀਂ
ਪਹਾੜੀ ਸੜਕ ਵਾਕੁਰ ਕਠਿਨ ਹੁੰਦੀ ਹੈ।
(ਤੇਰੇ ਕੋਲ, 'ਉਡਦੇ ਬਾਜਾਂ ਮਗਰ', ਪੰਨਾ 52)

ਅਤੇ
ਪਿਆਰ ਕਰਨਾ ਬੜਾ ਸਹਿਜ ਹੈ
ਜਿਵੇਂ ਜ਼ੁਲਮ ਨੂੰ ਸਹਾਰਦੇ ਹੋਇਆਂ
ਆਪਣੇ ਆਪ ਨੂੰ ਲੜਾਈ ਲਈ ਤਿਆਰ ਕਰਨਾ,
(ਮੈਂ ਹੁਣ ਵਿਦਾ ਹੁੰਦਾ ਹਾਂ, 'ਸਾਡੇ ਸਮਿਆਂ ਵਿਚ', ਪੰਨਾ 8)

ਇਸ ਤਰ੍ਹਾਂ ਪ੍ਰਚਲਿਤ ਅਰਥਾਂ ਨੂੰ ਨਕਾਰਨ ਵਾਲੇ ਜੋਸ਼ ਵਿਚੋਂ ਕਵੀ ਦੀ ਮੌਜੂਦਾ ਯਥਾਰਥਕ ਸਥਿਤੀ ਨੂੰ ਬਦਲਣ ਦੀ ਇੱਛਾ ਰੂਪਮਾਨ ਹੁੰਦੀ ਹੈ। ਵਰਤਮਾਨ ਸਮਾਜਕ, ਆਰਥਿਕ, ਰਾਜਨੀਤਕ ਵਿਵਸਥਾ ਦੇ ਅਣਸੁਖਾਵੇਪਨ ਦੇ ਫਲਸਰੂਪ ਹਰ ਪ੍ਰਕਾਰ ਦੀ ਸਥਾਪਤੀ ਉਤੋਂ ਵਿਸ਼ਵਾਸ਼ ਟੁੱਟ ਜਾਣ ਦਾ ਅਮਲ ਆਰੰਭ ਹੁੰਦਾ ਹੈ ਜਿਸ ਨਾਲ ਸੰਦੇਹ ਤੇ ਅਸੰਤੁਸ਼ਟੀ ਦਾ ਵਾਤਾਵਰਣ ਉਸਰਦਾ ਹੈ। ਅਸੰਤੁਸ਼ਟੀ ਰੋਹ ਨੂੰ ਜਨਮ ਦਿੰਦੀ ਹੈ। ਪਾਸ਼ ਦੀਆਂ ਬਹੁਗਿਣਤੀ ਕਵਿਤਾਵਾਂ ਅਜਿਹੇ ਅਨੁਭਵਾਂ ਅਤੇ ਉਨ੍ਹਾਂ ਤੋਂ ਉਤਪੰਨ ਹੋਈ ਚੇਤਨਾ ਦੀ ਪ੍ਰਸਤੁਤੀ ਕਰਦੀਆਂ ਹਨ।

ਜੁਝਾਰ ਵਿਦਰੋਹੀ ਕਵਿਤਾ ਪਰੰਪਰਾਵਾਦੀ ਵਿਚਾਰਾਂ ਨੂੰ ਵਿਅੰਗ ਸ਼ੈਲੀ ਰਾਹੀਂ ਨਵੇਂ ਅਰਥ ਪ੍ਰਦਾਨ ਕਰਦੀ ਹੈ। ਵਿਅੰਗ-ਦ੍ਰਿਸ਼ਟੀ ਰਾਹੀਂ ਇਸ ਧਾਰਾ ਦੇ ਕਵੀ ਸਥਾਪਤੀ ਦੇ ਹਰ ਰੂਪ ਨੂੰ ਟੇਢ ਨਾਲ ਵੇਖਦੇ ਹਨ। ਅੱਜ ਦੇ ਜੁੱਗ ਵਿਚ ਸਥਾਪਤੀ ਦੇ ਵਿਰੁੱਧ ਆਵਾਜ਼ ਉਠਾਉਣੀ ਕੋਈ ਸੌਖੀ ਗੱਲ ਨਹੀਂ ਹੈ। ਇਸ ਕੰਮ ਲਈ ਵਿਲੱਖਣ ਸਾਹਸ ਤੇ ਪ੍ਰਤਿਭਾ ਦੀ ਲੋੜ ਹੁੰਦੀ ਹੈ। ਪਾਸ਼ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਸਮਾਜਕ ਤੇ ਰਾਜਨੀਤਕ ਤੌਰ ਤੇ ਸੱਤਾਧਾਰੀ ਵਰਗ ਦੀਆਂ ਬੁਰਾਈਆਂ ਨੂੰ ਭੰਡਣ ਲਈ ਬੜੇ ਸੁਚੱਜੇ ਢੰਗ ਨਾਲ ਵਿਅੰਗ ਦੀ ਵਰਤੋਂ ਕੀਤੀ ਹੈ। ਪਾਸ਼ ਕਾਵਿ ਵਿਚ, ਖੁਰਦਰੀ, ਨੁਕੀਲੀ ਤੇ ਖਰ੍ਹਵੀ ਪ੍ਰਕ੍ਰਿਤੀ ਵਾਲਾ ਵਿਅੰਗ ਕਵੀ ਤੇ ਸਮਾਜਕ, ਰਾਜਨੀਤਕ ਮਨੋਰਥ ਦੇ ਅਨੁਕੂਲ ਜੁਗਤ ਵਜੋਂ ਸਥਾਪਤ ਹੁੰਦਾ ਹੈ। ਬਲਜੀਤ ਕੌਰ ਅਨੁਸਾਰ :

> ਪਾਸ਼ ਕਾਵਿ ਵਿਚ ਵਿਅੰਗ ਬਹੁਪਰਤੀ ਚੋਭ ਵਾਲੀ ਵਿਧੀ ਸਾਬਿਤ ਹੋਈ ਹੈ। ਸਮਾਜਕ ਰਾਜਨੀਤਕ ਪ੍ਰਬੰਧ ਵਿਚ ਵਿਰੋਧੀ ਧਿਰਾਂ ਦੀ ਅਸਾਂਵੀ ਸਥਿਤੀ ਸ਼ਕਤੀਸ਼ਾਲੀ ਵਰਗ ਦੀ ਅਗਿਆਨਤਾ ਤੇ ਬੇਬਸੀ ਦੇ ਵੇਰਵੇ ਆਪਣੇ ਆਪ ਵਿਚ ਵਿਅੰਗ ਪੂਰਨਤਾ ਛੁਪਾਈ ਬੈਠੇ ਹਨ।[12]

ਪਾਸ਼ ਵਿਅੰਗ ਦੇ ਸਵਰ ਰਾਹੀਂ ਯਥਾਰਥ ਦੇ ਕ੍ਰਾਂਤੀਸ਼ੀਲ ਪਰਿਵਰਤਨ ਦੇ ਪ੍ਰਸੰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਮਨੁੱਖੀ ਹੈਸੀਅਤ ਦੀ ਦੁਖਾਂਤਕ ਹੋਣੀ ਨੂੰ ਪੇਸ਼ ਕਰਦਾ ਹੈ ਅਤੇ ਇਹ ਦੁਖਾਂਤਕ ਹੋਣੀ ਸਹਿਜੇ ਹੀ ਉਸਦੀ ਕਲਮ ਵਿਚ ਵਿਦਰੋਹ ਪੈਦਾ ਕਰਦੀ ਹੈ। ਆਪਣੀ ਕਵਿਤਾ 'ਇਨਕਾਰ' ਵਿਚ ਉਹ ਦੋ ਵਿਰੋਧੀ ਧਿਰਾਂ ਦੀ ਉਸਾਰੀ ਕਰਕੇ ਵਿਅੰਗ ਦ੍ਰਿਸ਼ਟੀ ਰਾਹੀਂ ਆਪਣੇ ਵਰਗ ਦੀ ਵੱਖਰੀ ਪਹਿਚਾਣ ਸਥਾਪਿਤ ਕਰਨ ਦਾ ਯਤਨ ਕਰਦਾ ਹੈ। ਉਹ ਇਸ ਕਵਿਤਾ ਵਿਚ ਦੋਹਾਂ ਵਰਗਾਂ ਦੇ ਸਵਾਦਾਂ ਵਿਚ ਵਿਰੋਧ ਥਾਪਦਾ ਹੋਇਆ ਕਹਿੰਦਾ ਹੈ :

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ...

ਮੈਂ ਦਲਾਨ ਦੇ ਖੂੰਜੇ 'ਚ ਪਈ ਸੌਣੀ ਦੀ ਫ਼ਸਲ
ਤੇ ਦਲਾਨ ਦੇ ਬੂਹੇ ਤੇ ਖੜੇ ਸਿਆਲ ਦੀ ਹੀ ਗੱਲ ਕਰਾਂਗਾ

(ਇਨਕਾਰ, 'ਸਾਡੇ ਸਮਿਆਂ ਵਿਚ', ਪੰਨਾ ੳ)

'ਕਲਾਮ ਮਿਰਜ਼ਾ' ਕਵਿਤਾ ਵਿਚ ਪਾਸ਼ ਨੇ ਇਤਿਹਾਸ ਦੇ ਸੰਦਰਭ ਵਿਚ ਸਮਕਾਲੀ ਪਰਿਸਥਿਤੀਆਂ ਨੂੰ ਬਿਆਨਣ ਦਾ ਯਤਨ ਕੀਤਾ ਹੈ। ਸਮਕਾਲੀ ਯੁੱਗ ਪਦਾਰਥਵਾਦ ਦਾ ਯੁੱਗ ਹੈ ਜਿਸ ਵਿਚ ਸੋਚ ਵੇਲਾ ਵਿਹਾ ਚੁੱਕੀ ਪ੍ਰਤੀਤ ਹੁੰਦੀ ਹੈ। ਅਜਿਹੀ ਰੁਮਾਂਚਿਕ ਸੋਚ ਤੇ ਵਿਅੰਗ ਕਰਦਾ ਹੋਇਆ ਪਾਸ਼ ਲਿਖਦਾ ਹੈ :

ਪਰ ਸ਼ਾਇਦ ਹੁਣ
ਸਭ ਕੁਝ ਪਹਿਲੇ ਜਿਹਾ ਨਾ ਹੋਵੇ
ਹੋ ਸਕਦੈ ਕਿ ਤੈਨੂੰ ਕੱਢਣ ਤੋਂ ਪਹਿਲਾਂ
ਮੈਨੂੰ ਰੋਟੀ ਉਧਾਲ ਲਏ

(ਕਲਾਮ ਮਿਰਜ਼ਾ, ਉਹੀ, ਪੰਨਾ 43)

ਰੋਟੀ ਦੀ ਸਮੱਸਿਆ ਨਾਲ ਜੂਝਦੇ ਰਹਿਣਾ ਸਮਾਜ ਦੇ ਆਰਥਿਕ ਤੌਰ ਤੇ ਪਛੜੇ ਹੋਏ ਵਰਗ ਦੀ ਸਥਿਤੀ ਦਾ ਸਭ ਤੋਂ ਵੱਡਾ ਦੁਖਾਂਤ ਹੈ। ਇਸ ਸਮੱਸਿਆ ਦੀ ਸ਼ਿੱਦਤ ਇਸ ਵਰਗ ਦੇ ਅਮਲ ਤੇ ਆਦਰਸ਼ ਦੀਆਂ ਸੰਭਾਵਨਾਵਾਂ ਨੂੰ ਨਿਗਲ ਲੈਂਦੀ ਹੈ। 'ਚਿੜੀਆਂ ਦਾ ਚੰਬਾ', 'ਛੰਨੀ' ਆਦਿ ਉਸ ਦੀਆਂ ਕਵਿਤਾਵਾਂ ਵਿਚ ਅਜਿਹੀ ਹੀ ਸਥਿਤੀ ਦਾ ਵਿਅੰਗਮਈ ਚਿਤ੍ਰਣ ਕੀਤਾ ਗਿਆ ਹੈ।

ਪਾਸ਼ ਨੇ ਆਪਣੀਆਂ ਕਵਿਤਾਵਾਂ ਵਿਚ ਸਥਾਪਤੀ ਦੇ ਜ਼ਰ ਖਰੀਦ ਸਾਹਿਤਕਾਰਾਂ ਉਪਰ ਵੀ ਵਿਅੰਗ ਕੀਤਾ ਹੈ, ਜਿਨ੍ਹਾਂ ਨੂੰ ਖਰੀਦ ਕੇ ਸਰਕਾਰੀ ਲੋਕ ਜੋ ਚਾਹੁਣ ਕਰਵਾਉਂਦੇ ਹਨ ਉਦਾਹਰਣ ਲਈ ਪਾਸ਼ ਦੀ ਨਜ਼ਮ 'ਕਲਾਮ ਮਿਰਜ਼ਾ' ਵਿਚੋਂ ਕੁਝ ਪੰਗਤੀਆਂ ਲਈਆਂ ਜਾ ਸਕਦੀਆਂ ਹਨ, ਜਿਵੇਂ :

ਤੇ ਪੀਲੂ ਸ਼ਾਇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਜ ਕੱਲ੍ਹ ਵਿਸ਼ਵ ਵਿਦਿਆਲੇ ਵਿਚ ਨੌਕਰੀ ਤੇ ਲੱਗ ਗਿਆ ਹੈ
ਸ਼ਾਇਦ ਉਹ ਮੇਰੇ ਕਤਲ ਨੂੰ
ਨਿਗੂਣੀ ਜਿਹੀ ਘਟਨਾ ਕਰਾਰ ਦੇਵੇ ਤੇ ਸ਼ਤਾਬਦੀਆਂ ਲਈ
ਕਿਰਾਏ ਦੀਆਂ ਨਜ਼ਮਾਂ ਰਹੇ ਲਿਖਦਾ

(ਉਹੀ, ਪੰਨਾ 43)

ਨਕਸਲਵਾਦੀ ਸਿਧਾਂਤ ਅਨੁਸਾਰ ਸਰਮਾਏਦਾਰੀ ਨਿਜ਼ਾਮ ਵਿਚ ਵੋਟਾਂ ਵੀ ਲੋਕਤੰਤਰ ਦੇ ਨਾਂ ਤੇ ਲੋਕਾਂ ਦੀ ਲੁੱਟ ਕਰਨ ਦਾ ਇਕ ਢੰਗ ਹਨ। ਪੈਦਾਵਾਰ ਦੇ ਸਾਧਨਾਂ ਉਤੇ ਸਰਮਾਏਦਾਰੀ ਵਰਗ ਦਾ ਕਬਜ਼ਾ ਹੋਣ ਕਾਰਨ ਚੋਣਾਂ ਵਿਚ ਵੀ ਇਹ ਵਰਗ ਲੋਕਾਂ ਨੂੰ ਧੋਖਾ ਦੇਂਦਾ ਹੈ। ਇਹ ਲੋਕ ਆਪਣੇ ਸਰਮਾਏ ਦੇ ਸਿਰ ਤੇ ਹਰ ਪੰਜ ਸਾਲ ਬਾਅਦ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ ਅਤੇ ਇਸ ਨਾਲ ਲੋਕਾਂ ਦੀ ਇਨਕਲਾਬੀ ਮਾਨ-ਸ਼ਿਕਤਾ ਭ੍ਰਿਸ਼ਟ ਕਰ ਦੇਂਦੇ ਹਨ। ਇਸੇ ਨਜ਼ਮ ਵਿਚ ਹੀ ਪਾਸ਼ ਉਨ੍ਹਾਂ ਸਿਆਸਤਦਾਨਾਂ ਉਤੇ ਵਿਅੰਗ ਕਰਦਾ ਹੈ ਜੋ ਬੜਾ ਪਿਆਰ ਜਤਾ ਕੇ ਲੋਕਾਂ ਪਾਸੋਂ ਵੋਟਾਂ ਪ੍ਰਾਪਤ ਕਰਦੇ ਹਨ ਪਰੰਤੂ ਬਾਅਦ ਵਿਚ ਵਜ਼ਾਰਤ ਵਿਚ ਆ ਜਾਣ ਤੇ ਇਹੀ ਲੋਕ ਗ਼ਰੀਬਾਂ, ਕਿਸਾਨਾਂ, ਮਿਹਨਤੀ ਮਜ਼ਦੂਰਾਂ ਦੇ ਵਿਰੁੱਧ ਕਾਨੂੰਨ ਬਣਾਉਂਦੇ ਹਨ। ਉਨ੍ਹਾਂ ਨੂੰ ਲੁੱਟਦੇ ਮਾਰਦੇ ਹਨ, ਟੈਕਸ ਲਗਾ ਕੇ ਕਿਰਸਾਨਾਂ ਤੇ ਮਜ਼ਦੂਰਾਂ ਦਾ ਸ਼ੋਸ਼ਣ ਕਰਦੇ ਹਨ। ਪਾਸ਼ ਬਾਘ ਤੇ ਬੱਕੀ ਵਿਚ ਟਾਕਰਾ ਕਰਕੇ ਸਰਕਾਰ ਅਤੇ ਸਿਆਸਤਦਾਨਾਂ ਉਪਰ ਵਿਅੰਗ ਕਰਦੇ ਹੋਏ ਲਿਖਦਾ ਹੈ :

ਮੇਰੇ ਪਿਓ ਦਾਦੇ ਨੇ ਆਪਣਾ ਖੱਟਿਆ
ਹਾਕਮਾਂ ਦੇ ਢਿੱਡ 'ਚ ਪਾਇਆ ਸੀ
ਅਤੇ ਤੂੰ ਜਾਣਦੀ ਏ
ਅਗਲੇ ਬਾਘ ਹਨ, ਬੱਕੀ ਨਹੀਂ
ਕਿ ਸਾਨੂੰ ਦਾਨਾਬਾਦ ਪਹੁੰਚਾਣ ਜਾਵਣ।

(ਕਲਾਮ ਮਿਰਜ਼ਾ, ਉਹੀ, ਪੰਨਾ 44)

ਪਾਸ਼ ਵਿਅੰਗ ਜੁਗਤ ਤੋਂ ਵਧਦਾ ਹੋਇਆ ਆਪਣੀ ਕਵਿਤਾ ਵਿਚ ਵਿਅੰਗ ਵਿਧੀ ਦੀ ਸਿਰਜਣਾ ਵੀ ਕਰਦਾ ਹੈ। ਇਸ ਵਿਧੀ ਅਧੀਨ ਕਵਿਤਾ ਦੀ ਪ੍ਰਕਿਰਤੀ ਹੀ ਵਿਅੰਗਾਤਮਕ ਹੋ ਨਿੱਬੜਦੀ ਹੈ। ਪਾਸ਼ ਦੀਆਂ ਕਈ ਨਜ਼ਮਾਂ ਦੀ ਵਿਧੀ ਵਿਅੰਗਾਤਮਕ ਹੈ। ਮਿਸਾਲ ਵਜੋਂ 'ਅੱਜ ਦਾ ਦਿਨ', 'ਯੁੱਧ ਤੇ ਸ਼ਾਂਤੀ', 'ਸਾਡੇ ਸਮਿਆਂ ਵਿਚ' ਆਦਿ ਕਵਿਤਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। 'ਅੱਜ ਦਾ ਦਿਨ' ਕਵਿਤਾ ਵਿਚ ਸਵੇਰ ਜ਼ਿੰਦਗੀ ਦਾ ਪ੍ਰਤੀਕ ਹੈ। ਜ਼ਿੰਦਗੀ ਮਾਨਣ ਲਈ ਹੁੰਦੀ ਹੈ। ਪਰ ਯਥਾਰਥ ਇਹ ਹੈ ਕਿ ਜ਼ਿੰਦਗੀ ਨੂੰ ਮਾਨਣਾ ਕਿਧਰੇ ਵੀ ਨਸੀਬ ਨਹੀਂ ਹੁੰਦਾ। ਪਾਸ਼ ਇਸੇ ਯਥਾਰਥ ਨੂੰ ਵਿਅੰਗ ਰੂਪ ਵਿਚ ਪੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੋਇਆ ਕਹਿੰਦਾ ਹੈ :

ਲੱਗਦਾ ਹੈ ਇਹ ਸਵੇਰ ਨਹੀਂ ਹੈ
ਮੌਤ ਦੀ ਹਥੇਲੀ ਉਤੇ ਆਠਰੀ ਮੁਸਕਰਾਹਟ ਹੈ
ਰਾਤ ਦੀ ਰੋ ਰੋ ਸੁੱਜੀ ਅੱਖ ਹੈ
ਸੂਰਜ ਵਰਗਾ ਕੁਝ ਕਿਧਰੇ ਨਹੀਂ ਹੈ
(ਅੱਜ ਦਾ ਦਿਨ, 'ਸਾਡੇ ਸਮਿਆਂ ਵਿਚ' ਪੰਨਾ 14)

ਪਾਸ਼ ਦੀ ਕਵਿਤਾ ਵਿਚ ਜ਼ਿੰਦਗੀ ਦੀ ਅਸਲੀਅਤ ਨੂੰ ਵਿਅੰਗ-ਵਿਧੀ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ, ਜਿਵੇਂ :

ਅੱਜ ਦਾ ਦਿਨ ਸ਼ਾਇਦ ਕਰਮੂੰ ਦੀ ਸੁਕਦੀ ਜਾ ਰਹੀ
ਰੋਣੀ 'ਚ ਉਗਿਆ ਹੈ
ਖੁਰਲੀ ਤੇ ਬਝਿਆ ਬੀਬਾ ਬਲਦ ਜਿਸਦਾ
ਰਾਤੀਂ ਮਾਰ ਗਿਆ ਸਾਹਨ ਸਰਕਾਰੀ...

ਅਜ ਦਾ ਦਿਨ ਕੋਈ ਸਾਂਭ ਸਾਂਭ ਲਿਆ ਦਹਿਸ਼ਤ ਦਾ ਦਰੱਖਤ ਹੈ
ਰਾਜਸੀ ਹਿੰਸਾ ਦੀ ਸ਼ਿੰਗਾਰੀ ਹੋਈ ਘੜੀ ਹੈ
ਅੱਜ ਦਾ ਦਿਨ ਕਿਸੇ ਦੁਸ਼ਮਣ ਵੱਲੋਂ
ਵਾਹਣਾ 'ਚ ਬੁਲਾਇਆ ਬੱਕਰਾ ਹੈ।
(ਉਹੀ, ਪੰਨੇ 14-15)

'ਚੁਰਾਹੇ ਵਿਚ ਕੀਤਾ ਹੋਇਆ ਟੂਣਾ' 'ਬੁਝਾ ਕੇ ਰੱਖਿਆ ਬੀੜੀ ਦਾ ਟੋਟਾ', 'ਰਾਜਸੀ ਹਿੰਸਾ ਦੀ ਸ਼ਿੰਗਾਰੀ ਹੋਈ ਘੋੜੀ', 'ਵਾਹਣਾਂ 'ਚ ਬੁਲਾਇਆ ਬੱਕਰਾ', 'ਪੰਛੀ ਦੀ ਸੰਝ ਦੀ ਉਡਾਣ ਵਿਚ ਉਡੀਕਦੇ ਥੱਕ ਗਏ', ਆਦਿ ਬਿੰਬ ਵਰਤ ਕੇ ਪਾਸ਼ ਨੇ ਜ਼ਿੰਦਗੀ ਦੀ ਯਥਾਰਥਕ ਸਥਿਤੀ ਦਾ ਕਿਤ੍ਣ ਕੀਤਾ ਹੈ ਅਤੇ ਜ਼ਿੰਦਗੀ ਦੇ ਵੱਖੋ ਵੱਖ ਪਹਿਲੂਆਂ ਨੂੰ ਉਸਾਰ ਕੇ ਵਿਅੰਗ ਸਿਰਜਣ ਦਾ ਯਤਨ ਕੀਤਾ ਹੈ। ਪਰ ਵਿਅੰਗ ਵਿਧੀ ਦੀ ਵਰਤੋਂ ਦੀਆਂ ਬਹੁਤ ਥੋੜ੍ਹੀਆਂ ਜਿਹੀਆਂ ਕਵਿਤਾਵਾਂ ਵਿਚ ਹੋਈ ਹੈ। ਬਹੁਤੀਆਂ ਕਵਿਤਾਂਵਾਂ ਵਿਚ ਉਸ ਨੇ ਵਿਅੰਗ ਜੁਗਤ ਦੀ ਹੀ ਵਰਤੋਂ ਕੀਤੀ ਹੈ।

ਜੁਝਾਰ ਵਿਦਰੋਹੀ ਕਾਵਿ-ਧਾਰਾ ਲੋਕ ਕਾਵਿ ਰੂਪਾਂ ਤੇ ਕਾਵਿ-ਬਹਿਰਾਂ ਨੂੰ ਆਧਾਰ ਬਣਾ ਕੇ ਸਮਾਜਕ ਰਾਜਨੀਤਕ ਸਮੱਸਿਆ ਨੂੰ ਉਘਾੜਨ ਦਾ ਯਤਨ ਕਰਦੀ ਹੈ, ਪਾਸ਼ ਨੇ ਵੀ ਆਪਣੀਆਂ ਕਵਿਤਾਵਾਂ 'ਚਿੜੀਆਂ ਦਾ ਚੰਬਾ', ਆਦਿ ਲੋਕ ਗੀਤਾਂ ਅਤੇ ਵਿਆਹ ਮੁਕਲਾਵਾ ਆਦਿ ਰਸਮਾਂ ਨੂੰ ਨਵੇਂ ਅਰਥਾਂ ਦਾ ਧਾਰਨੀ ਬਣਾ ਕੇ ਵਰਤਮਾਨ ਜੀਵਨ ਦੇ ਕਰੂਰ ਯਥਾਰਥ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ ਇਹ ਕਵਿਤਾਵਾਂ ਇਕ ਪਾਸੇ ਤਾਂ ਜ਼ਿੰਦਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਹਨ, ਦੂਜੇ ਪਾਸੇ ਪੂੰਜੀਵਾਦੀ ਸਮਾਜ ਉਪਰ ਵਿਅੰਗ ਕਰਦੀਆਂ ਹਨ, ਜਿਵੇਂ :

ਚਿੜੀਆਂ ਦਾ ਚੰਬਾ ਉਡ ਕੇ ਕਿਤੇ ਨਹੀਂ ਜਾਵੇਗਾ
ਐਬੇ ਈ ਕਿਤੇ ਉਰੇ ਪਰੇ ਥੰਨਿਆਂ ਤੋਂ ਘਾਹ ਖੋਤੇਗਾ
ਤੇ ਰੁੱਖੀਆਂ ਮਿੱਸੀਆਂ ਰੋਟੀਆਂ ਚੋਇਆ ਕਰੇਗਾ
ਚਿੜੀਆਂ ਦਾ ਚੰਬਾ ਮੁਫਤ ਪ੍ਰੇਸ਼ਾਨ ਹੁੰਦਾ ਹੈ
ਬਾਬਲ ਤਾਂ ਡੋਲੇ ਨੂੰ ਤੋਰ ਕੇ ਉਖੜੇ ਬੂਹੇ ਨੂੰ ਝਿੱਟਾਂ ਲਵਾਏਗਾ
ਤੇ ਗੁੱਡੀਆਂ ਪਾੜ ਕੇ
ਪਸੀਨੇ ਨਾਲ ਗਲੇ ਹੋਏ ਕੁੜਤੇ ਉਤੇ ਟਾਕੀਆਂ ਸੰਵਾਏਗਾ
ਜਦੋਂ ਉਹ ਆਪ ਹੀ ਗਲੱਟਿਆ ਜਿਓ ਕਤਿਆ ਜਾਵੇਗਾ
ਚਿੜੀਆਂ ਦੇ ਚੰਬੇ ਨੂੰ ਮੋਹ ਚਰਖੇ ਦਾ ਉਕਾ ਨਹੀਂ ਸਤਾਏਗਾ
(ਚਿੜੀਆਂ ਦਾ ਚੰਬਾ, 'ਸਾਡੇ ਸਮਿਆਂ ਵਿਚ', ਪੰਨਾ 19)

ਛੰਨੀ ਤੁਾਂ ਛੰਨੀ ਹੋਈ
ਪਰ ਗੁਡੀਏ ਤੇਰੇ ਗੀਤਾਂ ਨਾਲ ਤੇਰੇ ਵੀਰ ਨੂੰ ਬੰਨੀ ਨਹੀਂ ਲੱਭਣੀ
ਉਹਨੂੰ ਤਾਂ ਮਾਰ ਜਾਵੇਗਾ, ਬਾਬਲ ਦੀ ਘੱਟ ਜ਼ਮੀਨ ਦਾ ਪਰਛਾਵਾਂ
ਤੇ ਉਸਦੀ ਚਕਲੇਦਾਰ ਹਿੱਕ ਤੇ ਫੁਲਕੇ ਵੇਲਦੀ ਰਹੇਗੀ
ਸਦਾ ਹੀ ਵਿਗੜੇ ਰਹਿੰਦੇ ਇੰਜਣ ਦੀ ਤਕਾਵੀ
(ਛੰਨੀ, ਉਹੀ. ਪੰਨਾ 16)

ਪਾਸ਼ ਨੇ ਲੋਕ ਪ੍ਰਿਅ ਕਾਵਿ ਰੂਪ ਗੀਤਾਂ ਨੂੰ ਵੀ ਆਪਣੇ ਅਨੁਭਵ ਦੀ ਅਭਿਵਿਅਕਤੀ ਦਾ ਵਾਹਨ ਬਣਾਇਆ ਹੈ। ਆਪਣੇ ਗੀਤਾ ਦੀ ਸਿਰਜਣਾ ਉਹ ਲੋਕ ਚੇਤਨਾ ਦੀ ਪੱਧਰ ਤੇ ਲੋਕ ਧੁਨੀਆਂ ਨੂੰ ਅਪਨਾ ਕੇ ਕਰਦਾ ਹੈ। 'ਉਡਦੇ ਬਾਜਾਂ ਮਗਰ', ਕਾਵਿ ਸੰਗ੍ਰਹਿ ਵਿਚਲੇ ਆਪਣੇ ਕਈ ਗੀਤਾਂ ਵਿਚ ਉਹ ਸਦੀਆਂ ਤੋਂ ਗ਼ੁਲਾਮ ਚਲੀ ਆ ਰਹੀ ਮਜ਼ਦੂਰ ਜਮਾਤ ਨੂੰ ਜਾਗ੍ਰਿਤ ਕਰਕੇ ਹਾਕਮ ਜਮਾਤ ਨਾਲ ਆਢਾ ਲੈਣ ਲਈ ਉਸਦੇ ਰੋਹ ਨੂੰ ਪ੍ਰਚੰਡ ਕਰਦਾ ਹੈ, ਜਿਵੇਂ :

ਉਠ ਤੇਰੇ ਵਾਰਿਸਾਂ ਦਾ ਆ ਗਿਆ, ਜ਼ਮਾਨਾ ਨੀ,
ਪੈਣਾਂ ਵਿਚ ਗੂੰਜਿਆ, ਆਜ਼ਾਦੀ ਦਾ ਤਰਾਨਾ ਨੀ
ਲੋਕਾਂ ਚੁੱਕੇ ਹਥਿਆਰ, ਅੱਜ ਬੰਨ੍ਹ ਕੇ ਕਤਾਰ
ਲੈਣੀਆਂ ਵੈਰੀਆਂ ਦੀ ਧਾੜ, ਉਨ੍ਹਾਂ ਡੱਕ ਨੀ
ਕਿਰਤੀ ਦੀਏ ਕੁਲੀਏ... (ਗੀਤ 'ਉੱਡਦੇ ਬਾਜ਼ਾਂ ਮਗਰ', ਪੰਨਾ 56)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸ਼ ਦੀਆਂ ਕਵਿਤਾਵਾਂ ਮਾਨਵੀ ਕੀਮਤਾਂ ਨੂੰ ਸਰਲ ਕਾਵਿ ਜੁਗਤਾਂ ਰਾਹੀਂ ਪ੍ਰਚਾਰਦੀਆਂ ਹਨ। ਕਵੀ ਲੋਕ ਚੇਤਨਾ ਨੂੰ ਟੁੰਬਣ, ਲੋਕ ਅਣਖ ਨੂੰ ਵੰਗਾਰਨ ਅਤੇ ਲੋਕ ਕਰੁਣਾ ਤੇ ਲੋਕ ਰੋਹ ਨੂੰ ਉਭਾਰਨ ਲਈ ਸ਼ਿੱਧੇ ਸੰਬੋਧਨ ਦੀ ਵਰਤੋਂ ਕਰਦਾ ਹੈ। ਪਾਸ਼ ਦਾ ਇਹ ਸੰਬੋਧਨ ਦੋ ਤਰ੍ਹਾਂ ਦੇ ਵਰਗਾਂ ਨੂੰ ਹੈ ਇਕ ਤਾਂ ਉਹ ਦਬੇ ਕੁਚਲੇ ਲੋਕਾਂ ਨੂੰ ਸੰਬੋਧਿਤ ਹੈ ਤੇ ਦੂਜਾ ਆਪਣੇ ਸਾਥੀਆਂ ਭਾਵ ਕਮਿਊਨਿਸਟ ਲਹਿਰ ਨਾਲ ਸੰਬੰਧਿਤ ਲੋਕਾਂ ਨੂੰ ਸੰਬੋਧਨ ਕਰਦਾ ਹੈ 'ਜਿਥੇ ਕਵਿਤਾ ਖਤਮ ਨਹੀਂ ਹੁੰਦੀ', 'ਪੁਲਿਸ ਤੇ ਸਿਪਾਹੀ ਨੂੰ', ਆਦਿ ਕਵਿਤਾਵਾਂ ਸਿਰਫ਼ ਚੇਤਨ ਸਾਥੀਆਂ ਨੂੰ ਹੀ ਸੰਬੋਧਿਤ ਹਨ। ਪਾਸ਼ ਆਪਣੀ ਪੁਸਤਕ 'ਸਾਡੇ ਸਮਿਆਂ ਵਿਚ' ਦੀ ਭੂਮਿਕਾ ਵਿਚ ਲਿਖਦਾ ਹੈ ਕਿ 'ਦੋ ਕੁ ਹਜ਼ਾਰ ਸਾਲ ਪਹਿਲਾਂ ਭਾਰਤੀ ਕਾਵਿ ਨੂੰ ਇਕ ਬੜੀ ਹੀ ਸਮਰੱਥ ਵਿਧੀ ਦਿੱਤੀ। ਕਾਲੀ ਦਾਸ ਨੇ ਸੰਦੇਸ਼ਮਈ ਸੰਬੋਧਨ ਵਿਧੀ'[3] ਪਾਸ਼ ਨੇ ਆਪ ਵੀ ਸੰਦੇਸ਼ਮਈ ਸੰਬੋਧਨ ਵਿਧੀ ਦੀ ਵਰਤੋਂ ਕੀਤੀ ਹੈ ਕਿਉਂਕਿ ਕਵੀ ਕੋਲ ਕਹਿਣ ਲਈ ਬਹੁਤ ਕੁਝ ਹੈ ਤੇ ਇਸ ਬਹੁਤ ਕੁਝ ਦੇ ਪ੍ਰਗਟਾਵੇ ਲਈ ਸੰਬੋਧਨ ਵਿਧੀ ਹੀ ਕਾਰਗਰ ਸਾਬਿਤ ਹੋ ਸਕਦੀ ਹੈ।

ਪਾਸ਼ ਨੇ ਆਪਣੀ ਕਾਵਿ ਰਚਨਾ ਵਿਚ ਵਿਦਰੋਹੀ ਚੇਤਨਾ ਨੂੰ ਸਿਰਫ ਭਾਵੁਕ ਪੱਧਰ ਤੇ ਹੀ ਨਹੀਂ ਪ੍ਰਗਟਾਇਆ ਸਗੋਂ ਇਸ ਨੂੰ ਵਰਤਮਾਨ ਸਮਾਜਕ ਆਰਥਕ, ਰਾਜਨੀਤਕ ਤੇ ਸੰਸਕ੍ਰਿਤਕ ਪ੍ਰਸੰਗ ਵਿਚ ਰੱਖ ਕੇ ਵੀ ਚਿਤਰਿਆ ਹੈ। ਕ੍ਰਾਂਤੀਕਾਰੀ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਹੀ ਸੰਕਟ ਗ੍ਰਸਤ ਪੂੰਜੀਵਾਦੀ ਸਮਾਜਕ ਵਿਵਸਥਾ ਅੰਦਰ ਸਰਮਾਏਦਾਰੀ ਤੇ ਪ੍ਰੋਲੇਤਾਰੀ ਜਮਾਤਾਂ ਵਿਚਲਾ ਵਿਰੋਧ ਤਿੱਖੇ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ। ਪੂੰਜੀਵਾਦੀ ਯੁੱਗ ਵਿਚ ਸਨਅਤ ਦੀ ਤਰੱਕੀ ਨਾਲ ਵੱਡੇ ਵੱਡੇ ਕਾਰਖਾਨੇ ਹੋਂਦ ਵਿਚ ਆਉਂਦੇ ਹਨ ਜਿਨ੍ਹਾਂ ਵਿਚ ਕੰਮ ਕਰਨ ਲਈ ਮਜ਼ਦੂਰ ਜਮਾਤ ਇਕ ਬਹੁਗਿਣਤੀ ਸਮਾਜਕ ਵਰਗ ਦੇ ਰੂਪ ਵਿਚ ਉਭਰਦੀ ਹੈ। ਸਰਮਾਏਦਾਰੀ ਜਮਾਤ ਦਾ ਪੈਦਾਵਾਰੀ ਸਾਧਨਾਂ ਉਤੇ ਸੰਪੂਰਨ ਕਬਜ਼ਾ ਹੁੰਦਾ ਹੈ। ਉਹ ਵੱਧ ਤੋਂ ਵੱਧ ਧਨ ਕਮਾਉਣ ਲਈ ਕੱਚਾ ਮਾਲ ਸਸਤੇ ਭਾਅ ਤੇ ਖਰੀਦ ਕੇ ਉਸਨੂੰ ਵਸਤਾਂ ਵਿਚ ਤਬਦੀਲ ਕਰਨ ਲਈ ਮਜ਼ਦੂਰਾਂ ਉਤੇ ਨਿਰਭਰ ਕਰਦੀ ਹੈ। ਦੂਜੇ ਪਾਸੇ ਮਜ਼ਦੂਰ ਵੀ ਆਪਣਾ ਨਿਰਭਰ ਕਰਨ ਲਈ ਅਤੇ ਆਪਣੀ ਮਿਹਨਤ ਵੇਚਣ ਲਈ ਮਜ਼ਬੂਰ ਹੁੰਦਾ ਹੈ। ਇਸ ਕੰਮ ਲਈ ਉਹ ਕਾਰਖਾਨੇਦਾਰ ਤੇ ਨਿਰਭਰ ਕਰਦਾ ਹੈ। ਕਾਰਖਾਨੇ ਵਿਚ ਆਪਣੀ ਮਿਹਨਤ ਵੇਚਦਾ ਹੋਇਆ ਜਦੋਂ ਉਹ ਆਪਣੇ ਅਧਿਕਾਰੀ ਪ੍ਰਤੀ ਸੁਚੇਤ ਹੁੰਦਾ ਹੈ ਤਾਂ ਸੰਗਠਿਤ ਹੋ ਜਾਂਦਾ ਹੈ। ਸਰਮਾਏਦਾਰ ਆਪਣੇ ਜਮਾਤੀ ਹਿਤਾਂ ਕਾਰਨ ਮਜ਼ਦੂਰ ਦੀ ਲੁੱਟ ਕਰਦਾ ਹੈ। ਇਸ ਦੇ ਨਾਲ ਹੀ ਸਰਮਾਏਦਾਰ ਦੇ ਸਾਹਮਣੇ ਆਪਣੀਆਂ ਵਸਤਾਂ ਵੇਚਣ ਲਈ ਮੰਡੀ ਦੀ ਸਮੱਸਿਆ ਵੀ ਹੁੰਦੀ ਹੈ। ਤਿਆਰ ਮਾਲ ਨਾ ਵਿਕਣ ਕਾਰਣ ਸਰਮਾਏਦਾਰ ਆਰਥਿਕ ਸੰਕਟ ਵਿਚ ਫਸ ਜਾਂਦਾ ਹੈ। ਆਰਥਿਕ ਸੰਕਟ ਟਾਲਣ ਲਈ ਉਹ ਮਜ਼ਦੂਰ ਜਮਾਤ ਦਾ ਸ਼ੋਸ਼ਣ ਕਰਦਾ ਹੈ, ਵਧੇਰੇ ਕੰਮ ਕਰਵਾ ਕੇ ਘੱਟ ਮੁਆਵਜ਼ਾ ਦੇਂਦਾ ਹੈ, ਏਨਾ ਹੀ ਨਹੀਂ ਮਜ਼ਦੂਰ ਵਰਗ ਵਿਚ ਆ ਰਹੀ ਚੇਤਨਾ ਵੀ ਉਸ ਨੂੰ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿਤਾਂ ਲਈ ਖਤਰਾ ਜਾਪਦੀ ਹੈ ਅਤੇ ਉਹ ਇਸ ਚੇਤਨਾ ਨੂੰ ਖੁੰਢਾ ਕਰਨ ਲਈ ਧਰਮ ਦਰਸ਼ਨ, ਕਾਨੂੰਨ ਤੇ ਸਾਹਿਤ ਦਾ ਸਹਾਰਾ ਲੈਂਦਾ ਹੈ। ਪਰੰਤੂ ਮਜ਼ਦੂਰ ਵਰਗ ਇਸ ਦੇ ਵਿਰੁੱਧ ਵਿਚ ਲੋਕ-ਪੱਖੀ ਦਰਸ਼ਨ ਤੇ ਸਾਹਿਤ ਪੇਸ਼ ਕਰਦਾ ਹੈ। ਮਜ਼ਦੂਰ ਜਮਾਤ ਦੇ ਹਿਤਾਂ ਨੂੰ ਪਾਲਣ ਵਾਲੀਆਂ ਸ਼ਕਤੀਆਂ ਪ੍ਰੋਲਤਾਰੀ ਪੈਂਤੜੇ ਤੇ ਸਾਹਿਤ ਦੇ ਦਰਸ਼ਨ ਦੀ ਸਿਰਜਣਾ ਕਰਦੀਆਂ ਹਨ। ਇਸੇ ਵਿਚਾਰਧਾਰਾ ਅਧੀਨ ਹੀ ਪਾਸ਼ ਨੇ ਆਪਣੀ ਕਵਿਤਾ ਰਾਹੀਂ ਪੂੰਜੀ-ਵਾਦੀ ਵਿਵਸਥਾ ਦੇ ਦਮਨਸ਼ੀਲ ਸੁਭਾਅ ਨੂੰ ਚੁਨੌਤੀ ਦਿੱਤੀ ਹੈ ਅਤੇ ਮਜ਼ਦੂਰ ਵਰਗ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਲਈ ਵੰਗਾਰਿਆ ਹੈ ਤਾਂ ਕਿ ਸਦੀਆਂ ਤੋਂ ਲੁੱਟੀ ਜਾ ਰਹੀ ਮਜ਼ਦੂਰ ਜਮਾਤ ਪੈਦਾਵਾਰ ਦੇ ਸਾਧਨਾਂ ਤੇ ਕਬਜ਼ਾ ਕਰਕੇ ਰਾਜ ਸ਼ਕਤੀ ਆਪਣੇ ਹੱਥ ਵਿਚ ਲੈ ਸਕੇ ਅਤੇ ਇਸ ਸਮੁੱਚੀ ਮਾਨਵ ਜਾਤੀ ਨੂੰ ਸਰਮਾਏਦਾਰਾਨਾ ਗੁਲਾਮੀ ਤੋਂ ਮੁਕਤ ਕਰਵਾ ਸਕੇ। ਪਾਸ਼ ਰਾਜ ਸਤ੍ਹਾ ਹਾਸਲ ਕਰਨ ਲਈ ਹਥਿਆਰਬੰਦ ਘੋਲ ਦੇ ਰਾਹ ਨੂੰ ਸਹੀ ਮੰਨਦਾ ਹੈ। ਇਸੇ ਕਾਰਣ ਹੀ ਪ੍ਰਤਿਗਾਮੀ ਸ਼ਕਤੀਆਂ ਪ੍ਰਤੀ ਚੁਨੌਤੀ ਇਸ ਕਾਵਿ-ਧਾਰਾ ਦਾ ਸ਼ਲਾਘਾਯੋਗ ਕਦਮ ਬਣੀ ਹੈ।

ਸਮਾਜਕ ਯਥਾਰਥ ਦੇ ਬਦਲਦੇ ਪ੍ਰਸੰਗਾਂ ਵਿਚ ਪਾਸ਼ ਨੇ ਸਾਮੰਤਕ ਬੁਰਜੂਆ ਸੁਭਾਅ ਦੇ ਚਿੰਨ੍ਹਾਂ ਤੇ ਬਿੰਬਾਂ ਦੀ ਥਾਂ ਨਵੇਂ ਕ੍ਰਾਂਤੀਕਾਰੀ ਚਿੰਨ੍ਹਾਂ ਤੇ ਬਿੰਬਾਂ ਦਾ ਪ੍ਰਯੋਗ ਕੀਤਾ ਹੈ। ਇਹ ਕ੍ਰਾਂਤੀਕਾਰੀ ਚਿੰਨ੍ਹ, ਬਿੰਬ ਤੇ ਪ੍ਰਤੀਕ ਕਵਿਤਾ ਦੇ ਸ਼ਿੰਗਾਰ ਵਜੋਂ ਨਹੀਂ ਸਗੋਂ ਸੰਦੇਸ਼ ਵਜੋਂ ਉਭਰਦੇ ਹਨ। ਨਵੇਂ ਚਿੰਨ੍ਹਾਂ ਪ੍ਰਤੀਕਾਂ ਅਤੇ ਬਿੰਬਾਂ ਨੂੰ ਆਪਣੀ ਕਾਵਿ ਕਲਪਨਾ ਦਾ ਆਧਾਰ ਬਣਾਉਣਾ ਇਸ ਸਮੇਂ ਦੀ ਸਭ ਤੋਂ ਵੱਡੀ ਲੋੜ ਸੀ ਕਿਉਂਕਿ ਕਵੀ ਦੇ ਕਾਵਿ ਸੰਕਲਪ ਅਨੁਸਾਰ ਸਾਹਿਤ ਤੇ ਸਮਾਜ ਆਪਸ ਵਿਚ ਇਕ ਅਜਿਹੇ ਦਵੰਦਾਤਮਕ ਰਿਸ਼ਤੇ ਵਿਚ ਜੁੜੇ ਹੋਏ ਹਨ ਜੋ ਇਕ ਦੂਜੇ ਦਾ ਅਸਰ ਕਬੂਲਦੇ ਹਨ। ਸਮਾਜ ਵਿਚ ਪਰਿਵਰਤਨ ਇਕ ਨਿਰੰਤਰ ਗਤੀਸ਼ੀਲਤਾ ਦਾ ਪ੍ਰਤੀਕ ਹੈ। ਜਿਉਂ ਜਿਉਂ ਪੈਦਾਵਾਰੀ ਸੰਦਾਂ ਵਿਚ ਪਰਿਵਰਤਨ ਆਉਂਦਾ ਹੈ ਤਿਉਂ ਤਿਉਂ ਪੈਦਾਵਾਰੀ ਰਿਸ਼ਤਿਆਂ ਵਿਚ ਪਰਿਵਰਤਨ ਆਉਂਦਾ ਹੈ। ਤਬਦੀਲੀ ਹੀ ਸਮਾਜਕ ਤਬਦੀਲੀ ਦੀ ਆਧਾਰ ਬਣਦੀ ਹੈ ਇਸੇ ਬਦਲਦੇ ਪਰਿਪੇਖ ਅਧੀਨ ਹੀ ਸਾਹਿਤਕ ਚਿੰਨ੍ਹਾਂ ਤੇ ਬਿੰਬਾਂ ਵਿਚ ਪਰਿਵਰਤਨ ਆਉਂਦਾ ਹੈ। ਸਾਹਿਤਕ ਚਿੰਨ੍ਹ ਅਤੇ ਬਿੰਬ ਵਿਸ਼ੇਸ਼ ਸਮਾਜਕ ਪਰਿਸਥਿਤੀਆਂ ਅਤੇ ਇਤਿ-ਹਾਸਕ ਦੌਰ ਦੀ ਪੈਦਾਵਾਰ ਹੁੰਦੇ ਹਨ। ਇਤਿਹਾਸ ਦਾ ਹਰ ਨਵਾ ਦੌਚ ਸਮਾਜਕ ਤੌਰ ਚਿੰਨ੍ਹ ਤੇ ਬਿੰਬ ਘੜਦਾ ਹੈ। ਬਦਲਦੇ ਸਮਾਜਕ ਮੁੱਲ ਨਵੇਂ ਸਾਹਿਤਿਕ ਰੂਪਾਂ ਰਾਹੀਂ ਅਭਿਵਿਅਕਤ ਹੁੰਦੇ ਹਨ ਲੋਕ ਚੇਤਨਾ ਨਾਲ ਜੁੜੀ ਹੋਈ ਕਵਿਤਾ ਉਹੀ ਹੁੰਦੀ ਹੈ ਜੋ ਲੋਕ ਮੁਹਾਵਰੇ ਦੇ ਸਭ ਤੋਂ ਵੱਧ ਨਜ਼ਦੀਕ ਹੁੰਦੀ ਹੈ। ਪਾਸ਼ ਨੇ ਇਸ ਲੋਕ ਮੁਹਾਵਰੇ ਤੇ ਕ੍ਰਾਂਤੀ-ਕਾਰੀ ਚਿੰਨ੍ਹਾਂ ਪ੍ਰਤੀਕਾਂ ਤੇ ਬਿੰਬਾਂ ਨੂੰ ਕਾਵਿ ਪ੍ਰਗਟਾਵੇ ਦਾ ਮਾਧਿਅਮ ਬਣਾਇਆ ਹੈ, ਕਿਉਂਕਿ ਇਸ ਸਮੇਂ ਦੌਰਾਨ ਸਮਕਾਲੀ ਪਰਿਸਥਿਤੀਆਂ ਵਿਚ ਵਿਆਪਕ ਇਤਿਹਾਸਕ ਵਿਰੋਧਾਂ ਨੂੰ ਲੋਕ ਚੇਤਨਾ ਦਾ ਅੰਗ ਬਣਾਉਣ ਲਈ ਕ੍ਰਾਂਤੀਕਾਰੀ ਚਿੰਨ੍ਹਾਂ ਪ੍ਰਤੀਕਾਂ ਤੇ ਬਿੰਬਾਂ ਦੀ ਵਰਤੋਂ ਕਵਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਇਤਿਹਾਸਕ ਲੋੜ ਸੀ। ਪਾਸ਼ ਦੇ ਬਹੁਤੇ ਬਿੰਬ ਕਿਸਾਨੀ ਜੀਵਨ ਵਿਚੋਂ ਲਏ ਗਏ ਹਨ, ਮਿਸਾਲ ਵਜੋਂ :

ਹੁਣ ਮਾਤਮ ਹੋਵੇਗਾ, ਜਾਂ ਅੰਦਰੋ ਅੰਦਰ ਘਿਓ ਦੇ ਦੀਵੇ ਬਲਣਗੇ।
ਤੇ ਇਕ ਉਦਾਸੀ ਚੁਗੀ ਹੋਈ ਕਪਾਹ ਦੇ ਖੇਤ ਵਰਗੀ
ਜੋ ਮਰਨ ਵਾਲੇ ਦੇ ਜੀਉਂਦਿਆਂ ਵੀ ਸੀ
ਏਥੇ ਸਾਡੇ ਬੂਹਿਆਂ ਦੇ ਕਬਜ਼ਿਆਂ ਨਾਲ
ਜੋ ਖੁਲ੍ਹਦਿਆਂ ਤੇ ਬੰਦ ਹੁੰਦਿਆਂ ਲਗਾਤਾਰ ਚੀਕਦੀ
(ਐਮਰਜੰਸੀ ਲੱਗਣ ਤੋਂ ਬਾਦ, 'ਸਾਡੇ ਸਮਿਆਂ ਵਿਚ', ਪੰਨਾ 31)

ਇਨ੍ਹਾਂ ਪੰਗਤੀਆਂ ਵਿਚ ਪਾਸ਼ ਨੇ ਉਦਾਸੀ ਦੇ ਭਾਵ ਨੂੰ ਬੜੇ ਮੌਲਿਕ ਢੰਗ ਨਾਲ, 'ਚੁਗੀ ਹੋਈ ਕਪਾਹ ਦਾ ਖੇਤ' ਅਤੇ 'ਕਬਜਿਆਂ ਦੇ ਚੀਕਣ' ਰਾਹੀਂ ਨਿਰੂਪਿਤ ਕੀਤਾ ਹੈ।

ਪਾਸ਼ ਦੀ ਕਵਿਤਾ ਵਿਚ ਪਰੰਪਰਾਗਤ ਪ੍ਰਤੀਕਾਂ ਦੀ ਥਾਂ ਵਿਅਕਤੀਗਤ ਪ੍ਰਤੀਕਾਂ ਦੀ ਵਧੇਰੇ ਵਰਤੋਂ ਹੋਈ ਹੈ। ਇਨਕਲਾਬ ਲਈ ਉਸ ਨੇ 'ਸੂਹੀ ਸਵੇਰ', 'ਸੋਨੇ ਦੀ ਸਵੇਰ', 'ਤੂਫਾਨ', ਆਦਿ ਦੇ ਪ੍ਰਤੀਕਾ ਦੀ ਵਰਤੋਂ ਕੀਤੀ ਹੈ। ਜਮਾਤੀ ਚੇਤਨਾ ਦਾ ਪ੍ਰਗਟਾਵਾ ਕਰਨ ਲਈ ਉਹ 'ਲੋਹੇ ਦੀ ਅੱਖ' ਵਰਗੇ ਪ੍ਰਤੀਕ ਦੀ ਵਰਤੋਂ ਕਰਦਾ ਹੈ, ਜਿਵੇਂ :

(ਪਰ) ਮੈਂ ਲੋਹੇ ਦੀ ਅੱਖ ਨਾਲ
ਮਿੱਤਰਾਂ ਦੇ ਮਖੌਟੇ ਪਾਈ ਦੁਸ਼ਮਣ
ਵੀ ਪਹਿਚਾਣ ਸਕਦਾ ਹਾਂ।
(ਲੋਹਾ, 'ਲੋਹ ਕਥਾ', ਪੰਨਾ 9)

ਇਸ ਪ੍ਰਕਾਰ ਪਾਸ਼ ਦੀ ਕਾਵਿ ਚੇਤਨਾ ਕਿਸੇ ਯੱਕ ਦੱਮ ਪ੍ਰਭਾਵ ਦਾ ਨਤੀਜਾ ਨਹੀਂ ਸੀ ਸਗੋਂ ਵਿਦਰੋਹੀ ਕਾਵਿ ਧਾਰਾ ਦੇ ਨਿਰੰਤਰ ਵਿਕਾਸ ਦਾ ਆਧੁਨਿਕ ਪੜਾਅ ਸੀ। ਇਸ ਕਾਵਿ-ਧਾਰਾ ਵਿਚ ਪਾਸ਼ ਦੀ ਵਿਦਰੋਹੀ ਕਾਵਿ-ਚੇਤਨਾ ਇਕ ਵਿਸ਼ੇਸ਼ ਹਸਤਾਖਰ ਦੇ ਰੂਪ ਵਿਚ ਆਪਣਾ ਸਥਾਨ ਨਿਸ਼ਚਿਤ ਕਰਦੀ ਹੈ।

ਹਰ ਕਵੀ ਦੀਆਂ ਕੁਝ ਵਿਅਕਤੀਗਤ ਵਿਲੱਖਣਤਾਵਾਂ ਹੁੰਦੀਆਂ ਹਨ। ਪਰ ਕੁਝ ਕਵੀ ਅਜਿਹੇ ਵੀ ਹੁੰਦੇ ਹਨ ਜਿਹੜੇ ਇਕ ਵਿਸ਼ੇਸ਼ ਧਾਰਾ ਨਾਲ ਸੰਬੰਧਿਤ ਹੁੰਦੇ ਹਨ। ਉਨ੍ਹਾਂ ਦੀ ਕਾਵਿ-ਰਚਨਾ ਵਿਚ ਆਪਸੀ ਸਮਾਨਤਾ ਵਧੇਰੇ ਹੁੰਦੀ ਹੈ ਵਿਲੱਖਣਤਾ ਘੱਟ ਹੁੰਦੀ ਹੈ। ਪਾਸ਼ ਜੁਝਾਰ ਵਿਦਰੋਹੀ ਕਾਵਿ-ਧਾਰਾ ਦਾ ਵਿਲੱਖਣ ਕਵੀ ਹੈ। ਉਹ ਇਸ ਕਾਵਿ ਧਾਰਾ ਦੇ ਹੋਰ ਕਵੀਆਂ ਨਾਲੋਂ ਕਈ ਪੱਖੋਂ ਸਾਂਝ ਵੀ ਰੱਖਦਾ ਹੈ। ਉਸ ਦਾ ਜੁਝਾਰ ਵਿਦਰੋਹੀ ਕਾਵਿ-ਧਾਰਾ ਵਿਚ ਸਥਾਨ ਨਿਸ਼ਚਿਤ ਕਰਨ ਲਈ ਅਸੀਂ ਉਸ ਦੀ ਕਾਵਿ-ਰਚਨਾ ਨੂੰ ਬਾਕੀ ਜੁਝਾਰ ਵਿਦਰੋਹੀ ਕਵੀਆਂ ਦੇ ਕਾਵਿ ਰਚਨਾ ਦੇ ਸਮਵਿਥ ਰੱਖ ਕੇ ਦੇਖਾਂਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿੱਪਣੀਆਂ

1. 'ਸਾਹਿਤ ਦੀ ਸਮਝ', ਪੰਨਾ 610
2. ਵਿ. ਗ੍ਰਿ. ਅਫਾਨਾਸ਼ੀਏਵ, 'ਦਾਰਸ਼ਨਿਕ ਗਿਆਨ ਦੇ ਮੁੱਢਲੇ ਨਿਯਮ', ਪੰਨਾ 49.
3. ਏ. ਪੀ. ਸੈਪਟੂਲਿਨ, 'ਮਾਰਕਸੀ ਲੈਨਿਨੀ ਦਰਸ਼ਨ', ਪੰਠਾ 96.
4. 'ਜੁਝਾਰ ਵਿਦਰੋਹੀ ਕਾਵਿ-ਧਾਰਾ : ਇਕ ਪੁਨਰ ਮੁੱਲਾਂਕਣ', ਵਿਰਸਾ ਤੇ ਵਰਤਮਾਨ, ਪੰਨਾ 115.
5. 'ਆਧੁਨਿਕ ਪੰਜਾਬੀ ਕਾਵਿ ਸੁਹਜ ਦ੍ਰਿਸ਼ਟੀ', ਪੰਨਾ 146.
6. ਉਹੀ, ਪੰਨਾ 156.
7. ਅਵਤਾਰ ਸਿੰਘ ਪਾਸ਼, 'ਲੋਹ ਕਥਾ' (ਭੂਮਿਕਾ), ਪੰਨਾ 3.
8. 'ਨਵੀਂ ਕਵਿਤਾ, ਸੀਮਾਂ ਤੇ ਸੰਭਾਵਨਾ', ਪੰਨਾ 118.
9. 'ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ, ਪੰਨਾ 101.
10. 'ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ', ਪੰਨਾ 235.
11. ਉਹੀ, ਪੰਨਾ 343
12. 'ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ', ਪੰਨਾ 163.
13. ਪਾਸ਼, 'ਸਾਡੇ ਸਮਿਆਂ ਵਿਚ' (ਭੂਮਿਕਾ), ਪੰਨਾ ੳ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸ਼ ਕਾਵਿ : ਰੂਪਕ ਪੱਖ

ਕਾਵਿ ਦੀ ਸਿਰਜਨਾ ਵੇਲੇ ਦੋ ਗੱਲਾਂ ਪ੍ਰਮੁੱਖ ਹੁੰਦੀਆਂ ਹਨ, ਕਵੀ ਦਾ ਮਾਨਸਿਕ ਸੰਕਲਪ ਅਤੇ ਉਸ ਦੀ ਅਭਿਵਿਅਕਤੀ ਦੇ ਸਾਧਨ। ਕਵੀ ਦੀ ਅਨੁਭੂਤੀ ਦਾ ਜੋ ਸਰੂਪ ਹੁੰਦਾ ਹੈ। ਉਸ ਅਨੁਸਾਰ ਹੀ ਉਸ ਦੀ ਅਭਿਵਿਅਕਤੀ ਆਪਣਾ ਕਾਰਜ ਨਿਭਾਉਂਦੀ ਹੈ। ਇਸ ਅਨੁਭੂਤੀ ਦੀ ਅਭਿਵਿਅਕਤੀ ਦੇ ਦੁਆਰ ਤਕ ਪੇਸ਼ਕਾਰੀ ਕਰਨ ਲਈ ਕਾਵਿ-ਕਲਾ ਦੇ ਸਾਧਨਾਂ/ਉਪਕਰਣਾਂ ਦੀ ਲੋੜ ਪੈਂਦੀ ਹੈ ਜਿਸ ਕਵਿਤਾ ਦਾ ਭਾਵ ਪੱਖ ਜਿੰਨਾ ਅਮੀਰ ਹੋਵੇਗਾ ਉਨਾ ਹੀ ਕਲਾ ਪੱਖ ਵੀ ਸੁੰਦਰ ਸਜੀਲਾ ਹੋਵੇਗਾ। ਸੋ ਕਵੀ ਦੀ ਅਨੁਭੂਤੀ ਦੀ ਗੰਭੀਰਤਾ ਅਤੇ ਵਿਸ਼ਾਲਤਾ, ਉਸਦੀ ਆਪਣੀ ਅਭਿਵਿਅਕਤੀ ਰਾਹੀਂ ਮਨੁੱਖੀ ਮਨ ਵਿਚ ਰੰਚਿਕਤਾ ਤੀਖਣਤਾ ਅਤੇ ਇਨਕਲਾਬੀ ਪੱਖ ਉਜਾਗਰ ਕਰਨ ਵਿਚ ਵਿਸ਼ੇਸ਼ ਤੌਰ ਤੇ ਸਹਾਈ ਹੁੰਦੀ ਹੈ। ਸੋ ਅਨੁਭੂਤੀ ਨੂੰ ਜੇ ਕਾਵਿ ਦੀ ਆਤਮਾ ਅਤੇ ਅਭਿਵਿਅਕਤੀ ਨੂੰ ਉਸ ਦਾ ਸਰੀਰ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੈ।

ਹਰੇਕ ਕਵੀ ਇਕ ਤੀਖਣ ਸੰਵੇਦਨਾ ਵਾਲਾ ਵਿਅਕਤੀ ਹੁੰਦਾ ਹੈ। ਸੰਵੇਦਨਾ ਹੀ ਇਕ ਅਜਿਹਾ ਸਾਧਨ ਹੈ ਜੋ ਕਵੀ ਦੀ ਕਵਿਤਾ ਵਿਚਲੇ ਅਮੂਰਤ ਪੱਖ ਨੂੰ ਸਮੂਰਤ ਕਰਦਾ ਹੈ। ਵਸਤੂ ਜਗਤ ਅਧੀਨ ਵਿਚਰਦਿਆਂ ਹੁੰਦਿਆਂ ਅਨੇਕਾਂ ਅਨੁਭਵ ਕਵੀ ਦੀ ਮਾਨਸਿਕਤਾ ਵਿਚ ਸੰਚਿਤ ਹੁੰਦੇ ਹਨ, ਜਿੰਨ੍ਹਾਂ ਨੂੰ ਉਹ ਆਪਣੀ ਕਲਾ ਰਾਹੀਂ ਵਸਤੂ ਜਗਤ ਵਿਚੋਂ ਪ੍ਰਾਪਤ ਹੋਣ ਵਾਲੇ ਪ੍ਰਭਾਵਾਂ ਨੂੰ ਕੁਝ ਖਾਸ ਜੁਗਤਾਂ ਦੀ ਵਰਤੋਂ ਨਾਲ ਇਕ ਨਵੇਂ ਕਾਵਿ ਜਗਤ ਦੇ ਸੰਚੇ ਵਿਚ ਢਾਲਦਾ ਹੈ। ਇਕ ਮਹਾਨ ਕਵੀ ਉਹੀ ਅਖਵਾ ਸਕਦਾ ਹੈ ਜੋ ਸਮੁੱਚੇ ਪਰਪੰਚ ਨੂੰ ਸਮਵਿੱਥ ਰੱਖ ਕੇ ਉਸ ਅਨੁਸਾਰ ਆਪਣੇ ਚਿੰਤਨ ਦੀ ਕੁਠਾਲੀ ਵਿੱਚ ਢਾਲ ਕੇ ਕਾਵਿ-ਰਚਨਾ ਦੀ ਸਮੱਗਰੀ ਦਾ ਮਾਧਿਅਮ ਬਣਾਉਂਦਾ ਹੈ : ਜੇ ਗਹੁ ਨਾਲ ਦੇਖਿਆ ਜਾਵੇ ਤਾਂ ਕਾਵਿ ਰਚਨਾ ਦੇ ਦੋ ਆਧਾਰ ਦ੍ਰਿਸ਼ਟੀਗੋਚਰ ਹੁੰਦੇ ਹਨ ਇਕ ਤਾਂ ਕਵੀ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਤੇ ਦੂਸਰਾ ਸਾਹਿਤਕ ਦ੍ਰਿਸ਼ਟੀਕੋਣ। ਜੀਵਨ ਪ੍ਰਤੀ ਦ੍ਰਿਸ਼ਟੀਕੋਣ, ਸਾਹਿਤਕ ਦ੍ਰਿਸ਼ਟੀਕੋਣ ਉਤੇ ਹੀ ਆਧਾਰਿਤ ਹੁੰਦਾ ਹੈ। ਕਵੀ ਦੀ ਰਚਨਾ ਟਿਹਨਾਂ ਦੋਹਾਂ ਪੱਖਾਂ ਤੇ ਆਧਾਰਿਤ ਹੋਣ ਕਾਰਣ ਦ੍ਰਿਸ਼ਟੀਕੋਣ ਪੱਖੋਂ ਨਿੱਜੀ ਹੋਣ ਦਾ ਦਾਅਵਾ ਵੀ ਕਰਦੀ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਰੰਪਰਾ ਨਾਲ ਸਾਂਝ ਵੀ ਜੋੜਦੀ ਹੈ ਅਤੇ ਵੱਖਰਤਾ ਨੂੰ ਵੀ ਹੰਡਾਉਂਦੀ ਹੈ।

ਅਵਤਾਰ ਸਿੰਘ ਪਾਸ਼ ਆਧੁਨਿਕ ਪੰਜਾਬੀ ਕਾਵਿ-ਜਗਤ ਵਿਚ ਇਕ ਵਿਲੱਖਣ ਮੁਹਾਂਦਰੇ ਵਾਲਾ ਕਵੀ ਅਤੇ ਜੁਝਾਰ ਵਿਦਰੋਹੀ ਕਾਵਿ-ਧਾਰਾ ਦਾ ਸਿੱਖਰ ਹੈ ਪੰਜਾਬੀ ਕਾਵਿ ਜਗਤ ਵਿਚ ਉਹ ਕੇਵਲ ਇਸ ਕਰਕੇ ਹੀ ਪ੍ਰਚਲਿਤ ਜਾਂ ਪ੍ਰਵਾਨਿਤ ਨਹੀਂ ਹੋਇਆ ਕਿ ਉਸ ਨੂੰ ਕਿਸਾਨੀ ਜੀਵਨ ਬਾਰੇ ਡੂੰਘਾ ਅਨੁਭਵ/ਤਜ਼ਰਬਾ ਸੀ ਜਾਂ ਉਸ ਨੇ ਇਸ ਵਿਦਰੋਹੀ ਲਹਿਰ ਅਧੀਨ ਤਸੀਹੇ ਝੱਲੇ, ਜੇਲ੍ਹਾਂ ਕੱਟੀਆਂ, ਸਗੋਂ ਇਸ ਕਰਕੇ ਕਿ ਉਸ ਨੇ ਆਪਣੇ ਪ੍ਰਵੇਸ਼ ਨਾਲ ਨਾ ਕੇਵਲ ਵਿਸੰਗਤੀਆਂ, ਗਲਤੀਆਂ, ਗਲਤ ਸਥਾਪਨਾਵਾਂ ਨਾਲ ਭਰਪੂਰ ਵਾਤਾਵਰਣ ਵਿਚ ਵਿਚਾਰਧਾਰਕ ਪਰਿਵਰਤਨ ਲਿਆਉਂਦਾ ਸਗੋਂ ਨਵੇਂ ਸਿਰਜੇ ਕਾਵਿ ਜਗਤ ਵਿਚ ਕਲਾ ਪੱਖੋਂ ਵੀ ਵਿਸ਼ੇਸ ਤਬਦੀਲੀਆਂ ਲਿਆਉਣ ਦਾ ਉਚੇਚਾ ਯਤਨ ਕੀਤਾ। ਹਰ ਕਵਿਤਾ ਜਾਂ ਸਾਹਿਤ ਜੀਵਨ ਦੇ ਹਾਲਾਤ ਸਮੱਸਿਆਵਾਂ ਦੇ ਟਕਰਾਓ ਅਤੇ ਜ਼ਿੰਦਗੀ ਦੀ ਟੁੱਟ-ਭੱਜ ਅਧੀਨ ਉਤਪੰਨ ਹੁੰਦਾ ਹੈ। ਪਾਸ਼ ਦੀ ਕਵਿਤਾ ਵੀ ਇਸ ਸਮਾਜਕ, ਇਤਿ-ਹਾਸਕ, ਰਾਜਨੀਤਕ. ਵਿਸੰਗਤੀਆਂ/ਗਲਤੀਆਂ ਵਿਰੁੱਧ ਇਕ ਮੁਨਾਸਬ ਕਾਰਵਾਈ ਪ੍ਰਤੀਤ ਹੁੰਦੀ ਹੈ ਕਾਰਵਾਈ ਵੀ ਅਜਿਹੀ ਜਿਹੜੀ ਕਵਿਤਾ ਦੀ ਧਰਾਤਲ ਤੇ ਕੀਤੀ ਜਾ ਸਕਦੀ ਹੈ। ਇਹ ਇਕ ਤਰ੍ਹਾਂ ਦੀ ਇਕਸੁਰਤਾ ਕਹੀ ਜਾ ਸਕਦੀ ਹੈ ਜਿਸਨੂੰ ਪਾਸ਼ ਵਰਗਾ ਕਵੀ ਆਪਣੀ ਕਵਿਤਾ ਅਤੇ ਵਰਤਾਰੇ ਵਿਚ ਇਕ ਜਾਨ ਕਰ ਲੈਂਦਾ ਹੈ। ਇਸੇ ਲਈ ਇਹ ਜੁਝਾਰ ਵਿਦਰੋਹੀ ਕਵੀ ਨਕਸਲੀ ਦੌਰ ਅਧੀਨ ਇਕ ਸਰਗਰਮ ਵਰਕਰ ਦੇ ਦੀ ਤੌਰ ਤੇ ਵੀ, ਉਸ ਤੋਂ ਵੱਖਰਤਾ ਹਾਸਲ ਕਰ ਕੇ ਵੀ ਅਤੇ ਕਵੀ ਦੇ ਤੌਰ ਤੇ ਵੀ ਲੋਕਾਂ ਵਿਚ ਵਧੇਰੇ ਮਕਬੂਲ ਹੋਇਆ।

ਪਾਸ਼ ਦੀ ਕਵਿਤਾ ਦਾ ਅਧਿਐਨ ਕਰਦਿਆਂ ਇਹ ਗੱਲ ਪ੍ਰਤੱਖ ਰੂਪ ਵਿਚ ਦ੍ਰਿਸ਼ਟੀ-ਗੋਚਰ ਹੁੰਦੀ ਹੈ ਕਿ ਉਹ ਸੁਚੇਤ ਰੂਪ ਵਿਚ ਕਾਵਿ-ਸ਼ਾਸਤ੍ਰੀ ਨੇਮਾਂ ਦਾ ਸਖਤ ਵਿਰੋਧੀ ਸੀ। ਸਿਧਾਂਤ ਅਤੇ ਆਦਰਸ਼ ਦੀ ਪ੍ਰਤੀਬੱਧਤਾ ਅਧੀਨ ਜੀਵਨ ਦੀ ਸਮੱਸਿਆਵਾਂ ਨਾਲ ਟੱਕਰ ਲੈਣਾ ਅਤੇ ਮਾਨਵੀ ਆਜ਼ਾਦੀ ਨਾਲ ਸੰਘਰਸ਼ਸ਼ੀਲ ਹੋਣਾ ਉਸ ਦੀ ਕਵਿਤਾ ਦਾ ਪ੍ਰਮੁੱਖ ਮਨੋਰਥ ਸੀ। ਉਂਜ ਹਰੇਕ ਕਾਵਿ ਸਿਰਜਣਾ ਦੇ ਅੰਤਰਗਤ ਕੁਝ ਵਿਸ਼ੇਸ਼ ਨੇਮ ਅਤੇ ਜੁਗਤਾਂ ਕਾਰਜਸ਼ੀਲ ਹੁੰਦੀਆਂ ਹਨ ਜਿਨ੍ਹਾਂ ਰਾਹੀਂ ਉਸ ਕਾਵਿ ਜਗਤ ਵਿਚ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਪਾਸ਼ ਵੀ ਅਜਿਹੇ ਨੇਮਾਂ ਅਤੇ ਜੁਗਤਾਂ ਨੂੰ ਲੈ ਕੇ ਆਪਣੇ ਕਾਵਿ-ਜਗਤ ਵਿਚ ਪ੍ਰਵੇਸ਼ ਹੁੰਦਾ ਹੈ।

ਹਰ ਲੇਖਕ ਸੁਚੇਤ ਜਾਂ ਅਚੇਤ ਰੂਪ ਵਿਚ ਆਪਣੇ ਸਮੇਂ ਦੇ ਸਮਾਜ, ਸਮਕਾਲੀ ਰਚਨਾਵਾਂ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ ਹੈ। ਉਹ ਆਪਣੇ ਚੌਗਿਰਦੇ, ਸਮਾਜ ਅਤੇ ਮੁਲਕ ਦੀ ਪਰਿਸਥਿਤੀਆਂ ਤੋਂ ਪ੍ਰਭਾਵਿਤ ਹੋ ਕੇ ਨਿੱਜੀ ਜੀਵਨ ਦੇ ਤਜਰਬਿਆਂ ਅਤੇ ਅਨੁਭਵ ਰਾਹੀਂ, ਜੋ ਸਾਮੱਗਰੀ ਸਮਾਜ ਹਿੱਤ ਲਈ ਇਕੱਠੀ ਕਰਦਾ ਹੈ, ਉਸਨੂੰ ਕਾਵਿ ਰਾਹੀਂ ਪ੍ਰਗਟ ਕਰਦਾ ਹੈ ਅਤੇ ਕੌਮ ਦੇਸ਼ ਅਤੇ ਸੰਸਾਰ ਦੇ ਲੋਕ ਸਮੂਹ ਨੂੰ ਉਤਸ਼ਾਹ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰੇਰਣਾ ਦੇ ਕੇ ਮਾਨਵਤਾ ਦੀ ਮੰਜ਼ਿਲ ਤਕ ਪਹੁੰਚਾ ਦਿੰਦਾ ਹੈ। ਇਹ ਇਰਾਦੇ ਲੇਖਕ ਦੇ ਅਨੁਭਵ ਅਤੇ ਜ਼ਿੰਦਗੀ ਪ੍ਰਤੀ ਸੂਝ ਦਰਸਾਉਂਦੇ ਹਨ। ਅਵਤਾਰ ਸਿੰਘ ਪਾਸ਼ ਆਪਣੀ ਕਵਿਤਾ ਰਾਹੀਂ ਸੰਸਾਰ ਵਿਚ ਗਲਤ ਸਥਾਪਨਾਵਾਂ ਅਤੇ ਦਲਿਤ ਵਰਗ ਉਪਰ ਹੋ ਰਹੇ ਜ਼ਬਰ ਜ਼ੁਲਮ ਵਿਰੁੱਧ ਆਮ ਮਨੁੱਖ ਦੀ ਪ੍ਰਤੀਬੱਧਤਾ ਨੂੰ ਸਾਕਾਰਦਾ ਹੈ। ਉਸ ਦੀ ਕਵਿਤਾ ਜੀਵਨ ਵਿਚਲੇ ਤ੍ਰਾਸਦਿਕ ਯਥਾਰਥ ਅਧੀਨ ਸੁਹਜ ਸੁਆਦ ਨੂੰ ਤਿਆਗਦੀ ਹੈ :

ਮੈਨੂੰ ਆਪਣੇ ਸ਼ਬਦ
ਪਰੋ ਕੇ ਰੱਖਣੇ ਪੈਂਦੇ ਹਨ
ਇਕ ਪਲ ਵਿਚ—
ਕਿਉਂਕਿ ਹਰ ਸੀਮਾਂ ਦੇ
ਉਸ ਪਾਰ
ਦੁਸ਼ਮਣ ਖੜੇ ਹਨ।

(ਭਾਫ ਤੇ ਧੂਆਂ, 'ਲੜਾਂਗੇ ਸਾਥੀ'. ਪੰਨਾ 105)

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।
ਜਿਨ੍ਹਾਂ ਦੇ ਹੜ੍ਹ 'ਚ ਰੁੜ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

(ਇਨਕਾਰ, 'ਸਾਡੇ ਸਮਿਆਂ ਵਿਚ', ਪੰਨਾ ੲ)

ਮੈਂ ਕਵਿਤਾ ਕੋਲੋਂ ਮੰਗਦਾ ਹਾਂ, ਤੇਰੇ ਲਈ ਨਹੁ ਪਾਲਸ਼ ਦੀ ਸ਼ੀਸ਼ੀ
ਛੋਟੀ ਭੈਣ ਲਈ ਰੰਗਦਾਰ ਕਢਾਈ ਵਾਲਾ ਧਾਗਾ
ਤੇ ਬਾਪੂ ਦੇ ਮੋਤੀਏ ਲਈ ਕੌੜਾ ਦਾਰੂ।

(ਤੈਨੂੰ ਪਤਾ ਨਹੀਂ, ਉਹੀ, ਪੰਨਾ 23)

ਇਸ ਤਰ੍ਹਾਂ ਪਾਸ਼ ਦੀ ਕਵਿਤਾ ਦੇ ਸੁਹਜ ਦੀ ਥਾਂ ਜ਼ਿੰਦਗੀ ਦੇ ਯਥਾਰਥ ਨੂੰ ਪ੍ਰਮੁੱਖਤਾ ਪ੍ਰਦਾਨ ਕਰਦੀ ਹੈ। ਬਲਜੀਤ ਕੌਰ ਅਨੁਸਾਰ :

> ਪਾਸ਼ ਦੀ ਨਜ਼ਰ ਵਿਚ ਕਵਿਤਾ ਸੁਹਜ ਸੁਆਦ ਦੀ ਤ੍ਰਿਪਤੀ ਲਈ ਰਚੀ ਗਈ ਇਕ ਖੂਬਸੂਰਤ ਕੋਮਲ ਤੇ ਸੰਗੀਤਕ ਰੂਪ ਰਚਨਾ ਨਹੀਂ ਜੋ ਰੂਹ ਨੂੰ ਰਸ ਹੁਲਾਰ ਦੇ ਕੇ ਅੰਨਦਿਤ ਕਰੇ, ਇਹ ਤਾਂ ਗੰਦ ਨੂੰ ਧੋਣ ਦਾ ਇਕ ਸਾਧਨ ਹੈ।[1]

ਪਾਸ਼ ਦੀ ਕਵਿਤਾ ਮਨੁੱਖੀ ਜੀਵਨ ਦੀਆਂ ਨਿੱਕੀਆਂ ਨਿੱਕੀਆਂ ਲੋੜਾਂ ਦੀ ਪੂਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮੰਗ ਅਭਿਵਿਅਕਤ ਕਰਨ ਦਾ ਇਕ ਮਾਧਿਅਮ ਹੈ ਜਾਂ ਜੀਣ ਲਈ ਇਕ ਤਰਲਾ ਹੈ। ਇਹ ਕਵਿਤਾ ਪੁਰਾਤਨ ਕਵੀਆਂ ਵਾਂਗ ਭਾਵਾਂ ਦਾ ਵਿਰੇਚਨ ਕਰਨ ਦੀ ਥਾਂ ਮਨੁੱਖੀ ਚੇਤਨਾਂ ਨੂੰ ਝੰਜੋੜਦੀ ਹੋਈ ਵਿਆਪਕ ਗੁੱਸੇ ਨੂੰ ਪੈਦਾ ਕਰਦੀ ਹੈ। ਅਤੇ ਜੁਝਾਰ ਵਿਦਰੋਹੀ ਸੰਕਲਪ ਅਪਣਾਉਂਦੀ ਹੋਈ ਇਸ ਪੱਖ ਉਤੇ ਜ਼ੋਰ ਦਿੰਦੀ ਹੈ ਕਿ ਕਵਿਤਾ ਦਾ ਮੂਲ ਮਨੋਰਥ ਨੀਂਦ ਦੀ ਗੋਲੀ ਦੀ ਤਰ੍ਹਾਂ ਸੁਆਉਣਾ ਨਹੀਂ ਸਗੋਂ ਇਨਕਲਾਬੀ ਕਰਮ ਕਰਨ ਵੱਲ ਪ੍ਰੇਰਿਤ ਕਰਨਾ ਹੈ। ਪਾਸ਼ ਕਵਿਤਾ ਕੋਲੋਂ ਇਕ ਪਾਸੇ ਤਾਂ ਜੀਵਨ ਦੀਆਂ ਇਛਾਵਾਂ ਦੀ ਮੰਗ ਕਰਦਾ ਹੈ ਪਰ ਦੂਜੇ ਪਾਸੇ ਇਸ ਗੱਲ ਦੀ ਪੁਸ਼ਟੀ ਵੀ ਕਰਦਾ ਹੈ :

ਤੇ ਮੇਰੇ ਕੋਲ ਕੁਝ ਨਹੀਂ
ਅੱਕ ਦੇ ਬੂਟਿਆਂ ਵਰਗੀ ਕਵਿਤਾ ਤੋਂ ਸਿਵਾ
ਜੋ ਅੰਬਾਂ ਵਾਂਗ ਦੀਂਹਦੇ ਹੋਏ ਵੀ ਚੂਪੇ ਨਹੀਂ ਜਾ ਸਕਦੇ
(ਤੈਨੂੰ ਪਤਾ ਨਹੀਂ, 'ਸਾਡੇ ਸਮਿਆਂ ਵਿਚ', ਪੰਨਾ 25)

ਇਸ ਤਰ੍ਹਾਂ ਇਹਨਾਂ ਕਾਵਿਕ-ਪੰਗਤੀਆਂ ਤੋਂ ਕੁਹਜ ਅਤੇ ਸੁਹਜ ਦੇ ਦਵੈਤ ਦਾ ਗਿਆਨ ਹੁੰਦਾ ਹੈ। ਸ਼ਾਇਰੀ ਦੇ ਪ੍ਰਚਲਿਤ ਸੰਕਲਪ ਅਧੀਨ ਕਵੀ ਦੀ ਚੇਤਨਾ ਬਾਰ ਬਾਰ ਝੰਜੋੜਨ ਦਾ ਯਤਨ ਕਰਦੀ ਹੈ ਪਰ ਉਸਦੀ ਮਾਨਸਿਕਤਾ ਜੀਵਨ ਦੀਆਂ ਸਮੱਸਿਆਵਾਂ ਨੂੰ ਯਥਾਰਥਵਾਦੀ ਪੈਂਤੜੇ ਤੋਂ ਪੇਸ਼ ਕਰਨ ਵੱਲ ਰੁਚਿਤ ਹੈ। ਇਸ ਤਰ੍ਹਾਂ ਕਵੀਂ ਦਾ ਮੂਲ ਮੰਤਵ ਕਵਿਤਾ ਕੋਲੋਂ ਇਨ੍ਹਾਂ ਦੀ ਪੂਰਤੀ ਦੀ ਮੰਗ ਹੈ। 'ਮੈਨੂੰ ਚਾਹੀਦੇ ਹਨ ਕੁਝ ਬੋਲ' ਕਵਿਤਾ ਵਿਚ ਕਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੋਇਆ ਕਹਿੰਦਾ ਹੈ :

ਮੈਂ ਕਾਹਨੂੰ ਪੜ੍ਹਨਾ ਹੈ ਜ਼ਫ਼ਰਨਾਮਾ
ਜੇ ਮੈਨੂੰ ਮਿਲ ਜਾਣ ਕੁਝ ਬੋਲ
ਜਿਨ੍ਹਾਂ ਦਾ ਇਕ ਗੀਤ ਬਣ ਸਕੇ।
(ਮੈਨੂੰ ਚਾਹੀਦੇ ਹਨ ਕੁਝ ਬੋਲ 'ਲੜਾਂਗੇ ਸਾਥੀ', ਪੰਨਾ 36)

ਜਦ ਵੀ ਕੋਈ ਲੇਖਕ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਆਪਣੀ ਕਵਿਤਾ ਰਾਹੀਂ ਸੱਜਰੇ ਰੂਪ ਵਿਚ ਪੇਸ਼ਕਾਰੀ ਕਰਨ ਲਈ ਯਤਨਸ਼ੀਲ ਹੁੰਦਾ ਹੈ ਤਾਂ ਉਹ ਹੀ ਉਸ ਦੀ ਕਵਿਤਾ ਦਾ ਸੁਹਜ ਬਣ ਜਾਂਦਾ ਹੈ ਅਤੇ ਅਜਿਹੀ ਰਚਨਾ ਪ੍ਰਗੀਤ ਸੰਵੇਦਨਾ ਦੇ ਰੂਪ ਵਿਚ ਰੂਪਾਂਤਰਿਤ ਹੋ ਜਾਂਦੀ ਹੈ। ਪਾਸ਼ ਮੱਧ ਸ਼੍ਰੇਣੀ ਦੇ ਪ੍ਰਚਲਿਤ ਕਾਵਿ-ਸ਼ਾਸਤਰ ਦਾ ਅਨੁਗਾਮੀ ਹੋਣ ਦੀ ਥਾਂ ਵਿਸ਼ਾਲ ਅਤੇ ਲੋਕ-ਪੱਖੀ ਸੁਹਜ-ਸ਼ਾਸਤਰ ਦੀ ਉਸਾਰੀ ਕਰਨ ਲਈ ਯਤਨਸ਼ੀਲ ਹੈ। ਉਹ ਆਪ ਹੀ ਇਸ ਗੱਲ ਦੀ ਪੁਸ਼ਟੀ ਕਰਦਾ ਹੋਇਆ ਕਹਿੰਦਾ ਹੈ :

ਇਹ ਗੀਤ ਮੈਂ ਉਨ੍ਹਾਂ ਗੂੰਗਿਆਂ ਨੂੰ ਦੇਣਾ ਹੈ
ਜਿਨ੍ਹਾਂ ਨੂੰ ਗੀਤਾਂ ਦੀ ਕਦਰ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਜਿਨ੍ਹਾਂ ਨੂੰ ਤੁਹਾਡੇ ਭਾਣੇ ਗਾਉਣਾ ਨਹੀਂ ਪੁਗਦਾ

(ਮੈਨੂੰ ਚਾਹੀਦੇ ਹਨ ਕੁਝ ਬੋਲ, 'ਉੱਡਦੇ ਬਾਜਾਂ ਮਗਰ', ਪੰਨਾ 30)

ਮੇਰੇ ਕੋਲ ਸੁਹਜ ਦੀ ਸੁਪਨ ਸੀਮਾਂ ਤੋਂ ਉਰ੍ਹੇ
ਹਾਲਾਂ ਕਰਨ ਨੂੰ ਬਹੁਤ ਗੱਲਾਂ ਹਨ
ਅਜੇ ਮੈਂ ਧਰਤ ਤੇ ਛਾਈ
ਕਿਸੇ ਸ਼ੀਰੀ ਦੇ ਕਾਲੇ ਬੁਲਾਂ ਜਿਹੀ ਰਾਤ ਦੀ ਗੱਲ ਕਰਾਂਗਾ

(ਇਨਕਾਰ, 'ਸਾਡੇ ਸਮਿਆਂ ਵਿਚ', ਪੰਨਾ ਅ)

ਜ਼ਿੰਦਗੀ ਜੇ ਕਵਿਤਾ ਜੇਹੀ ਹੁੰਦੀ
ਅਸੀਂ ਖਾਮੋਸ਼ ਹੀ ਰਹਿੰਦੇ।

(ਇੰਜ ਹੀ ਸਹੀ, 'ਉੱਡਦੇ ਬਾਜਾਂ ਮਗਰ', ਪੰਨਾ 11)

ਇਸ ਤਰ੍ਹਾਂ ਉਪਰੋਕਤ ਉਦਾਹਰਣ ਤੋਂ ਸਪਸ਼ਟ ਹੈ ਕਿ ਪਾਸ਼ ਆਪਣੀ ਕਵਿਤਾ ਲਈ ਇਕ ਪਾਸੇ ਨਵੇਂ ਸੁਹਜ ਸ਼ਾਸਤਰ ਦੀ ਉਸਾਰੀ ਕਰਨ ਦੀ ਯਤਨਬੱਧਤਾ ਅਧੀਨ ਸੁਹਜ ਦਾ ਖੰਡਨ ਕਰਦਾ ਹੈ ਤੇ ਦੂਜੇ ਪਾਸੇ ਉਹ ਸੁਹਜ ਦੀ ਉਸਾਰੀ ਲਈ ਕਾਰਜਸ਼ੀਲ ਹੈ, ਪਰ ਅਜਿਹੇ ਸੁਹਜ ਲਈ ਕਾਰਜਸ਼ੀਲ ਹੈ ਜੋ ਨਿਮਨ ਵਰਗ ਦੀ ਤ੍ਰਾਸਦਿਕ ਸਥਿਤੀ ਵਿਚ ਰੌਸ਼ਨੀ ਦੀ ਇਕ ਕਿਰਣ ਉਤਪੰਨ ਕਰ ਸਕੇ। ਇਸ ਤਰ੍ਹਾਂ ਪਾਸ਼ ਦੀ ਕਵਿਤਾ ਇਕੋ ਵੇਲੇ ਚੇਤੰਨ ਵਿਅਕਤੀ ਦੀ ਤਰ੍ਹਾਂ ਖੰਜਰ ਦਾ ਕੰਮ ਵੀ ਕਰਦੀ ਹੈ ਅਤੇ ਮਲ੍ਹਮ ਦਾ ਵੀ।

ਹਰ ਕਵੀ ਦਾ ਆਪਣਾ ਆਪਣਾ ਲਿਖਣ ਢੰਗ ਹੁੰਦਾ ਹੈ। ਕਿਸੇ ਵੀ ਕਵੀ ਦੇ ਵਿਚਾਰ ਭਾਵੇਂ ਕਿੰਨੇ ਵੀ ਵਧੀਆ ਹੋਣ, ਪਰ ਜਿੰਨਾ ਚਿਰ ਉਹਨਾਂ ਵਿਚਾਰਾਂ ਨੂੰ ਪੂਰੀ ਸ਼ਿੱਦਤ ਨਾਲ ਬਿਆਨਣ ਦੀ ਯੋਗਤਾ ਨਹੀਂ ਉਨਾ ਚਿਰ ਕੋਈ ਵੀ ਕਵੀ ਸ੍ਰੇਸ਼ਟ ਨਹੀਂ ਬਣ ਸਕਦਾ। ਵਧੀਆ ਲਿਖਣ ਢੰਗ ਤਾਂ ਘਟੀਆ ਵਿਚਾਰਾਂ ਵਿਚ ਵੀ ਰਵਾਨਗੀ ਭਰ ਦਿੰਦਾ ਹੈ। ਐਡਵਰਡ ਸੈਦ ਸ਼ੈਲੀ ਬਾਰੇ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਹੋਇਆ ਕਹਿੰਦਾ ਹੈ :

> ਸ਼ੈਲੀ ਕਿਸੇ ਲੇਖਕ ਦਾ ਪਛਾਣਨਯੋਗ ਦੁਹਰਾਉਣਯੋਗ ਅਤੇ ਸਾਂਭਣਯੋਗ ਚਿਹਨ ਹੁੰਦਾ ਹੈ—ਉਹ ਲੇਖਕ ਜਾਂ ਸਰੋਤਿਆਂ ਨਾਲ ਦੋ ਚਾਰ ਹੁੰਦਾ ਹੈ।[2]

ਹਰ ਕਵੀ ਜਿਸ ਸਮੇਂ ਅਤੇ ਸਥਾਨ ਵਿਚ ਵਿਚਰਦਾ ਹੈ ਉਸਦੀ ਪ੍ਰਚਲਿਤ ਭਾਸ਼ਾ ਨੂੰ ਅਪਣਾ ਕੇ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਹੈ। ਪਾਸ਼ ਆਪਣੀ ਵੰਨਗੀ ਦੇ ਕਵੀਆਂ ਵਿਚੋਂ ਇਕ ਅਜਿਹਾ ਕਵੀ ਸੀ ਜਿਸ ਦੇ ਵਿਚਾਰ ਵੀ ਇਨਕਲਾਬੀ ਕਰਮ ਕਰਨ ਵੱਲ ਪ੍ਰੇਰਿਤ ਕਰਦੇ ਹਨ ਅਤੇ ਬੋਲੀ ਸ਼ੈਲੀ ਦੇ ਪੱਖੋਂ ਵੀ ਉਹ ਵਿਸ਼ੇਸ਼ ਵਿਲੱਖਣਤਾ ਦਾ ਧਾਰਣੀ ਹੈ। ਪਿੰਡ ਵਿਚ ਹੀ ਜੰਮਿਆਂ, ਪਲਿਆ, ਪੜ੍ਹਿਆ ਲਿਖਿਆ ਹੋਣ ਕਰਕੇ ਉਸਦਾ ਵਧੇਰੇ ਸੰਬੰਧ ਕਿਸਾਨੀ ਜੀਵਨ ਨਾਲ ਹੀ ਸੀ। ਇਸ ਕਰਕੇ ਉਸਦੀ ਕਵਿਤਾ ਵਿਚ ਪੇਂਡੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਬਦਾਵਲੀ ਆ ਜਾਣਾ ਕੁਦਰਤੀ ਗੱਲ ਹੈ। ਪਾਸ਼ ਨੇ ਭਾਰਤੀ ਸਮਾਜ ਵਿਚ ਆ ਰਹੀਆਂ ਤਬਦੀਲੀਆਂ ਨੂੰ ਆਪਣੀ ਕਵਿਤਾ ਰਾਹੀਂ ਪੇਂਡੂ ਸ਼ਬਦਾਵਲੀ ਵਿਚ ਆਮ ਬੰਦੇ ਦੀ ਪੱਧਰ ਤੇ ਖੜ੍ਹ ਕੇ ਲਿਖੀ ਹੈ। ਇਹ ਸੰਪੂਰਨ ਕਾਵਿ-ਰਚਨਾ ਸਾਫ਼ ਤੇ ਸਪਸ਼ਟ ਨਿਸ਼ਾਨਦੇਹੀ ਕਰਦੀ ਹੈ ਕਿ ਮੌਜੂਦਾ ਭਾਰਤੀ ਪ੍ਰਬੰਧ ਵਿਚ ਰਾਜ ਭਾਗ ਤੇ ਭਾਰੂ ਸਰਮਾਏਦਾਰ ਜਮਾਤ ਨੂੰ ਵਿਸ਼ਾਲ ਕਿਰਤੀ ਲੋਕਾਂ ਦੀ ਏਕਤਾ ਨਾਲ ਹੀ ਪੱਲਟਿਆ ਜਾ ਸਕਦਾ ਹੈ। ਪਾਸ਼ ਆਪਣੀ ਗੱਲ ਨੂੰ ਬੜੀ ਸਪਸ਼ਟ ਸਰਲ ਸੁਚੱਜੇ ਢੰਗ ਨਾਲ ਪੇਂਡੂ ਸ਼ਬਦਾਵਲੀ ਵਿਚ ਕਹਿ ਦਿੰਦਾ ਹੈ ਜਿਵੇਂ :

ਮੈਂ ਤੱਕਿਆ ਹੈ ਧਰੇਕਾਂ ਦੇ ਫੁੱਲ 'ਤੇ ਮਹਿਕ ਗਾਉਂਦੀ ਨੂੰ
ਮੈਂ ਤੱਕਿਆ ਹੈ ਕਪਾਹ ਦੇ ਫੁੱਟਾਂ ਵਿਚ ਟਕਸਾਲ ਢਲਦੀ ਨੂੰ
ਮੈਂ ਚੋਰਾਂ ਵਾਂਗ ਗਿਟਮਿਟ ਕਰਦੀਆਂ ਚਰੀਆਂ ਨੂੰ ਤੱਕਿਆ ਹੈ
ਮੈਂ ਤੱਕਿਆ ਹੈ ਸਰ੍ਹੋਂ ਦੇ ਫੁੱਲਾਂ 'ਤੇ ਤਿਰਕਾਲ ਢਲਦੀ ਨੂੰ

(ਉਹਦੇ ਨਾਂ, 'ਉੱਡਦੇ ਬਾਜਾਂ ਮਗਰ', ਪੰਨਾ 43)

ਮੈਂ ਧੰਨਵਾਦ ਕਰਦਾ ਹਾਂ...
ਟੀਂਡਿਆਂ 'ਚੋਂ ਕਿਰੀਆਂ ਕਪਾਹਾਂ ਦਾ
ਜਿਨ੍ਹਾਂ ਨੇ ਕਦੇ ਵੀ ਕੋਈ ਉਜ਼ਰ ਨਾ ਕੀਤਾ
ਤੇ ਸਦਾ ਮੁਸਕਰਾ ਕੇ ਆਪਣੇ ਲਈ ਸੇਜ ਬਣ ਗਈਆਂ
ਗੰਨਿਆਂ ਉਤੇ ਤੈਨਾਤ ਪਿੱਦੀਆਂ ਦਾ
ਜਿਨ੍ਹਾਂ ਨੇ ਆਉਂਦੇ ਜਾਂਦੇ ਦੀ ਬਿੜਕ ਰੱਖੀ
ਜਵਾਨ ਹੋਈਆਂ ਕਣਕਾਂ ਦਾ
ਜੋ ਸਾਨੂੰ ਬੈਠਿਆਂ ਨਾ ਸਹੀ, ਲੇਟਿਆਂ ਤਾਂ ਢੱਕਦੀਆਂ ਰਹੀਆਂ।

(ਮੈਂ ਹੁਣ ਵਿਦਾ ਹੁੰਦਾ ਹੈ, 'ਸਾਡੇ ਸਮਿਆਂ ਵਿਚ', ਪੰਨਾ 7)

ਪਾਸ਼ ਦੀ ਕਾਵਿ-ਰਚਨਾ ਵਿਚ ਉਰਦੂ ਫਾਰਸੀ ਦੇ ਸ਼ਬਦ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ ਜਮਹੂਰੀਅਤ ਗੁਲਜ਼ਾਰ, ਪਾਸਬਾਨ, ਖ਼ਬਰ, ਹਰਫ਼, ਅਰਜ਼, ਤਲਬ, ਤਸਦੀਕ, ਬੇ-ਸ਼ਿਕਵਾ, ਖੁਦ-ਬ-ਖੁਦ ਰੋਜ਼ਨਾਮਚਾ, ਖਾਮੋਸ਼ੀ, ਤਖਤਪੋਸ਼, ਅਲਫ਼, ਫ਼ਿਤਰਤ, ਖੁਨਾਮੀ, ਇਕਬਾਲ, ਤਗ਼ਮਾ, ਅਰਜ਼, ਖ਼ੁਦਕਸ਼ੀ, ਗੁਸਤਾਖ, ਇਵਜ਼, ਬਾਦਸ਼ਾਹਤ, ਕਬਰਸਤਾਨ, ਤਰਕਸ਼ ਆਦਿ। ਇਸੇ ਤਰ੍ਹਾਂ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਵੀ ਮਿਲਦੇ ਹਨ ਜਿਵੇਂ : ਏਅਰਗੰਨ, ਡੀਫੈਂਸ, ਪੈਨਸ਼ਨ, ਪੌਲਿੰਗ, ਪਾਇਜ਼ਨ, ਸਟੋਰ, ਬੀ. ਐਸ. ਐਫ , ਨੈਸ਼ਨਲ-ਐਨਥਮ, ਨੀਕੋਟਿਨ, ਡਾਈਨਿੰਗ-ਟੇਬਲ, ਯੂਨੀਫਰਸਿਟੀ, ਏਜੰਟੀ, ਸੈਕਟਰੀ, ਕਰਫਿਊ, ਲੰਚ, ਸਟੇਟ, ਮੈਨੀਫੈਸਟੋ, ਫੀਅਟ, ਫਾਇਰਾ, ਸਕੂਲ, ਕਾਮਰੇਡ ਆਦਿ। ਇਸ ਤੋਂ ਇਲਾਵਾ ਪਾਸ਼ ਦੀ ਕਾਵਿ ਰਚਨਾ ਵਿਚ ਠੇਠ ਪੰਜਾਬੀ ਭਾਸ਼ਾ ਦੀ ਵਰਤੋਂ ਵੀ ਮਿਲਦੀ ਹੈ ਜਿਵੇਂ : ਕਣਮੋਅ, ਅਖਾਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁਹਾਰੀ, ਬੜ੍ਹਕ, ਬੌਹਲ, ਬਿਆਈਆਂ, ਸੰਝ, ਫੌਹੜਾ ਦੀਦਿਆਂ, ਟੁੰਮਾਂ, ਭੱਤਾ. ਖਵਰੇ, ਘੱਲਦੀ ਟੋਹ ਕੇ, ਵਿਹੁ ਆਦਿ ।

ਆਮ ਕਰਕੇ ਕਾਵਿਕ ਆਲੋਚਕਾਂ ਦਾ ਮੱਤ ਹੈ ਕਿ ਕਵਿਤਾ ਨਾਹਰੇਬਾਜ਼ੀ ਨਹੀਂ ਹੁੰਦੀ ਪਰ ਜੋ ਕਵੀ ਗ਼ੁਲਾਮ-ਭਰਪੂਰ ਜ਼ਿੰਦਗੀ ਤੋਂ ਮੁਕਤੀ ਲਈ ਯਤਨਸ਼ੀਲ ਹੋਵੇ ਜਿਸਦੀ ਅੰਦਰੂਨੀ ਆਤਮਾ ਇਹਨਾਂ ਸੰਸਾਰਕ ਗ਼ਲਤ ਕਦਰਾਂ ਕੀਮਤਾਂ ਅਧੀਨ-ਵਲ੍ਹੂੰਧਰੀ ਗਈ ਹੋਵੇ, ਉਸ ਵਿਚੋਂ ਨਾਹਰੇ ਦਾ ਟੱਪਕਣਾ ਸੁਭਾਵਿਕ ਜਿਹੀ ਘਟਨਾ ਕਹੀ ਜਾ ਸਕਦੀ ਹੈ । ਦੇਖਿਆ ਜਾਵੇ ਤਾਂ ਕਵਿਤਾ ਲਈ ਨਾਹਰਾ ਕੋਈ ਮੇਹਣਾ ਨਹੀਂ ਹੁੰਦਾ ਜੇ ਇਹ ਕੇਵਲ ਸ਼ਾਬਦਿਕ ਤੌਰ ਤੇ ਹੀ ਨਹੀਂ ਬਲਕਿ ਅਵਾਮ ਨੂੰ ਧੁਰ ਅੰਦਰੋਂ ਵੀ ਹਲੂਣਦਾ ਹੋਵੇ । ਨਾਹਰਾ ਤਾਂ ਅਸਲ ਵਿਚ ਵਰਗ ਦੇ ਆਦਰਸ਼ ਦੀ ਸਥਾਪਤੀ/ਪਕਿਆਈ ਦਾ ਇਕ ਸਾਧਨ ਹੈ । ਇਹ ਲਹਿਰ ਤੇ ਸਮਾਜਕ ਸਥਿਤੀ ਦੀ ਜਿੰਦ ਜਾਨ ਹੁੰਦਾ ਅਤੇ ਇਨਕਲਾਬ ਨੂੰ ਅੰਕਿਤ ਕਰਨ ਦਾ ਇਕ ਵਡਮੁੱਲਾ ਸਾਧਨ ਹੁੰਦਾ ਹੈ । ਪ੍ਰੋ. ਕਿਸ਼ਨ ਸਿੰਘ ਆਪਣੇ ਲੇਖ 'ਸਿੱਖ ਲਹਿਰ ਦਾ ਸਿਖਰ-ਗੁਰੂ ਗੋਬਿੰਦ ਸਿੰਘ ਕਿ ਮਹਾਰਾਜਾ ਰਣਜੀਤ ਸਿੰਘ' ਵਿਚ ਨਾਹਰੇ ਸੰਬੰਧੀ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਹੋਇਆ ਕਹਿੰਦਾ ਹੈ :

> ਨਾਹਰਾ ਉਹ ਹੁੰਦਾ ਹੈ ਜੋ ਜਥੇਬੰਦੀ ਦੇ ਨਿਸ਼ਾਨੇ ਨੂੰ ਐਨਾ ਸਪਸ਼ਟ ਕਰਕੇ ਦੱਸੇ ਕਿ ਮਤਲਬ ਇਕ ਦਮ ਹਿੱਕ ਵਿਚ ਵੱਜੇ ਅਤੇ ਇਤਨਾ ਜ਼ੋਰ ਨਾਲ ਬੋਲਿਆ ਜਾਵੇ ਕਿ ਬੋਲਣ ਵਾਲੇ ਤੇ ਸੁਣਨ ਵਾਲੇ ਨੂੰ ਵੀ ਤਹਿ ਤੱਕ ਹਿਲਾ ਦੇਵੇ ।...ਜਥੇਬੰਦੀ ਤੇ ਉਸਦਾ ਆਦਰਸ਼ ਉਨਾ ਹੀ ਪੱਕਾ ਹੁੰਦਾ ਹੈ ਜਿੰਨੀ ਜ਼ਿਆਦਾ ਵਾਰੀ ਨਾਹਰੇ ਲਾਏ ਜਾਣ ।[3]

ਪਾਸ਼ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੀ ਹਰ ਸ਼ਬਦ ਰਚਨਾ ਅਵਾਮ ਦੇ ਧੁਰ ਅੰਦਰ ਧੱਸ ਜਾਂਦੀ ਹੈ ਅਤੇ ਇਕ ਵਿਦਰੋਹ/ਕ੍ਰਾਂਤੀ ਲਿਆਉਣ ਲਈ ਇਸ ਸੰਸਾਰਕ ਮੈਦਾਨ ਵਿਚ ਜੂਝਣ ਲਈ ਕਾਰਜਸ਼ੀਲ ਹੋ ਜਾਂਦੀ ਹੈ । ਪਾਸ਼ ਦੀਆਂ ਨਜ਼ਮਾਂ ਇਸ ਗੱਲ ਦੀ ਸਪਸ਼ਟ ਰੂਪ ਵਿਚ ਪੁਸ਼ਟੀ ਕਰ ਜਾਂਦੀਆਂ ਹਨ ਜਿਵੇਂ :

> ਜਦੋਂ ਬੰਦੂਕ ਨਾ ਹੋਈ, ਉਦੋਂ ਤਲਵਾਰ ਹੋਵੇਗੀ
> ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ
> ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ
> ਤੇ ਅਸੀਂ ਲੜਾਂਗੇ ਸਾਥੀ...
>
> (ਅਸੀਂ ਲੜਾਂਗੇ ਸਾਥੀ, 'ਉੱਡਦੇ ਬਾਜਾਂ ਮਗਰ', ਪੰਨਾ 27)

> ਅਸੀਂ ਤੁਹਾਨੂੰ ਆਦਰ ਸਹਿਤ
> ਸਣੇ ਤੁਹਾਡੇ ਹੋਂਦ ਵਾਦ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਰਸ਼ੇ ਦੀ ਨੋਕ ਤੇ ਟੰਗ ਕੇ
ਚੰਦ ਉਤੇ ਅਪੜਾ ਦੇਵਾਂਗੇ

(ਗਲੇ ਸੜੇ ਫੁੱਲਾਂ ਦੇ ਨਾਂ, 'ਲੋਹ ਕਥਾ', ਪੰਨਾ 20)

ਮੈਂ ਹਰ ਖਾਲੀ ਸੁਰਾਹੀ ਭੰਨ ਦੇਵਾਂਗਾ
ਮੇਰਾ ਲਹੂ ਤੇ ਮੁੜ੍ਹਕਾ ਮਿੱਟੀ ਵਿਚ ਡੁਲ੍ਹ ਗਿਆ ਹੈ
ਮੈਂ ਮਿੱਟੀ ਵਿਚ ਦੱਬੇ ਜਾਣ ਤੇ ਵੀ ਉੱਗ ਆਵਾਂਗਾ

('ਯੁੱਗ ਪਲਟਾਵਾ', ਉਹੀ, ਪੰਨਾ 25)

ਪਾਸ਼ ਵਿਰੋਹੀ ਵਰਗ ਦੇ ਅਣਮਨੁੱਖੀ ਕਿਰਦਾਰ ਦੇ ਪਾਜ ਉਘਾੜਨ ਅਤੇ ਆਪਣੇ ਨਿਮਨ ਵਰਗ ਦੀ ਦੁਖਦਾਈ ਸਥਿਤੀ ਦਾ ਚਿਤ੍ਰਣ ਕਰਕੇ ਰੋਹ ਉਪਜਾਉਣ ਲਈ ਯਤਨਸ਼ੀਲ ਹੈ ਇਸੇ ਲਈ ਉਹ ਲੋਕ-ਚੇਤਨਾ ਨੂੰ ਟੁੰਬਣ, ਲੋਕ ਅਣਖ ਨੂੰ ਉਭਾਰਨ, ਲੋਕ ਕਰੁਣਾ ਤੇ ਲੋਕ ਰੋਹ ਨੂੰ ਉਭਾਰਨ ਵਾਲੀਆਂ ਜੁਗਤਾਂ, ਸੰਬੋਧਨ, ਲਲਕਾਰ, ਐਲਾਨ, ਨਾਹਰੇ ਦੀ ਵਰਤੋਂ ਕਰਦਾ ਹੈ।

ਸੰਦੇਸ਼ਮਈ ਸੰਬੋਧਨ ਨੂੰ ਉਹ ਕਵਿਤਾ ਵਿਚ ਇਕ ਸਮਰੱਥ ਵਿਧੀ ਵਜੋਂ ਸਵੀਕਾਰਦਾ ਹੈ ਅਤੇ ਇਸ ਨੂੰ ਆਪਣੀ ਕਾਵਿ ਰਚਨਾ ਵਿਚ ਅਪਣਾਉਂਦਾ ਹੈ। ਬਲਜੀਤ ਕੌਰ ਪਾਸ਼ ਦੀ ਸੰਬੋਧਨ ਵਿਧੀ ਸੰਬੰਧੀ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਦੀ ਹੋਈ ਕਹਿੰਦੀ ਹੈ :

> ਸੰਬੋਧਨ ਦੀ ਵਿਧੀ ਦੀ ਵਰਤੋਂ ਉਹ ਚੇਤਾਵਨੀ ਦੇਣ ਲਈ ਵੀ ਕਰਦਾ ਹੈ, ਸੰਦੇਸ਼ ਦੇਣ ਲਈ ਵੀ ਅਤੇ ਵੰਗਾਰ, ਪ੍ਰੇਰਣਾ, ਉਕਸਾਹਟ ਜਾਂ ਉਤਸ਼ਾਹ ਦੀ ਖਾਤਰ ਵੀ।[3]

ਵਿਰੋਧੀ ਧਿਰ ਨੂੰ ਸੰਬੋਧਨ ਕਰਨ ਦਾ ਮੰਤਵ ਚੇਤਾਵਨੀ ਦੇਣਾ ਹੁੰਦਾ ਹੈ ਅਤੇ ਆਪਣੀ ਧਿਰ ਨੂੰ ਸੰਬੋਧਨ ਕਰਨ ਦਾ ਅਰਥ ਸੰਦੇਸ਼ ਦੇਣਾ ਹੈ। ਕਈ ਕਵਿਤਾਵਾਂ ਪਾਸ਼ ਨੇ ਸ੍ਵੈ-ਸੰਬੋਧਨੀ ਲਹਿਜੇ ਵਿਚ ਵੀ ਲਿਖੀਆਂ ਹਨ ਪਰ ਇਹਨਾਂ ਨਜ਼ਮਾਂ ਦਾ ਮੰਤਵ ਕੇਵਲ ਵਰਗ ਨੂੰ ਸੁਨੇਹਾ ਦੇਣਾ ਹੈ। ਉੱਚ-ਵਰਗ ਨੂੰ ਸਿੱਧਾ ਸੰਬੋਧਨ ਕਰਨਾ ਬਹੁਤ ਵਾਰੀ ਕਵਿਤਾ ਨੂੰ ਸਪਾਟ ਕਥਨ, ਐਲਾਨਨਾਮੇ ਜਾਂ ਨਾਹਰੇ ਦਾ ਰੂਪ ਦੇ ਦਿੰਦਾ ਹੈ।

ਪਾਸ਼ ਦੀਆਂ ਕਈ ਕਵਿਤਾਵਾਂ ਕਈ ਵਾਰ ਸਿੱਧੀਆਂ ਗਾਲਾਂ ਤੇ ਵਿਅਕਤੀਗਤ ਚੋਟਾਂ ਦਾ ਰੂਪ ਵੀ ਧਾਰਣ ਕਰ ਜਾਂਦੀਆਂ ਹਨ ਜਿਵੇਂ ਭਾਰਤ, ਯੁੱਧ ਤੇ ਸ਼ਾਂਤੀ, ਲੰਕਾ ਦੇ ਇਨਕਲਾਬੀਆਂ ਨੂੰ, ਕਾਤਲ ਆਦਿ ਇਸ ਪੱਖੋਂ ਵਿਸ਼ੇਸ਼ ਵਰਣਨ ਯੋਗ ਹਨ। ਇਸ ਤੋਂ ਇਲਾਵਾ ਜਿਹੜੀਆਂ ਕਵਿਤਾਵਾਂ ਵਿਚ ਤੁਸੀਂ ਜਾਂ ਤੂੰ ਜਾਂ ਤੁਹਾਨੂੰ ਸੰਬੋਧਨ ਵਾਲੀਆਂ ਹਨ ਅਤੇ ਕਿਸੇ ਪ੍ਰਤੀ ਵਿਰੋਧੀ ਪੈਂਤੜਾ ਅਪਣਾਉਂਦਿਆਂ ਇਕ ਤਰ੍ਹਾਂ ਦੁਸ਼ਮਣ ਨੂੰ ਮੁਖਾਤਿਬ ਹਨ। ਇਹ ਅਸਲ ਵਿਚ 'ਦਬਾਏ ਹੋਏ' ਦਾ ਦਬਾਉਣ ਵਾਲੀਆਂ ਵਿਰੁੱਧ ਦੁਸ਼ਮਣੀ ਦਾ ਐਲਾਨ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਉੱਡਦੇ ਬਾਜਾਂ ਮਗਰ', 'ਬਾਡਰ', 'ਸਫਰ', 'ਹੱਥ' ਅਸੀਂ ਲੜਾਂਗੇ ਸਾਥੀ, ਆਦਿ ਕੇਵਲ ਦੁਸ਼ਮਣ ਨੂੰ ਮੁਖਾਤਿਬ ਰਚਨਾਵਾਂ ਹਨ। ਇਹ ਕਵਿਤਾਵਾਂ ਮੂਲ ਰੂਪ ਵਿਚ ਕ੍ਰਾਂਤੀ ਦੀ ਸੁਰ ਨੂੰ ਉਚੇਰਾ ਕਰਦੀਆਂ ਹਨ।

ਸੰਧੀ ਦਾ ਸਹਾਰਾ ਲੈ ਕੇ ਦੋ ਸ਼ਬਦਾਂ ਦੇ ਸੁਮੇਲ ਨਾਲ ਬਣਾਏ ਗਏ ਸ਼ਬਦ ਸਮਾਸ ਅਖਵਾਉਂਦੇ ਹਨ। ਪਾਸ਼ ਕਾਵਿ ਵਿਚ ਸਮਾਸ ਘੜਨ ਦੀ ਰੁਚੀ ਬੜੀ ਪ੍ਰਬਲ ਵੇਖੀ ਜਾ ਸਕਦੀ ਹੈ। ਉਹ ਪਰੰਪਰਾਗਤ ਰਵਾਇਤੀ ਸਮਾਸਾਂ ਦੀ ਵਰਤੋਂ ਨਹੀਂ ਕਰਦਾ ਸਗੋਂ ਮੌਲਿਕ ਸਮਾਸਾਂ ਦੀ ਵਰਤੋਂ ਕਰਦਾ ਹੈ ਜਿਵੇਂ : ਬੇ-ਪਰਦ, ਬੇ-ਸ਼ਿਕਵਾ, ਸੱਖ-ਮਸੱਖਣਾ, ਦੁਰਗੰਧਤ-ਪੌਣ, ਵਿਸ਼ਵ-ਵਿਦਿਆਲੇ, ਅਜੀਬੋ-ਗਰੀਬ, ਚੂੜ-ਸਲੋਜ਼, ਦਿਸ-ਹੱਦੇ, ਨਿਕਾਸੀ-ਪੱਖਾ, ਬੇ-ਰਣਨੇ, ਬੇ-ਸਿਆਸੀ ਆਦਿ।

ਅੱਜ ਦੇ ਯੁਗ ਵਿਚ ਸਮਾਜਕ ਤੇ ਰਾਜਨੀਤਕ ਤੌਰ ਤੇ ਸੱਤਾਧਾਰੀ ਵਰਗ ਦੀਆਂ ਬੁਰਾਈਆਂ ਵਿਰੁੱਧ ਆਵਾਜ਼ ਉਠਾਉਣੀ ਕੋਈ ਸੌਖੀ ਗੱਲ ਨਹੀਂ। ਅਜਿਹੀ ਗੱਲ ਕਰਨ ਲਈ ਸਾਹਸ ਦਲੇਰੀ ਤੇ ਪ੍ਰਤਿਭਾ ਦੀ ਲੋੜ ਹੁੰਦੀ ਹੈ। ਪਾਸ਼ ਕਾਵਿ ਦੇ ਥੀਮਕ ਜਗਤ ਦੀ ਪ੍ਰਮੁੱਖ ਇਕਾਈ ਸਮਾਜਕ ਤੇ ਪ੍ਰਬੰਧਕੀ ਯਥਾਰਥ ਦੀ ਵਿਅੰਗਾਤਮਕ ਪੇਸ਼ਕਾਰੀ ਹੈ। ਕਹਿਣ ਨੂੰ ਤਾਂ ਇਹ ਵਿਚਾਰ ਪ੍ਰਚਲਤ ਹੈ ਕਿ ਮਨੁੱਖ ਆਜ਼ਾਦ ਹੈ ਪਰ ਅਸਲ ਵਿਚ ਉਹ ਗੁਲਾਮੀ ਦਾ ਜੀਵਨ ਜਿਉ ਰਿਹਾ ਹੈ। ਪਾਸ਼ ਇਸ ਯਥਾਰਥ ਤੇ ਕਰੂਰ ਰਾਜਨੀਤਕ ਢਾਂਚੇ ਦੀ ਪੇਸ਼ਕਾਰੀ ਆਪਣੀ ਨਜ਼ਮ ਵਿਚ ਵਿਅੰਗਾਤਮਕ ਸ਼ੈਲੀ ਰਾਹੀਂ ਕਰਦਾ ਹੈ ਜਿਵੇਂ :

ਮੈਂ ਮੁੰਡਿਓ, ਹੁਣ ਤੁਹਾਡੇ-ਚੋਂ ਨਹੀਂ ਹਾਂ
ਮੈਂ ਇੱਲ ਦੇ ਪੰਜਿਆਂ 'ਚ ਉੱਡ ਰਿਹਾ ਆਜ਼ਾਦ ਚੂਹਾ ਹਾਂ
ਘੁਸਮੁਸੇ ਦੀ ਚੁਭਲੀ ਹੋਈ ਅੱਖ ਹਾਂ
ਇਤਿਹਾਸ ਦੇ ਤਾਲਾ ਲੱਗੇ ਹੋਏ ਬੂਹੇ ਤੇ ਬੈਠਾ ਪ੍ਰੋਹਣਾ ਹਾਂ
ਬਾਰਮਾਂਹ 'ਚੋਂ ਵਰਜਿਦ ਕੋਈ ਮਸਾਂਦ ਹਾਂ
ਜਿਸ ਤੋਂ ਕੁਝ ਵੀ ਸ਼ੁਰੂ ਜਾਂ ਖ਼ਤਮ ਨਹੀਂ ਹੁੰਦਾ
(ਜਿਥੇ ਕਵਿਤਾ ਖਤਮ ਨਹੀਂ ਹੁੰਦੀ, 'ਸਾਡੇ ਸਮਿਆਂ ਵਿਰ', ਪੰਨਾ 3)

ਇਸੇ ਤਰ੍ਹਾਂ ਪਾਸ਼ ਸਰਮਾਏਦਾਰਾਂ, ਸਿਆਸਤਦਾਨਾਂ ਉਪਰ ਵੀ ਕਰੜਾ ਵਿਅੰਗ ਕਰਦਾ ਹੈ। ਉਸ ਅਨੁਸਾਰ ਸਰਮਾਏਦਾਰੀ ਨਿਜ਼ਾਮ ਵਿਚ ਵੋਟਾਂ ਵੀ ਲੋਕਤੰਤਰ ਦੇ ਨਾਂ ਤੇ ਲੋਕਾਂ ਦੀ ਲੁੱਟ ਕਰਨ ਦਾ ਢੰਗ ਹਨ। ਪੈਦਾਵਾਰ ਦੇ ਸਾਧਨਾਂ ਉਤੇ ਸਰਮਾਏਦਾਰੀ ਵਰਗ ਦਾ ਕਬਜ਼ਾ ਹੋਣ ਕਾਰਨ ਚੋਣਾਂ ਵਿਚ ਵੀ ਇਹ ਵਰਗ ਲੋਕਾਂ ਨੂੰ ਧੋਖਾ ਦਿੰਦਾ ਹੈ। ਇਹ ਲੋਕ ਆਪਣੇ ਸਰਮਾਏ ਦੇ ਸਿਰ ਤੇ ਹਰ ਪੰਜ ਸਾਲ ਬਾਅਦ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ ਅਤੇ ਇਸ ਨਾਲ ਲੋਕਾਂ ਦੀ ਇਨਕਲਾਬੀ ਮਾਨਸਿਕਤਾਂ ਨੂੰ ਭ੍ਰਿਸ਼ਟ ਕਰ ਦੇਂਦੇ ਹਨ। ਪਾਸ਼ ਆਪਣੀ ਨਜ਼ਮ ਵਿਚ ਸਿਆਸਤਦਾਨਾਂ ਤੇ ਵਿਅੰਗ ਕਰਦਾ ਹੋਇਆ ਕਹਿੰਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਇਹ ਲੋਕ ਬੜੇ ਪਿਆਰ ਨਾਲ ਵੋਟਾਂ ਪ੍ਰਾਪਤ ਕਰਦੇ ਹਨ ਪਰ ਵਜ਼ਾਰਤ ਵਿਚ ਆ ਜਾਣ ਤੇ ਇਹੀ ਗਰੀਬ ਮਜ਼ਲੂਮ, ਕਿਰਤੀ-ਕਿਸਾਨਾਂ, ਮਿਹਨਤੀ-ਮਜ਼ਦੂਰਾਂ ਦੇ ਵਿਰੁਧ ਕਨੂੰਨ ਬਣਾਉਂਦੇ ਹਨ, ਉਨ੍ਹਾਂ ਨੂੰ ਲੁੱਟਦੇ ਮਾਰਦੇ ਹਨ, ਟੈਕਸ ਲਗਾ ਕੇ ਕਿਸਾਨਾਂ ਤੇ ਮਜ਼ਦੂਰਾਂ ਦਾ ਸ਼ੋਸਣ ਕਰਦੇ ਹਨ। ਪਾਸ਼ ਬਾਘ ਤੇ ਬੱਕੀ ਵਿਚ ਟਾਕਰਾ ਕਰਕੇ ਸਰਕਾਰ ਤੇ ਸਿਆਸਤ-ਦਾਨਾਂ ਉਪਰ ਵਿਅੰਗ ਕਰਦਾ ਲਿਖਦਾ ਹੈ :

ਮੇਰੇ ਪਿਓ ਦਾਦੇ ਨੇ ਆਪਣਾ ਖੱਟਿਆ
ਹਾਕਮਾਂ ਦੇ ਢਿੱਡ 'ਚ ਪਾਇਆ ਸੀ
ਅਤੇ ਤੂੰ ਜਾਣਦੀ ਏ
ਅਗਲੇ ਬਾਘ ਹਨ, ਬੱਕੀ ਨਹੀਂ
ਕਿ ਸਾਨੂੰ ਦਾਨਾਬਾਦ, ਪਹੁੰਚਾਣ ਜਾਵਣ

(ਕਲਾਮ ਮਿਰਜ਼ਾ, 'ਸਾਡੇ ਸਮਿਆਂ ਵਿਚ', ਪੰਨਾ 84)

ਪਾਸ਼ ਕਾਵਿ ਵਿਚ ਤਨਜ਼ ਅਤੇ ਵਿਅੰਗ ਇਕੱਠੇ ਚਲਦੇ ਹਨ। ਤਨਜ਼ ਤੋਂ ਭਾਵ ਇਹ ਹੈ ਕਿ ਇਸ ਵਿਚ ਦੁਖਾਂਤਕ ਵਾਤਾਵਰਣ ਨੂੰ ਵੀ ਚਿਤਰਿਆ ਜਾਂਦਾ ਹੈ ਅਤੇ ਉਚੇਰੇ ਵਰਗ ਉਪਰ ਚੋਟ ਵੀ ਕੀਤੀ ਜਾਂਦੀ ਹੈ :

'ਚਿੜੀਆਂ ਦਾ ਚੰਬਾ', 'ਛੰਨੀ' ਆਦਿ ਉਸਦੀਆਂ ਕਵਿਤਾਵਾਂ ਤਨਜ਼ਮਈ ਸ਼ੈਲੀ ਨਾਲ ਭਰਪੂਰ ਹਨ। ਇਹਨਾਂ ਦੋਹਾਂ ਕਵਿਤਾਵਾਂ ਵਿਚ ਇਕ ਪਾਸੇ ਕਰੁਣਾਮਈ ਭਾਵਾਂ ਦੀ ਝਲਕ ਉਤਪੰਨ ਹੁੰਦੀ ਹੈ, ਦੂਜੇ ਪਾਸੇ ਇਹ ਦੋਵੇਂ ਕਵਿਤਾਵਾਂ ਇਕ ਖਾਸ ਵਰਗ, ਭਾਵ ਉਚੇਰੇ ਵਰਗ ਉਪਰ ਚੋਟ ਵੀ ਕਰਦੀਆਂ ਹਨ : 'ਚਿੜੀਆਂ ਦਾ ਚੰਬਾ' ਅਸਲ ਵਿਚ ਇਕ ਖੁਸ਼ੀ ਦਾ ਲੋਕ ਗੀਤ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਗੀਤ ਰਾਹੀਂ ਦਰਸਾਇਆ ਜਾਂਦਾ ਹੈ ਕਿ ਲੜਕੀ ਨੇ ਆਪਣੀ ਇਕ ਨਵੀਂ ਥਾਂ ਬਣਾਉਂਣੀ ਹੈ ਤੇ ਜ਼ਿੰਦਗੀ ਨੂੰ ਵਧੇਰੇ ਖੁਸ਼-ਹਾਲ ਬਣਾਉਣਾ ਹੈ, ਪਰ ਇਹ ਖੁਸ਼ੀ ਕੇਵਲ ਅਮੀਰ ਲੋਕਾਂ ਨੂੰ ਹੀ ਭਾਉਂਦੀ ਹੈ ਇਕ ਕਿਰਤੀ ਕਿਸਾਨ ਇਸ ਖੁਸ਼ੀ ਨੂੰ ਕਿਸੇ ਵੀ ਤਰ੍ਹਾਂ ਨਾਲ ਹੰਡਾ ਨਹੀਂ ਸਕਦਾ। ਪਾਸ਼ ਅਸਿਧੇ ਢੰਗ ਨਾਲ ਤਨਜ਼ਮਈ ਸ਼ੈਲੀ ਰਾਹੀਂ ਪੂੰਜੀਵਾਦੀ ਸਮਾਜ ਉਤੇ ਚੋਟ ਕਰਦਾ ਹੈ ਜਿਵੇਂ :

ਚਿੜ੍ਹੀਆਂ ਦੇ ਚੰਬੇ ਨੂੰ ਭੋਰਾ ਵੀ ਖਬਰ ਨਾ ਹੋਵੇਗੀ ਅਚਾਨਕ ਕਿਤਿਓਂ,
ਲੋਹੇ ਦੀਆਂ ਚੁੰਝਾਂ ਦਾ ਜਾਲ ਉਸ ਜੋਗੇ ਅਸਮਾਨ ਉਤੇ ਵਿਛ ਜਾਵੇਗਾ
ਅਤੇ ਲੰਮੀ ਉਡਾਰੀ ਦਾ ਉਹਦਾ ਸੁਫਨਾ ਉਹਦੇ ਹਰਨੌਟਿਆਂ ਲੈਣਾਂ ਤੋਂ
ਭੈਅ ਖਾਵੇਗਾ।

ਪਾਸ਼ ਦੀ ਕਵਿਤਾ ਰੂਪਕ ਪੱਖ ਤੋਂ ਬੁਰਜੂਆ ਸੰਸਕ੍ਰਿਤਕ ਚਿੰਨ੍ਹਕਾਂ ਤੇ ਵਿਸਫੋਟ ਕਰਦੀ ਹੋਈ ਨਵੇਂ ਅਰਥ ਸਿਰਜਣ ਦਾ ਯਤਨ ਕਰਦੀ ਹੈ ਜਿਵੇਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਣ ਦਾ ਇਕ ਹੋਰ ਵੀ ਢੰਗ ਹੁੰਦਾ ਹੈ
ਭਰੇ ਟਰੈਫਿਕ ਵਿਚ ਚੌਫਾਲ ਲਿਟ ਜਾਣਾ
ਅਤੇ ਸਲਿਪ ਕਰ ਦੇਣਾ
ਫਕਤ ਦਾ ਬੋਝਲ ਪਹੀਆ

(ਜ਼ਿੰਦਗੀ, 'ਲੜਾਂਗੇ ਸਾਥੀ', ਪੰਨਾ 119.)

ਹੱਥ ਕਿਰਤ ਕਰਨ ਲਈ ਨਹੀਂ ਹੁੰਦੇ
ਲੋਟੂ ਹੱਥਾਂ ਨੂੰ ਤੋੜਨ ਲਈ ਵੀ ਹੁੰਦੇ ਹਨ

(ਹੱਥ, 'ਲੜਾਂਗੇ ਸਾਥੀ', ਪੰਨਾ 32)

ਸ਼ਾਂਤੀ ਚਗਲੇ ਹੋਏ ਵਿਦਵਾਨਾਂ ਦੇ ਮੂੰਹਾਂ 'ਚੋਂ ਡਿੱਗਦੀ ਰਾਲ੍ਹ ਹੈ
ਸ਼ਾਂਤੀ ਪੁਰਸਕਾਰ ਲੈਂਦੇ ਕਵੀਆਂ ਦੀਆਂ ਵਧੀਆਂ ਹੋਈ ਬਾਹਾਂ ਦਾ ਟੁੰਡ ਹੈ।
ਸ਼ਾਂਤੀ ਵਜ਼ੀਰਾਂ ਦੇ ਪਹਿਨੇ ਹੋਏ ਖੱਦਰ ਦੀ ਚਮਕ ਹੈ
ਸ਼ਾਂਤੀ ਹੋਰ ਕੁਝ ਨਹੀਂ
ਜਾਂ ਸ਼ਾਂਤੀ ਗਾਂਧੀ ਦਾ ਜਾਂਘੀਆ ਹੈ
ਜਿਸ ਦੀਆਂ ਤਣੀਆਂ ਨੂੰ ਚਾਲੀ ਕਰੋੜ ਬੰਦੇ ਫਾਹੇ ਲਾਉਣ ਖਾਤਰ
ਵਰਤਿਆ ਜਾ ਸਕਦਾ ਹੈ

(ਯੁੱਧ ਤੇ ਸ਼ਾਂਤੀ, 'ਸਾਡੇ ਸਮਿਆਂ ਵਿਚ', ਪੰਨਾ 9)

ਮੈਂ ਸਿਧ ਕਰ ਸਕਦਾ ਹਾਂ
ਕਿ ਦੋ ਤੇ ਦੋ ਤਿੰਨ ਹੁੰਦੇ ਹਨ
ਵਰਤਮਾਨ ਮਿਥਹਾਸ ਹੁੰਦਾ ਹੈ
ਮਨੁੱਖੀ ਸ਼ਕਲ ਚਮਚੇ ਵਰਗੀ ਹੁੰਦੀ ਹੈ

(ਦੋ ਤੇ ਦੋ ਤਿੰਨ, 'ਲੋਹ ਕਥਾ', ਪੰਨਾ 11)

ਇਸ ਤਰ੍ਹਾਂ ਪ੍ਰਚਲਿਤ ਅਰਥਾਂ ਨੂੰ ਨਕਾਰਨ ਵਾਲੇ ਜੋਸ਼ ਵਿਚ ਕਵੀ ਦੀ ਮੌਜੂਦ ਯਥਾਰਥਕ ਸਥਿਤੀ ਨੂੰ ਬਦਲਣ ਦੀ ਇੱਛਾ ਰੂਪਮਾਨ ਹੁੰਦੀ ਹੈ।

ਬਿੰਬ ਨੂੰ ਵਿਧਾਨ ਨੂੰ ਅਜੋਕੀ ਕਾਵਿ-ਕਲਾ ਵਿਚ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਕਿਸੇ ਘਟਨਾ ਦੀ ਤਸਵੀਰਕਸ਼ੀ ਕਰਨੀ ਕਾਵਿ-ਸ਼ਾਸਤ੍ਰ ਅਨੁਸਾਰ ਬਿੰਬ ਹੈ। ਇਸ ਰਾਹੀਂ ਹੀ ਕਵੀ ਦੀਆਂ ਅਨੁਭੂਤੀਆਂ, ਅਭਿਵਿਅਕਤੀਆਂ ਨੂੰ ਪ੍ਰਾਪਤ ਹੁੰਦੀਆਂ ਹਨ। ਕਵੀ ਦੀ ਕਲਪਨਾ ਸ਼ਕਤੀ ਰਾਹੀਂ ਬਿੰਬਾਂ ਦੀ ਉਤਪਤੀ ਹੁੰਦੀ ਹੈ। ਬਿੰਬ ਭਾਵੇਂ ਅਰਥ ਚਿੱਤ੍ਰ ਹੀ ਹੁੰਦਾ ਹੈ ਪਰ ਹਰ ਇਕ ਚਿੱਤ੍ਰ ਨੂੰ ਬਿੰਬ ਨਹੀਂ ਕਿਹਾ ਜਾ ਸਕਦਾ। ਕਵੀ ਦੇ ਭਾਵ ਜਾਂ ਵਿਚਾਰ ਮੂਲ ਤੌਰ ਤੇ ਅਮੂਰਤ ਹੁੰਦੇ ਹਨ ਜਿਨ੍ਹਾਂ ਨੂੰ ਕਲਪਨਾਂ ਦੀ ਉਡਾਰੀ ਦੁਆਰਾ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਦੇ ਅਨੁਕੂਲ ਚਿੱਤਰਾਂ ਦੁਆਰਾ ਮੂਰਤੀਮਾਨ ਕਰਦਾ ਹੈ ਕਿ ਪਾਠਕਾਂ ਨੂੰ ਉਸੇ ਤਰ੍ਹਾਂ ਹੀ ਬੋਧ ਜਾਂ ਅਨੁਭਾਤੀ ਕਰਾਉਂਦਾ ਹੈ ਜਿਸ ਤਰ੍ਹਾਂ ਦੀ ਅਵੱਸਥਾ ਵਿਚ ਕਿ ਉਹ ਆਪ ਹੁੰਦਾ ਹੈ। ਦੀਵਾਨ ਸਿੰਘ ਅਨੁਸਾਰ, "ਇਕ ਸਾਧਾਰਨ ਕਵੀ ਦਾ ਬਿੰਬ-ਪੱਧਰ ਵੀ ਸਾਧਾਰਨ ਹੋਵੇਗਾ ਪਰੰਤੂ ਇਕ ਮਹਾਨ ਜਾਂ ਮਹਾਨਤਮ ਕਵੀ ਦਾ ਬਿੰਬ ਪੱਧਰ ਅਤਿ ਅਸਾਧਾਰਨ ਪੱਧਰ ਦਾ ਹੋਵੇਗਾ।"[4] ਅਵਤਾਰ ਸਿੰਘ ਪਾਸ਼ ਉਹ ਮਹਾਨ ਕਵੀਆਂ ਵਿਚੋਂ ਹੈ ਜੋ ਆਪਣੇ ਵਿਸ਼ਾਲ ਗਿਆਨ, ਸੁਹਜ ਸ਼ਕਤੀ ਅਤੇ ਉਚੇਰੀ ਕਲਪਨਾ ਦੁਆਰਾ ਮਹਾਨ ਬਿੰਬਾਂ ਦੀ ਸਿਰਜਨਾ ਕਰ ਸਕਿਆ ਹੈ। ਹਰ ਕਵੀ ਆਪਣੀ ਰਚਨਾ ਨੂੰ ਲੋਕ ਮਨ ਅਤੇ ਚੇਤਨਾ ਦੇ ਨੇੜੇ ਲਿਆਉਣ ਲਈ ਬਿੰਬਾਂ ਦਾ ਪ੍ਰਯੋਗ ਕਰਦਾ ਹੈ। ਬਿੰਬ ਵਾਸਤੇ ਇਹ ਮੱਤ ਪ੍ਰਚਲਿਤ ਹੈ ਕਿ ਇਹ ਕਵਿਤਾ ਵਿਚ ਕੇਵਲ ਸੁਹਜ ਤੇ ਸ਼ਿੰਗਾਰ ਲਈ ਹੀ ਵਰਤੇ ਜਾਂਦੇ ਹਨ ਪਰ ਪਾਸ਼ ਦੀ ਕਵਿਤਾ ਵਿਚ ਬਿੰਬ ਸ਼ਿੰਗਾਰ ਵਜੋਂ ਸਥਾਪਤ ਨਹੀਂ ਹੁੰਦੇ ਸਗੋਂ ਸੰਦੇਸ਼ ਵਜੋਂ ਉਘੜਦੇ ਹਨ। ਪਾਸ਼ ਇਕ ਅਜਿਹਾ ਪ੍ਰਤਿਭਾਸ਼ਾਲੀ ਅਤੇ ਅਨੁਭਵੀ ਕਵੀ ਸੀ ਜੋ ਕਵਿਤਾ ਵਿਚ ਹੀ ਜੀਵਿਆ। ਕਵਿਤਾ ਨੂੰ ਉਸਨੇ ਕਦੀ ਵੀ ਧੰਦਾ ਨਹੀਂ ਬਣਨ ਦਿੱਤਾ ਅਤੇ ਨਾ ਹੀ ਕਿਸੇ ਲਾਲਚ ਦੀ ਤਾਰੰਗ ਨੇ ਉਸ ਤੋਂ ਕੁਝ ਲਿਖਵਾਇਆ। ਪਾਸ਼ ਇਕ ਅਜਿਹਾ ਸ਼ਕਤੀਸ਼ਾਲੀ ਕਲਾਕਾਰ ਹੈ ਕਿ ਉਹ ਹਰ ਗੱਲ ਕਹਿੰਦਾ ਹੀ ਬਿੰਬਾਂ ਵਿਚ ਹੈ ਇਤਿਹਾਸ ਦਾ ਹਰ ਨਵਾਂ ਦੌਰ ਨਵੇਂ ਬਿੰਬਾਂ ਨੂੰ ਘੜਦਾ ਹੈ। ਪਾਸ਼ ਕ੍ਰਾਂਤੀਕਾਰੀ ਬਿੰਬ ਨੂੰ ਲੋਕ ਚੇਤਨਾ ਦਾ ਅੰਗ ਬਣਾਉਣ ਲਈ ਕਾਵਿ ਪ੍ਰਗਟਾਵੇ ਦਾ ਮਾਧਿਅਮ ਬਣਾਉਂਦਾ ਹੈ। ਪਾਸ਼ ਦੀ ਕਾਵਿ-ਰਚਨਾ ਵਿਚ ਲਏ ਗਏ ਬਹੁਤ ਸਾਰੇ ਬਿੰਬ ਕਿਸਾਨੀ ਜੀਵਨ ਵਿਚੋਂ ਹੀ ਲਏ ਗਏ ਹਨ। ਜਿਵੇਂ :

ਜਿੰਨ੍ਹਾਂ ਨੇ ਤੱਕੀਆਂ ਹਨ
ਕੋਠਿਆਂ 'ਤੇ ਸੁੱਕਦੀਆਂ ਸੁਨਿਹਰੀ ਛੱਲੀਆਂ
ਤੇ ਨਹੀਂ ਤੱਕੇ
ਮੰਡੀ 'ਚ ਸੁੱਕਦੇ ਭਾਅ
ਉਹ ਕਦੇ ਨਹੀਂ ਸਮਝ ਸਕਣ ਲੱਗੇ
ਕਿ ਕਿਵੇਂ ਦੁਸ਼ਮਣੀ ਹੈ
ਦਿਲੀ ਦੀ ਉਸ ਹੁਕਮਰਾਨ ਔਰਤ ਦੀ
ਉਸ ਪੈਰੋਂ ਨੰਗੀ ਪਿੰਡ ਦੀ ਸੋਹਣੀ ਕੁੜੀ ਨਾਲ
(ਉੱਡਦਿਆਂ ਬਾਜਾਂ ਮਗਰ, 'ਉੱਡਦਿਆਂ ਬਾਜਾਂ ਮਗਰ', ਪੰਨਾ 6)

ਇਹ ਰਚਨਾ ਰਾਜ ਭਵਨ ਦੇ ਅਨੈਤਿਕ ਜੀਵਨ ਦੀ ਪੇਸ਼ਕਾਰੀ ਕਰਦੀ ਹੈ. 'ਭੁੱਖੀਆਂ ਕਰੂੰਬਲਾਂ ਦਾ ਭਾਰੇ ਭਾਰੇ ਟੋਕਰੇ ਉਠਾਉਣਾ' ਆਦਿ ਕਾਵਿਕ-ਬਿੰਬ ਕਵੀ ਦੇ ਸੰਦਰਭ ਬੋਧ ਨੂੰ ਉਜਾਗਰ ਕਰਦਾ ਹੈ ਅਤੇ ਨਿਮਨ ਸ਼੍ਰੇਣੀ ਦੇ ਆਰਥਿਕ ਪਿਛੋਕੜ ਦੀ ਤਸਵੀਰਕਸ਼ੀ ਕਰਦਾ ਹੈ। ਪਾਸ਼ ਦੀ ਹੇਠ ਲਿਖਤ ਨਜ਼ਾਮ ਵਿਚ ਗਰੀਬ ਕਿਸਾਨੀ-ਵਰਗ ਦੀ ਤ੍ਰਾਸਦਿਕ ਸਥਿਤੀ ਨੂੰ ਵੱਖੋ-ਵੱਖਰੇ ਕਾਵਿ-ਬਿੰਬਾਂ ਰਾਹੀਂ ਨਿਰੂਪਤ ਕੀਤਾ ਗਿਆ ਹੈ ਜਿਵੇਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਇਦ ਅੱਜ ਦਾ ਦਿਨ ਬਦਨੇ ਅਮਲੀ ਦੇ ਹਉਕੇ ਤੋਂ ਸ਼ੁਰੂ ਹੋਇਆ ਹੈ
ਬਿੱਲੀ ਰੋਹੜ ਗਈ ਜੀਹਦਾ
ਭਿਉਂ ਕੇ ਰੱਖੇ ਡੰਡਿਆਂ ਦਾ ਛੰਨਾ
ਅੱਜ ਦਾ ਦਿਨ ਸ਼ਾਇਦ ਕਰਮੂੰ ਦੀ ਸੁੱਕਦੀ ਜਾ ਰਹੀ ਰੋਣੀ 'ਚ ਉਗਿਆ ਹੈ
ਖੁਰਲੀ ਤੇ ਬੱਝਿਆ ਬੀਬਾ ਬਲਦ ਜਿਸਦਾ
ਰਾਤੀਂ ਮਾਰ ਗਿਆ ਸੀ ਸਾਹਨ ਸਰਕਾਰੀ
ਅੱਜ ਦਾ ਦਿਨ ਫੁੱਟੇ ਹੋਏ ਦੁੱਧ ਦੀ ਚਾਹ ਵਾਂਗ
ਰੰਡੀ ਰਤਨੀ ਦੇ ਗਲੇ 'ਚ ਮਸਾਂ ਹੀ ਉੱਤਰਦਾ ਹੈ
ਅੱਜ ਦਾ ਦਿਨ ਸ਼ੁਦਾਈ ਹਰੀ ਕਿਸ਼ਨ ਦੀਆਂ
ਰਾਹਲਾਂ ਦੇ ਕਿੰਗਰਿਆਂ ਉਤੇ ਲੜਖੜਾਉਂਦਾ ਤੁਰ ਰਿਹਾ ਹੈ
ਅੱਜ ਦਾ ਦਿਨ ਅਮਰੋ ਚੂਹੜੀ ਦੇ ਗਲ ਪਾਏ ਹੋਏ ਉਤਾਰ ਵਾਂਗ
ਨੰਗੇਜ਼ ਦੀ ਨਮੋਸ਼ੀ ਕਰਦਾ ਪਿਆ ਹੈ।

(ਅੱਜ ਦਾ ਦਿਨ, 'ਸਾਡੇ ਸਮਿਆਂ ਵਿਚ', ਪੰਨਾ 14)

ਇਸ ਤਰ੍ਹਾਂ ਇਹਨਾਂ ਪੰਗਤੀਆਂ ਰਾਹੀਂ ਪਾਸ਼ ਨੇ ਜ਼ਿੰਦਗੀ ਦੀ ਤ੍ਰਾਸਦਿਕ ਸਥਿਤੀ ਨੂੰ ਬੜੇ ਮੌਲਿਕ ਢੰਗ ਨਾਲ 'ਅਮਲੀ ਦੇ ਹਉਕੇ', ਕਰਮੂੰ ਦੀ ਸੁੱਕਦੀ ਜਾ ਰਹੀ ਰੋਣੀ ਰਾਹੀਂ, ਅਮਰੋ ਚੂਹੜੀ ਦੇ ਗਲ੍ਹ ਪਾਏ ਉਤਾਰ ਵਾਂਗ, ਫੁੱਟੇ ਹੋਏ ਦੁੱਧ ਦੀ ਚਾਹ ਵਾਂਗ, ਆਦਿ ਵਖੋ ਵੱਖਰੇ ਬਿੰਬਾਂ ਰਾਹੀਂ ਨਿਰੂਪਤ ਕਰਕੇ ਗਰੀਬ ਵਰਗ ਦੀ ਆਰਥਿਕ ਹਾਲਤ ਦੀ ਤਸਵੀਰ ਕਸ਼ੀ ਕੀਤੀ ਹੈ।

ਪਾਸ਼ ਦੀ ਕਵਿਤਾ ਵਿਚ ਪ੍ਰਤੀਕਾਂ ਦੀ ਵਰਤੋਂ ਵੀ ਕੀਤੀ ਗਈ ਹੈ। ਅਸਲ ਵਿਚ ਬਿੰਬ ਤੋਂ ਬਾਅਦ ਕਲਪਨਾ ਦਾ ਅਭਿਵਿਅਕਤੀਗਤ ਦੂਜਾ ਰੂਪ ਪ੍ਰਤੀਕ ਹੈ। ਇਹ ਸ਼ਬਦ ਅੰਗਰੇਜ਼ੀ ਦੇ ਸਿੰਬਲ (Symbol) ਸ਼ਬਦ ਦੇ ਪ੍ਰਾਯਯ ਵਜੋਂ ਵਰਤਿਆ ਗਿਆ ਹੈ। ਬ੍ਰਿਟੇਨਿਕਾ ਵਿਸ਼ਵਕੋਸ਼ ਅਨੁਸਾਰ :

> ਪ੍ਰਤੀਕ ਸ਼ਬਦ ਦੀ ਵਰਤੋਂ ਉਸ ਦ੍ਰਿਸ਼ ਲਈ ਹੁੰਦੀ ਹੈ ਜੋ ਮਨ ਦੇ ਸਾਹਮਣੇ ਕਿਸੇ ਅਪ੍ਰਸਤੁਤ ਵਸਤੂ ਦੀ ਸਮਾਨਤਾ ਨੂੰ ਆਪਣੇ ਸੰਬੰਧ ਸੂਤ੍ਰਾਂ ਰਾਹੀਂ ਪ੍ਰਸਤੁਤ ਕਰਦਾ ਹੈ।[5]

ਚਾਰਲਸ ਚੈਡਵਿਕ ਦਾ ਵਿਚਾਰ ਹੈ ਕਿ ਪ੍ਰਤੀਕ ਇਕ ਪ੍ਰਗਟਾ ਵਿਧੀ ਹੈ ਜੋ ਕਿਸੇ ਗੱਲ ਨੂੰ ਸਿੱਧੇ ਥਾਂ ਦੀ. ਅਸਿੱਧੇ ਢੰਗ ਨਾਲ ਪ੍ਰਗਟਾਉਂਦੀ ਹੈ।[6] ਨਿਤਯਾਨੰਦ ਸ਼ਰਮਾ ਦਾ ਵਿਚਾਰ ਹੈ ਕਿ ਅਣਡਿੱਠ ਪ੍ਰਸਤੁਤ ਅਤੇ ਨ ਅਨੁਭਵ ਕੀਤੇ ਜਾਣ ਵਾਲੇ ਦੀ ਪ੍ਰਤੀ-ਨਿਧਤਾ ਕਰਨ ਵਾਲੀ ਉਸ ਦ੍ਰਿਸ਼ਟ, ਪ੍ਰਸਤੁਤ ਅਤੇ ਅਨੁਭਵ-ਯੋਗ ਵਸਤੂ ਨੂੰ ਪ੍ਰਤੀਕ ਆਖਦੇ ਹਨ ਜਿਹੜੀ ਸਥਾਨ, ਸਮਾਂ ਤੇ ਸਭਿਆਚਾਰਕ ਰਹੁ-ਰੀਤਾਂ ਦੇ ਸਦਕਾ ਚਿਰਕਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਜਾਣੀ ਪਛਾਣੀ ਹੋਣ ਕਰਕੇ ਸਾਡੇ ਮਨਾਂ ਵਿਚ ਤਿੱਖੀ ਭਾਵਨਾ ਪੈਦਾ ਕਰਦੀ ਹੈ।[7]

ਇਸ ਤਰ੍ਹਾਂ ਸਪੱਸ਼ਟ ਹੈ ਕਿ ਪ੍ਰਤੀਕ ਕਿਸੇ ਅਦ੍ਰਿਸ਼ ਜਾਂ ਅਵਿਅਕਤ ਸੱਤਾ ਦਾ ਦ੍ਰਿਸ਼ ਜਾਂ ਵਿਅਕਤ ਰੂਪ ਹੈ ਪਾਸ਼ ਨੇ ਆਪਣੀ ਕਾਵਿ-ਰਚਨਾ ਵਿਚ ਨਵੇਂ ਨਕੋਰ ਪ੍ਰਤੀਕਾਂ ਦੀ ਉਸਾਰੀ ਕੀਤੀ ਹੈ। ਖੁਸ਼ੀ ਦੇ ਲਈ ਉਹ 'ਸੂਰਜ' ਨੂੰ ਪ੍ਰਤੀਕ ਵਜੋਂ ਵਰਤਦਾ ਹੈ। ਇਸ ਤੋਂ ਇਲਾਵਾ ਉਹ ਅਮੀਰ ਅਤੇ ਸਿਆਸਤਦਾਨ ਵਰਗ ਲਈ ਮਗਰਮੱਛ, ਬਾਘ, ਭਮੰਕੜ, ਰਾਵਣ, ਬਘਿਆੜ, ਲੁੱਟੂ, ਚੋਰ, ਡੂਮਣੇ ਆਦਿ ਵਰਗੇ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ ਅਤੇ ਗਰੀਬ ਵਰਗ ਲਈ ਉਹ ਬੱਕੀ ਆਦਿ ਵਰਗੇ ਪ੍ਰਤੀਕਾਂ ਨੂੰ ਵਰਤਦਾ ਹੈ। ਇਨਕਲਾਬ ਲਈ ਲੋਹਾ, ਸੋਨੇ ਦੀ ਸਵੇਰ, ਦਹਿਕਦੇ ਅੰਗਿਆਰ, ਸੂਹੀ ਸਵੇਰ, ਤੂਫਾਨ ਆਦਿ ਦੀ ਵਰਤੋਂ ਕੀਤੀ ਗਈ ਹੈ। 'ਰਾਜਸੀ ਹਿੰਸਾ ਦੀ ਸ਼ਿੰਗਾਰੀ ਹੋਈ ਘੋੜੀ' ਸਰਕਾਰੀ ਦਹਿਸ਼ਤਵਾਦ ਦਾ ਪ੍ਰਤੀਕ ਹੈ। ਪਾਸ਼ ਮਿਹਨਤੀ ਵਰਗ ਲਈ ਬਹੁਤ ਸਾਰੇ ਨਰੋਏ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਇਸ ਪੱਖੋਂ ਉਸਦੀ ਹੇਠ ਲਿਖੀ ਨਜ਼ਮ ਵਿਸ਼ੇਸ਼ ਮਹੱਤਾ ਦਾ ਧਾਰਣੀ ਹੈ ਜਿਵੇਂ :

ਮੂਲੀਆਂ ਉਹ ਜਿੱਦ ਕੇ ਖਾ ਸਕਦੀ ਸੀ
ਵਧ ਕੇ ਛੱਲੀਆਂ ਚੱਬਣ ਦੀ ਉਸ ਕਈ ਵਾਰ ਸ਼ਰਤ ਜਿੱਤੀ
ਪਰ ਉਹ ਆਪ ਬਿਨ ਸ਼ਰਤ ਹੀ ਖਾਧਾ ਗਿਆ
ਉਸ ਦੇ ਪੱਕੇ ਹੋਏ ਖਰਬੂਜਿਆਂ ਵਰਗੇ ਉਮਰ ਨੇ ਮਾਲ
ਬਿਨਾਂ ਹੀ ਚੀਰਿਆਂ ਨਿਗਲੇ ਗਏ
ਤੇ ਕੱਚ ਦੁੱਧ ਵਰਗੀ ਉਹਦੀ ਸੀਰਤ
ਬੜੇ ਸੁਆਦ ਨਾਲ ਪੀਤੀ ਗਈ

(ਕੰਡੇ ਦਾ ਜ਼ਖਮ, 'ਉੱਡਦੇ ਬਾਜਾਂ ਮਗਰ', ਪੰਨਾ 76)

ਇਸ ਨਜ਼ਮ ਵਿਚ 'ਖਰਬੂਜਿਆਂ ਵਰਗੇ ਉਮਰ ਦੇ ਸਾਲ', ਕੱਚੇ ਦੁੱਧ ਵਰਗੀ 'ਸੀਰਤ' ਤੇ 'ਸਿਹਤ' ਸਭ ਕਿਰਤੀ-ਵਰਗ ਦੀ ਮਿਹਨਤ ਸ਼ਕਤੀ ਦੇ ਪ੍ਰਤੀਕ ਹਨ ਤੇ ਇਨ੍ਹਾਂ ਦਾ ਨਿਗਲਿਆ ਜਾਣਾ ਮਿਹਨਤ ਦੀ ਲੁੱਟ ਦਾ ਸੂਚਕ ਬਣ ਜਾਂਦਾ ਹੈ। ਇਸ ਤਰ੍ਹਾਂ ਪਾਸ਼ ਦੀ ਕਵਿਤਾ ਵਿਚ ਯਥਾਰਥ ਦੇ ਬਦਲਦੇ ਪ੍ਰਸੰਗਾਂ ਵਿਚ ਸਾਮੰਤਕ, ਬੁਰਜੂਆ, ਸੁਭਾਅ ਦੇ ਚਿੰਨ੍ਹਾਂ, ਬਿੰਬਾਂ ਤੇ ਪ੍ਰਤੀਕਾਂ ਦੀ ਥਾਂ ਨਵੇਂ ਕ੍ਰਾਂਤੀਕਾਰੀ ਬਿੰਬਾਂ ਚਿੰਨ੍ਹਾਂ ਪ੍ਰਤੀਕਾਂ ਦਾ ਪ੍ਰਯੋਗ ਕੀਤਾ ਗਿਆ ਹੈ। ਪਾਸ਼ ਦੀ ਕਵਿਤਾ ਵਿਚ 'ਖਾਲੀ ਤਰਕਸ਼' ਤੇ ਅਸਮਾਨੀ ਟੰਗਿਆ ਤਰਕਸ਼ ਆਦਿ ਚਿੰਨ੍ਹ ਨਿਪੁੰਸਕ ਤੇ ਸੱਖਣੀ ਹੋਂਦ ਵੱਲ ਸੰਕੇਤ ਕਰਦੇ ਹਨ।

ਰਸ ਇਕ ਚੇਤੰਨ ਮਈ ਆਨੰਦ ਸਰੂਪ ਹੈ। ਰਸ ਨੂੰ ਕਾਵਿ ਦੀ ਆਤਮਾ ਵੀ ਕਹਿ ਦਿੱਤਾ ਜਾਂਦਾ ਹੈ। ਕਵਿਤਾ ਦੀ ਰੂਹ ਕਵੀ ਦੇ ਦਿਲੋਂ ਮਹਿਸੂਸ ਹੋਇਆ ਸੱਚਾ ਜ਼ਜ਼ਬਾ ਹੁੰਦਾ ਹੈ। ਪਾਸ਼ ਦੀ ਰਚਨਾ ਵਿਚ ਰਸ ਸਹਿਜ ਸੁਭਾਅ ਹੀ ਸ਼ਾਮਲ ਹੋ ਗਏ ਹਨ। ਪਾਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਰਚਨਾਵਾਂ ਵਿਚਲੀ ਕਿਸੇ ਵੀ ਨਜ਼ਮ ਵਿਚ ਕੋਈ ਵੀ ਰਸ ਆਪਣੀ ਪੂਰਣਤਾ ਨੂੰ ਪ੍ਰਾਪਤ ਨਹੀਂ ਹੋਇਆ ਕੇਵਲ ਘ੍ਰਿਣਾ ਕ੍ਰੋਧ ਇਨਕਲਾਬ ਦੇ ਭਾਵਾਂ ਦਾ ਹੀ ਚਿਤ੍ਰਣ ਹੋਇਆ ਹੈ ਜਾਂ ਫਿਰ ਕਰੁਣਾ, ਰੌਦਰ, ਬੀਰ ਰਸ ਦੀ ਸਹਾਇਕ ਬਣਕੇ ਆਏ ਹਨ। ਇਹ ਕਹਿਣਾ ਆਸੰਗਤ ਨਹੀਂ ਹੋਵੇਗਾ ਕਿ ਪਾਸ਼ ਦੀ ਰਚਨਾ ਵਿਚ ਰੌਦਰ ਰਸ ਤੋਂ ਇਲਾਵਾ ਹੋਰ ਕਿਸੇ ਰਸ ਦੀ ਨਿਸ਼ਪਤੀ ਨਹੀਂ ਹੋਈ। ਉਸਦੀਆਂ ਬਹੁਤ ਸਾਰੀਆਂ ਰਚਨਾਵਾਂ ਹਨ ਜਿਨ੍ਹਾਂ ਵਿਚ ਕੇਵਲ ਰੌਦਰ ਰਸ ਦੀ ਨਿਸ਼ਪਤੀ ਹੁੰਦੀ ਹੈ। ਕਿਤੇ ਕਿਤੇ ਕਰੁਣਾ ਰਸ ਦੀ ਝਲਕ ਵੀ ਪ੍ਰਾਪਤ ਹੋ ਜਾਂਦੀ ਹੈ। 'ਕਾਤਲ', 'ਮਾਂ ਦੀਆਂ ਅੱਖਾਂ', 'ਹੱਥ' 'ਘਾਹ' ਆਦਿ ਉਸ ਦੀਆਂ ਨਜ਼ਮਾਂ ਰੌਦਰ ਰਸ ਦੀ ਉਤਪਤੀ ਕਰਦੀਆਂ ਹਨ ਜਿਵੇਂ :

ਨਹਿਰਾਂ ਵਾਂਗੂੰ ਵਧੀਏ
ਇਨ੍ਹਾਂ ਮਗਰਾਂ ਦੇ ਦੰਦ ਭੰਨ ਸੁਟੀਏ
ਪਰਤ ਜਾਈਏ
ਮੁੜ ਉਠੀਏ ! ਤੇ ਜੋ ਇਨ੍ਹਾਂ ਮੱਛਾਂ ਦੀ ਰਾਖੀ ਕਰਦੀ ਹੈ
ਹੁਕਮ ਦੇਣ ਲਈ
ਇਸ ਪਿਲਪਿਲੇ ਚਿਹਰੇ ਦਾ ਮੂੰਹ ਖੁਲ੍ਹਣ ਤੋਂ ਪਹਿਲਾਂ
ਉਸ ਵਿਚ ਬੰਦੂਕ ਦੀ ਨਾਲੀ ਤੁੰਨ ਦੇਈਏ

(ਕਾਤਲ, 'ਲੋਹ ਕਥਾ', ਪੰਨਾ 46)

ਪਾਸ਼ ਦੀਆਂ ਕੁਝ ਕਵਿਤਾਵਾਂ ਜਿਵੇਂ 'ਚਿੜੀਆਂ ਦਾ ਚੰਬਾ', 'ਛੰਨੀ' ਆਦਿ ਕਰੁਣਾ ਰਸ ਉਪਜਾਉਂਦੀਆਂ ਹਨ ਜਿਵੇਂ :

ਛੰਨੀ ਤਾਂ ਛੰਨੀ ਹੋਈ
ਪਰ ਗੁੱਡੀਏ ਤੇਰੇ ਗੀਤਾਂ ਨਾਲ
ਤੇਰੇ ਵੀਰ ਨੂੰ ਬੰਨੀ ਨਹੀਂ ਲੱਭਣੀ
ਉਸ ਨੂੰ ਤਾਂ ਮਾਰ ਜਾਵੇਗਾ
ਬਾਬਲ ਦੀ ਘੱਟ ਜ਼ਮੀਨ ਦਾ ਪਰਛਾਵਾਂ

(ਛੰਨੀ, 'ਸਾਡੇ ਸਮਿਆਂ ਵਿਚ', ਪੰਨਾ 16)

ਚਿੜੀਆਂ ਦਾ ਚੰਬਾ ਉਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਲੁੱਕ ਕੇ
ਕਲਮ ਕੱਲਿਆਂ ਰੋਇਆ ਕਰੇਗਾ
ਸਰਾਪੇ ਜੋਬਨ ਦੇ ਮਰਸੀਏ ਗਾਇਆ ਕਰੇਗਾ।

(ਚਿੜੀਆਂ ਦਾ ਚੰਬਾ, 'ਸਾਡੇ ਸਮਿਆਂ ਵਿਚ', ਪੰਨਾ 19)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸ਼ ਦੀਆਂ ਇਹ ਨਜ਼ਮਾਂ ਬੇਸ਼ੱਕ ਕਰੁਣਾ ਰਸ ਨੂੰ ਉਪਜਾਉਂਦੀਆਂ ਹਨ ਪਰ ਇਹਨਾਂ ਨਜ਼ਮਾਂ ਦਾ ਮੰਤਵ ਕਰੁਣਾ ਰਸ ਨੂੰ ਉਪਜਾਉਣਾ ਨਹੀਂ ਸਗੋਂ ਗਰੀਬ ਵਰਗ ਦੀ ਤ੍ਰਾਸਦਿਕ ਸਥਿਤੀ ਦੀ ਪੇਸ਼ਕਾਰੀ ਕਰਕੇ ਉਸ ਵਿਚ ਇਨਕਲਾਬ ਜਾਗ੍ਰਿਤੀ ਉਤਪੰਨ ਕਰਨੀ ਹੈ।

ਪਾਸ਼ ਦੀਆਂ ਕਾਵਿ ਰਚਨਾਵਾਂ ਵਿਚ ਮਾਨਵੀਕਰਣ ਦੀ ਜੁਗਤ ਦੀ ਵਰਤੋਂ ਵੀ ਕੀਤੀ ਗਈ ਹੈ ਮਾਨਵੀਕਰਣ ਦਾ ਅਰਥ ਹੈ ਮਾਨਵ ਸਮਾਨ। ਇਸ ਵਿਧੀ ਦੇ ਅੰਤਰਗਤ ਮਾਨਵੀ ਵਸਤਾਂ ਪਦਾਰਥਾਂ ਅਤੇ ਭਾਵਾਂ ਦਾ ਵਰਣਨ ਮਾਨਵੀ ਰੂਪ ਕੀਤਾ ਜਾਂਦਾ ਹੈ। ਪਾਸ਼ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਇਸ ਪੱਖੋਂ ਵਿਸ਼ੇਸ਼ ਮਹੱਤਾ ਦੀਆਂ ਧਾਰਨੀ ਹਨ ਜਿਵੇਂ :

ਮੈਂ ਦੱਸਦਾ ਹਾਂ ਤੁਸੀਂ ਕੀ ਹੋ ?
ਤੁਸੀਂ ਕਿੱਕਰਾਂ ਦੇ ਬੀਅ ਹੋ ?
ਜਾਂ ਟੁੱਟਿਆ ਹੋਇਆ ਟੋਕਰਾ,
ਜੋ ਕੁਝ ਵੀ ਚੁੱਕਣ ਤੋਂ ਅਸਮਰਥ ਹੈ।

(ਕਾਗਜ਼ੀ ਸ਼ੇਰਾਂ ਦੇ ਨਾਂ, 'ਸਾਡੇ ਸਮਿਆਂ ਵਿਚ', ਪੰਨਾ 55)

ਮੈਂ ਘਾਹ ਹਾਂ
ਮੈਂ ਤੁਹਾਡੇ ਹਰ ਕੀਤੇ ਕਰਾਏ ਤੇ ਉੱਗ ਆਵਾਂਗਾ
ਥੰਬ ਮੁੱਟ ਦਿਓ ਭਾਵੇਂ ਵਿਸ਼ਵ-ਵਿਦਿਆਲੇ ਤੇ
ਬਣਾ ਦਿਓ ਹਰ ਹੋਸਟਲ ਮਲਬੇ ਦੇ ਢੇਰ—
ਸੁਹਾਗਾ ਫੇਰ ਦਿਓ ਬੇਸ਼ੱਕ ਸਾਡੀਆਂ ਝੁੱਗੀਆਂ ਤੇ
ਮੈਨੂੰ ਕੀ ਕਰੋਗੇ ?
ਮੈਂ ਤਾਂ ਘਾਹ ਹਾਂ, ਹਰ ਚੀਜ਼ ਢੱਕ ਲਵਾਂਗਾ
ਹਰ ਢੇਰ ਤੇ ਉੱਗ ਆਵਾਂਗਾ

(ਘਾਹ, 'ਲੜਾਂਗੇ ਸਾਥੀ')

ਨਾਟਕੀਅਤਾ ਪਾਸ਼ ਕਾਵਿ ਦੀ ਇਕ ਹੋਰ ਵਿਸ਼ੇਸ਼ਤਾ ਹੈ। ਪੰਜਾਬੀ ਦੇ ਬਹੁਤ ਸਾਰੇ ਕਵੀਆਂ ਨੇ ਇਸ ਜੁਗਤ ਦੀ ਵਰਤੋਂ ਕੀਤੀ ਹੈ। ਪਰ ਪਾਸ਼ ਦਾ ਨਾਟਕੀ ਮੌਕੇ ਸਿਰਜਣ ਤੇ ਰਚਣ ਦਾ ਢੰਗ ਰੌਚਿਕ ਅਤੇ ਵਿਲੱਖਣ ਹੈ। ਪਾਸ਼ ਦੀ ਹੇਠ ਲਿਖਤ ਕਵਿਤਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ :

ਕਾਮਰੇਡ, ਕੀ ਸੱਚ ਮੰਨ ਸਕਦੇ
ਕਿ ਉਸ ਆਵਾਜ਼ ਨੂੰ ਸੁਣਨ ਤੋਂ ਬਾਦ
ਨਾ ਕੋਈ ਪਾਸ਼ ਰਹਿ ਸਕਦਾ ਹੈ, ਨਾ ਸਟੇਟ

(ਕਾਮਰੇਡ, 'ਸਾਡੇ ਸਮਿਆਂ ਵਿਚ', ਪੰਨਾ 14)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਸ਼ੂ ਨੂੰ ਭੁੱਲ ਕੇ ਵੇਖੇ ਜੇ ਕਾਮਰੇਡ
ਬੜੀਆਂ ਗੱਲਾਂ ਨੂੰ ਆਪ ਅਸਮਾਨ ਹਾਲਾਂ ਨਹੀਂ ਜਾਣਦਾ
ਜਿਨ੍ਹਾਂ ਤੋਂ ਵਾਕਿਫ਼ ਹੈ ਸਿਰਫ਼ ਆਦਮੀ ਦਾ ਲਹੂ
ਆਦਮੀ ਦੇ ਲਹੂ ਵਿਚ ਬੰਦੂਕ ਦਾ ਪਰਛਾਵਾਂ ਡੁੱਬ ਜਾਂਦਾ ਹੈ
ਮੰਝ ਦੇ ਘੁਸਮੁਸੇ 'ਚ ਜੀਕਣ
ਹੰਭੇ ਜੱਟ ਦੇ ਸ਼ਰਾਬੀ ਗੌਣ ਡੁੱਬ ਜਾਂਦੇ।

(ਉਹੀ, ਪੰਨਾ 15)

ਪਾਸ਼ ਨੇ ਸਿਰਫ ਕਵਿਤਾਵਾਂ ਦੀ ਰਚਨਾ ਹੀ ਨਹੀਂ ਕੀਤੀ ਸਗੋਂ ਗਜ਼ਲਾਂ, ਗੀਤਾਂ, ਟੋਟਕਿਆਂ ਵਿਚ ਵੀ ਰਚਨਾ ਕੀਤੀ ਹੈ। ਪਾਸ਼ ਦੀਆਂ ਕਾਵਿ ਰਚਨਾਵਾਂ ਨੂੰ ਘੋਖਣ ਪਰਖਣ ਤੋਂ ਬਾਅਦ ਇਸ ਗੱਲ ਵਿਚ ਸਪੱਸ਼ਟਤਾ ਹਾਸਿਲ ਹੁੰਦੀ ਹੈ ਕਿ ਪਾਸ਼ ਨੂੰ ਨਾ ਕੇਵਲ ਕਵਿਤਾ ਦੇ ਵਿਚ ਹੀ ਮੁਹਾਰਤ ਹਾਸਲ ਸੀ ਸਗੋਂ ਗਜ਼ਲ, ਗੀਤ, ਟੋਟਕੇ ਲਿਖਣ ਵਿਚ ਵੀ ਸੁਹਾਰਤ ਹਾਸਲ ਸੀ। ਪਾਸ਼ ਦੀਆਂ ਗਜ਼ਲਾਂ ਰੌਸ਼ਨੀਆਂ ਦੇ ਨਵੇਂ ਪਰਿਪੇਖ ਲੈ ਕੇ ਉਪਸਥਿਤ ਹੁੰਦੀਆਂ ਹਨ। ਉਸਦੀਆਂ ਗ਼ਜ਼ਲਾਂ ਸਮਾਜਕ ਆਦਰਸ਼ਾਂ ਨੂੰ ਗਰੀਬ ਕਿਸਾਨੀ ਵਰਗ ਦੇ ਕਲਿਆਣ ਹਿਤ-ਪੇਸ਼ ਹੁੰਦੀਆਂ ਹਨ ਤੇ ਇਹਨਾਂ ਗ਼ਜ਼ਲਾਂ ਦੇ ਕੇਂਦਰੀ-ਥੀਮ ਸਮੁੱਚੀ ਮਾਨਵ ਜਾਤੀ ਦੇ ਸੁੰਦਰ ਅਤੇ ਮਨਮੋਹਕ ਭਵਿੱਖ ਦੀ ਉਸਾਰੀ ਕਰਨੀ ਹੈ ਸੋ ਕ੍ਰਾਂਤੀ-ਕਾਰੀ ਵਿਸ਼ੇ ਉਸਦੀਆਂ ਗ਼ਜ਼ਲਾਂ ਦੇ ਵਿਚਾਰਧਾਰਾਈ ਆਧਾਰ ਹਨ ਜਿਵੇਂ :

ਦਹਿਕਦੇ ਅੰਗਿਆਰਾਂ ਤੇ ਸਉਂਦੇ ਰਹੇ ਨੇ ਲੋਕ
ਇਸ ਤਰ੍ਹਾਂ ਵੀ ਰਾਤ ਰੁਸ਼ਨਾਉਂਦੇ ਰਹੇ ਨੇ ਲੋਕ...

ਜ਼ਿੰਦਗੀ ਦਾ ਜਦ ਕਦੇ ਅਪਮਾਨ ਕੀਤਾ ਹੈ ਕਿਸੇ
ਮੌਤ ਬਣ ਕੇ ਮੌਤ ਦੀ ਆਉਂਦੇ ਰਹੇ ਨੇ ਲੋਕ

(ਗ਼ਜ਼ਲ, 'ਲੜਾਂਗੇ ਸਾਥੀ', ਪੰਨਾ 110)

ਸੰਗੀਤਾਤਮਕਤਾ ਗ਼ਜ਼ਲ ਦਾ ਇਕ ਮਹੱਤਵਪੂਰਣ ਗੁਣ ਹੈ। ਲੈਅ ਤੇ ਸੰਗੀਤ ਤੋਂ ਬਿਨਾ ਗ਼ਜ਼ਲ ਪਾਠਕਾਂ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਨਹੀਂ ਕਰ ਸਕਦੀ। ਪਾਸ਼ ਦੀ ਕਾਵਿ-ਰਚਨਾ ਵਿਚ ਕੇਵਲ ਦੋ ਗ਼ਜ਼ਲਾਂ ਮਿਲਦੀਆਂ ਹਨ ਪਰ ਤਿੰਨ ਗ਼ਜ਼ਲਾਂ ਨਿਸ਼ਚਤ ਲੈਅ, ਤੋਲ ਅਤੇ ਤੁਕਾਂਤ ਵਾਲੀਆਂ ਹਨ ਜੋ ਪਾਠਕ ਦੇ ਮਨ ਵਿਚ ਰੌਚਿਕਤਾ ਉਪਜਾਉਂਦੀਆਂ ਹਨ।

ਪਾਸ਼ ਦੀ ਕਾਵਿ-ਰਚਨਾ ਵਿਚ ਟੋਟਕੇ ਵੀ ਮਿਲਦੇ ਹਨ ਜੋ ਕੇਵਲ ਕ੍ਰਾਂਤੀਕਾਰੀ ਸੁਰ ਨੂੰ ਹੀ ਉਭਾਰਦੇ ਹਨ ਜਿਵੇਂ :

ਪਾਰਲੀਮੈਂਟ

ਝੂੰਮਣੇ ਵੱਲ ਉਂਗਲ ਨਾ ਕਰੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਨੂੰ ਤੁਸੀਂ ਖੱਖਰ ਸਮਝਦੇ ਹੋ
ਉਥੇ ਲੋਕਾਂ ਦੇ ਪ੍ਰਤੀਨਿਧ ਵੱਸਦੇ ਹਨ।

ਉਮਰ

ਬੰਦੇ ਦਾ ਵੀ ਕੋਈ ਜੀਣ ਹੈ
ਆਪਣੀ ਉਮਰ ਕਾਂ ਜਾਂ ਸੱਪ ਨੂੰ ਬਖਸ਼ੀਸ਼ ਦੇ ਦਿਉ।

ਫਤਵਾਸ਼ਨਾਸੀ

ਦੋਸਤੋ ਜੇ ਭਿਨਭਿਨਾਹਟ ਤੰਗ ਕਰਦੀ ਹੋਵੇ
ਤਾਂ ਉਡਾ ਲੈਣਾ ਨੱਕ ਤੋਂ ਮੱਖੀਆਂ
ਪਰ ਸਫ਼ਾਈ ਦਾ ਨਾਂ ਦੇ ਕੇ
ਪਵਿੱਤਰ ਸ਼ਬਦ ਨੂੰ ਪਲੀਤ ਨਾ ਕਰਨਾ

(ਇਕ ਕਾਗਜ਼ ਦੇ ਟੋਟੇ ਤੋਂ 'ਲੜਾਂਗੇ ਸਾਥੀ', ਪੰਨਾ 104)

ਪਾਸ਼ ਦੀਆਂ ਕਾਵਿ-ਰਚਨਾਵਾਂ ਵਿਚ ਲੋਕ ਗੀਤਾਂ ਨੂੰ ਅਤੇ ਲੋਕ ਕਾਵਿ-ਬਹਿਰਾਂ ਨੂੰ ਅਧਾਰ ਬਣਾ ਕੇ ਲਿਖੇ ਗੀਤ ਵੀ ਮਿਲਦੇ ਹਨ-ਜਿਵੇਂ 'ਚਿੜੀਆਂ ਦਾ ਚੰਬਾ', 'ਛੰਨੀ' ਆਦਿ। ਉਂਜ ਵੀ ਉਸਦੇ ਸੁਤੰਤਰ ਰੂਪ ਵਿਚ ਕਾਫ਼ੀ ਗੀਤ ਮਿਲਦੇ ਹਨ ਜਿਵੇਂ 'ਪੈਰਾਂ ਦੀਏ ਮਿੱਟੀਏ ਪਹਾੜ ਬਣ ਜਾਈਂ', 'ਸੋਨੇ ਦੀ ਸਵੇਰ', 'ਭਰਪੂਰ ਜਵਾਨੀ ਹੋ'।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪਾਸ਼ ਨੇ ਆਪਣੀ ਰਚਨਾ ਕਵਿਤਾ ਗ਼ਜ਼ਲਾਂ, ਲੋਕ ਗੀਤਾਂ ਤੇ ਟੋਟਕਿਆਂ ਵਿਚ ਕੀਤੀ ਹੈ ਉਸ ਦੀ ਭਾਸ਼ਾ ਠੇਠ ਪੰਜਾਬੀ ਹੈ ਇਸ ਉਪਰ ਪੇਂਡੂ ਸ਼ਬਦਾਵਲੀ ਦੀ ਰੰਗਣ ਵਧੇਰੇ ਨਜ਼ਰ ਆਉਂਦੀ ਹੈ। ਬੁੱਧੀਜੀਵੀ ਹੋਣ ਕਰਕੇ ਉਸ ਦੀਆਂ ਕਾਵਿ ਰਚਨਾਵਾਂ ਵਿਚ ਅੰਗਰੇਜ਼ੀ, ਉਰਦੂ, ਫ਼ਾਰਸੀ ਦੇ ਸ਼ਬਦ ਵੀ ਉਪਲਬਧ ਹੁੰਦੇ ਹਨ। ਉਸ ਦੀ ਕਵਿਤਾ ਦਾ ਅਧਿਐਨ ਕਰਨ ਤੋਂ ਬਾਅਦ ਇਹ ਗੱਲ ਸੰਪੂਰਣ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਉਹ ਕਾਵਿ ਸ਼ਾਸਤਰੀ ਨੇਮਾਂ ਦਾ ਸਖ਼ਤ ਵਿਰੋਧੀ ਸੀ। ਉਸ ਦੀ ਕਵਿਤਾ ਜੀਵਨ ਵਿਚਲੇ ਤ੍ਰਾਸਦਿਕ ਯਥਾਰਥ ਅਧੀਨ ਸੁਹਜ ਸੁਆਦ ਨੂੰ ਤਿਆਗਦੀ ਹੋਈ ਅਮੀਰ/ਉੱਚ ਵਰਗ ਉੱਪਰ ਵਿਅੰਗ ਕਰਦੀ ਹੈ, ਇਹ ਵਿਅੰਗ ਤੇਜ਼ ਤਲਵਾਰ ਦੀ ਉਸ ਧਾਰ ਵਾਂਗ ਹੈ, ਜਿਸ ਦੇ ਚੱਲਣ ਨਾਲ ਮਨੁੱਖ ਦੀ ਗਰਦਨ ਲਹਿ ਵੀ ਜਾਂਦੀ ਹੈ ਅਤੇ ਟਿੱਕੀ ਵੀ ਰਹਿੰਦੀ ਹੈ। ਇਸ ਤਰ੍ਹਾਂ ਪਾਸ਼ ਦੀ ਕਵਿਤਾ ਵਿਚ ਵਿਅੰਗ ਸ਼ੈਲੀ ਦੀ ਵਰਤੋਂ ਬੜੀ ਪ੍ਰਬਲ ਰੂਪ ਵਿਚ ਹੋਈ ਹੈ। ਬਿੰਬਾਂ/ਪ੍ਰਤੀਕਾਂ/ਚਿੰਨ੍ਹਾਂ ਦੀ ਵਰਤੋਂ ਉਹ ਸੁਹਜ ਸੁਆਦ ਨੂੰ ਵਧਾਉਣ ਲਈ ਨਹੀਂ ਕਰਦਾ ਸਗੋਂ ਸੰਦੇਸ਼ ਪਹੁੰਚਾਉਣ ਲਈ ਕਰਦਾ ਹੈ। ਇਸ ਤੋਂ ਇਲਾਵਾ ਉਸ ਦੀ ਕਵਿਤਾ ਵਿਚ ਮਾਨਵੀਕਰਣ ਅਤੇ ਨਾਟਕੀਅਤਾ ਆਦਿ ਜੁਗਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਵਰਤੋਂ ਵੀ ਹੋਈ ਹੈ। ਪਾਸ਼ ਕਾਵਿ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਭਾਵਾਂ ਨੂੰ ਇਸ ਤਰ੍ਹਾਂ ਪ੍ਰਗਟਾਉਂਦਾ ਹੈ ਕਿ ਮਨੁੱਖੀ ਮਨ ਸਹਿਜ ਰੂਪ ਵਿਚ ਬਦੋ ਬਦੀ ਸੰਘਰਸ਼ ਕਰਨ ਵੱਲ ਉਤੇਜਿਤ ਹੋ ਉਠਦਾ ਹੈ। ਉਸਦੀ ਕਾਵਿ ਰਚਨਾ ਨਿਮਨ/ ਦੱਬੇ ਕੁੱਚਲੇ ਵਰਗ ਦੇ ਮਨ ਵਿਚ ਤੇਜ਼ੀ ਅਤੇ ਆਤਮਾ ਵਿਚ ਜੁਗਿਤੀ ਉਤਪੰਨ ਕਰਦੀ ਹੈ। ਸੁੱਤੀਆਂ ਸ਼ਕਤੀਆਂ ਨੂੰ ਜਗਾਉਂਦੀ ਹੋਈ ਮੋਈਆਂ ਗਿਆਨ ਇੰਦਰੀਆਂ ਵਿਚ ਜਾਗ੍ਰਿਤੀ ਤੇ-ਜੀਵਨ ਦਾ ਸੰਚਾਰ ਕਰਦੀ ਹੈ। ਫੱਕੇ ਹਲਕੇ ਤੇ ਮੋਏ ਜ਼ਜ਼ਬਿਆਂ ਵਿਚ ਨਵੀਂ ਰੂਹ ਭਰਦੀ ਹੈ। ਦਿਲਾਂ ਨੂੰ ਗਰਮਾਉਂਦੀ ਹੈ ਅਤੇ ਹੌਂਸਲੇ ਤੇ ਹਿੰਮਤ ਨੂੰ ਬੁਲੰਦ ਕਰਦੀ ਹੈ। ਡਿੱਗੀ/ਮਧੋਲੀ ਜਾ ਚੁੱਕੀ ਨਿਮਨ ਸ਼੍ਰੇਣੀ ਨੂੰ ਕਰਤਵ ਪਾਲਣ ਲਈ ਉਭਾਰਦੀ ਹੈ। ਪਾਸ਼ ਦੀ ਕਵਿਤਾ ਨਾਹਰੇਬਾਜ਼ੀ ਨੂੰ ਤਿਆਗਦੀ ਨਹੀਂ ਸਗੋਂ ਉੱਚੀ ਸੁਰ ਵਿਚ ਉੱਚ ਵਰਗ ਦਾ ਖੰਡਨ ਕਰਕੇ ਨਿਮਨ ਵਰਗ ਵਿਚ ਕ੍ਰਾਂਤੀ ਦੀ ਭਾਵਨਾ ਪ੍ਰਬਲ ਕਰਦੀ ਹੈ। ਇਸ ਤਰ੍ਹਾਂ ਪਾਸ਼ ਦੀ ਕਾਵਿ-ਸ਼ੈਲੀ ਜੁਝਾਰ ਵਿਦਰੋਹੀ ਕਵਿਤਾ ਦੇ ਅਨੁਕੂਲ ਹੈ ਤੇ ਇਨਕ-ਲਾਬੀ ਵਿਸ਼ੇ ਨੂੰ ਉਤਸ਼ਾਹ ਭਰਪੂਰ ਰੂਪ ਵਿਚ ਪੇਸ਼ ਕਰਨਾ ਉਸ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ।

ਹਵਾਲੇ ਅਤੇ ਟਿੱਪਣੀਆਂ

1. 'ਆਧੁਨਿਕ ਪੰਜਾਬੀ ਕਾਵਿ : ਸੁਹਜ-ਦ੍ਰਿਸ਼ਟੀ,' ਪੰਨੇ 152-153
2. Textual Strategies, p. 163.
3. 'ਆਧੁਨਿਕ ਪੰਜਾਬੀ ਕਾਵਿ : ਸੁਹਜ-ਦ੍ਰਿਸ਼ਟੀ', ਪੰਨਾ 162
4. 'ਪੰਜਾਬੀ ਦੁਨੀਆਂ' (ਉਦਰਿਤ) ਜੂਨ-1972, ਪੰਨਾ 44
5. Symbol, the term given to visible object representing to the mind the semblance of something which is not shown but realised by association with it.—Symbolism, Encyclopaedia Britanica, P. 284.
6. Symbolism can be defined as the art of expressing ideas and emotions not by describing them directly, nor by defining them through overt comparisons with concre-to images, but by suggesting what these ideas, emotions are, by recreating them in the mind of the reader through the use of unexplained symbols—Symbolism, Pp. 2-3.
7. 'ਆਧੁਨਿਕ ਹਿੰਦੀ ਕਾਵਿ ਮੇਂ ਪ੍ਰਤੀਕ ਵਿਧਾਨ', ਪੰਨਾ 21.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸ਼ ਕਾਵਿ ਦੀ ਵਿਅੰਗ-ਵਿਧੀ

('ਸਾਡੇ ਸਮਿਆਂ ਵਿਚ' ਦੇ ਆਧਾਰ 'ਤੇ)

ਵਿਅੰਗ ਅੰਗਰੇਜ਼ੀ ਦੇ ਸਬਦ (Satire) ਦਾ ਸਮਾਨਾਰਥਕ ਹੈ । ਉਰਦੂ ਵਿਚ ਇਸ ਲਈ ਤਨਜ਼ ਮਜ਼ਾਹ ਸ਼ਬਦ ਪ੍ਰਚਲਿਤ ਹੈ। ਵਿਅੰਗ ਸ਼ਬਦ ਪੰਜਾਬੀ ਵਿਚ ਸੰਸਕ੍ਰਿਤ ਤੋਂ ਆਇਆ ਹੈ। ਸੰਸਕ੍ਰਿਤ ਕਾਵਿ-ਸ਼ਾਸਤਰ ਵਿਚ ਵਕ੍ਰੋਕਤੀ ਸੰਪਰਦਾਇ ਵਾਲਿਆਂ ਨੇ ਵਕ੍ਰੋਕਤੀ ਦੀ ਵਿਆਖਿਆ ਦੋ ਤਰ੍ਹਾਂ ਨਾਲ ਕੀਤੀ ਹੈ। ਇਕ ਤਾਂ ਇਹ ਗੱਲ ਨੂੰ ਟੇਢੇ-ਮੇਢੇ ਢੰਗ ਨਾਲ ਕਰਨ ਦੀ ਵਿਧੀ ਹੈ। ਇਸ ਤੋਂ ਭਾਵ ਚੋਭ ਜਾਂ ਚੋਟ ਵਾਲੇ ਢੰਗ ਨਾਲ ਗੱਲ ਕਰਨਾ ਵੀ ਲਿਆ ਜਾਂਦਾ ਹੈ। ਸੰਸਕ੍ਰਿਤ ਕਾਵਿ ਸ਼ਾਸਤ੍ਰੀਆਂ ਨੇ ਸ਼ਬਦ ਦੀਆਂ ਤਿੰਨ ਸ਼ਕਤੀਆਂ ਮੰਨੀਆਂ ਹਨ : ਅਭਿਧਾ, ਲੱਕਸ਼ਣਾਂ ਤੇ ਵਿਅੰਜਨਾਂ ਸ਼ਕਤੀ। ਵਿਅੰਗ ਸ਼ਬਦ ਦਾ ਸੰਬੰਧ ਵਿਅੰਜਕ ਭਾਵ ਵਿਅੰਜਨਾਮਈ ਸ਼ਬਦਾਂ ਨਾਲ ਹੈ।

ਕਿਸੇ ਵਿਅਕਤੀ ਜਾਂ ਸਮਾਜ ਵਿਚਲੇ ਗੁਣਾਂ/ਅੰਗੁਣਾਂ ਨੂੰ ਦਰਸਾਉਣ ਦੇ ਦੋ ਤਰੀਕੇ ਹੁੰਦੇ ਹਨ : ਪਹਿਲਾਂ ਸਿੱਧੇ ਢੰਗ ਨਾਲ ਗੱਲ ਕਹਿ ਦੇਣਾ ਅਤੇ ਦੂਸਰਾ ਅਸਿੱਧੇ ਜਾਂ ਗੁੱਝੇ ਢੰਗ ਦੇ ਨਾਲ ਗੱਲ ਕਹਿਣਾ। ਦੂਸਰੇ ਢੰਗ ਨਾਲ ਕੀਤੀ ਗਈ ਗੱਲ ਵਿਅੰਗ ਅਖਵਾਉਂਦੀ ਹੈ। ਵਿਅੰਗ ਉਦੋਂ ਪੈਦਾ ਹੁੰਦਾ ਹੈ ਜਦ ਚਤੁਰਬੁੱਧੀ ਆਪਣੀ ਦਰੁਸਤੀ ਦੀ ਵਿਸ਼ਵਾਸ਼ੀ ਹੋ ਕੇ ਅਲਪ ਬੁੱਧੀ ਤੇ ਊਣੇਪਨ ਦਾ ਮਜ਼ਾਕ ਉਡਾਉਂਦੀ ਹੈ। ਜਿਥੇ ਵਿਅੰਗ ਦੇ ਇਕ ਅਰਥ ਗੁੱਝੇ ਰਮਜ਼ ਤੇ ਭੇਦ ਭਰੇ ਹਨ ਤਾਂ ਦੂਜੇ ਅਰਥ ਚੋਟ ਭਰੇ ਤੇ ਚੋਭ ਭਰੇ ਹਨ।

ਵਿਅੰਗ ਕਿਸੇ ਦੇ ਅੌਗੁਣੇ/ਗਲਤੀਆਂ ਵੱਲ ਸੰਕੇਤ ਕਰਨ ਦਾ ਸਭ ਤੋਂ ਵਧੀਆ ਤੇ ਸੁਲਝਿਆ ਹੋਇਆ ਢੰਗ ਹੈ। ਵਿਅੰਗ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਗੱਲ ਨੂੰ ਅਸਿੱਧੇ ਢੰਗ ਦੇ ਨਾਲ ਕਿਹਾ ਜਾਂਦਾ ਹੈ। ਇਹ ਲੁਕਵੇਂ ਢੰਗ ਦੇ ਨਾਲ ਗੱਲ ਨੂੰ ਸੁਲਝਾਉਂਦਾ ਵੀ ਹੈ ਅਤੇ ਊਣਤਾਈ ਉਪਰ ਭਰਪੂਰ ਚੋਟ ਵੀ ਕਰਦਾ ਹੈ। ਇਹ ਚੋਭ ਜ਼ਿਆਦਾਤਰ ਸਾਹਿਤਕ ਤੇ ਉਸਾਰੂ ਪ੍ਰਕਿਰਤੀ ਵਾਲੀ ਹੁੰਦੀ ਹੈ। ਸਾਹਿਤ ਦਾ ਮੁੱਖ ਕਰਤੱਵ ਸਭਯ ਢੰਗ ਨਾਲ ਗਿਆਨ ਤੇ ਸੁਹਜ ਪ੍ਰਦਾਨ ਕਰਨਾ ਹੁੰਦਾ ਹੈ। ਇਸ ਕਰਕੇ ਸਾਹਿਤ ਵਿਚ ਵਿਅੰਗ ਦੀ ਮਹਾਨਤਾ ਜ਼ਿਆਦਾ ਹੋ ਜਾਂਦੀ ਹੈ। ਕਈ ਵਿਸ਼ੇ ਜਾਂ ਵਿਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਸਿੱਧਾ ਸਾਦਾ ਪ੍ਰਗਟਾਵਾ ਪ੍ਰਚਾਰ ਦਾ ਰੂਪ ਧਾਰਨ ਕਰ ਜਾਂਦਾ ਹੈ। ਇਸ ਕਰਕੇ ਅਜੇਹੀ ਸਾਹਿਤ ਰਚਨਾ ਉੱਤਮ ਰਚਨਾ ਨਹੀਂ ਬਣ ਸਕਦੀ। ਵਿਅੰਗ ਇਕ ਅਜਿਹਾ ਸਾਧਨ ਹੈ ਜੋ ਅਜਿਹੇ ਵਿਸ਼ਿਆਂ ਨੂੰ ਸਭਯ ਢੰਗ ਨਾਲ ਰੂਪਮਾਨ ਕਰ ਸਕਦਾ ਹੈ। ਇਸ ਨਾਲ ਸਾਹਿਤ ਕਿਰਤ ਦਾ ਮਨੋਰਥ ਵੀ ਹੱਲ ਹੋ ਜਾਂਦਾ ਹੈ ਅਤੇ ਉਸ ਦਾ ਸਾਹਿਤਕ ਮੁੱਲ ਵੀ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਵਿਅੰਗ ਇਕ ਸਾਰਥਕ ਤੇ ਉਸਾਰੂ ਪ੍ਰਗਟਾਓ ਜੁਗਤ ਹੈ ਜਿਸ ਦਾ ਇਕ ਸਾਕਾਰਾਤਮਕ ਉਦੇਸ਼ ਹੁੰਦਾ ਹੈ। ਕਨ੍ਹੈਯਾ ਲਾਲ ਕਪੂਰ ਨੇ ਆਪਣੇ ਲੇਖ "ਹਾਸ ਵਿਅੰਗ ਦੀ ਪਰਿਭਾਸ਼ਾ ਸਿਧਾਂਤ ਤੇ ਸੰਖੇਪ ਸਰਵੇਖਣ" ਵਿਚ ਵਿਅੰਗ ਦੇ ਉਦੇਸ਼ ਬਾਰੇ ਲਿਖਿਆ ਹੈ :

> ਵਿਅੰਗ ਦਾ ਉਦੇਸ਼ ਫਜ਼ੂਲ ਜਾਂ ਬਹੂਦਾ ਗੱਲਾਂ, ਰਸਮਾਂ, ਪਰੰਪਰਾਵਾਂ, ਸਿਧਾਂਤਾਂ ਨੂੰ ਤਬਾਹ ਕਰਕੇ ਇਕ ਨਵੀਂ ਵਿਚਾਰਧਾਰਾ ਦੀ ਉਤਪਤੀ ਕਰਨਾ ਹੈ।[1]

ਨਵੇਂਦੂ ਨੇ 'ਮਾਨਵਿਕੀ ਪਰਿਭਾਸ਼ਕ' ਕੋਸ਼ ਵਿਚ ਵਿਅੰਗ ਦੇ ਉਦੇਸ਼ ਬਾਰੇ ਇਸ ਤਰ੍ਹਾਂ ਲਿਖਿਆ ਹੈ :

> ਵਿਅੰਗ ਦਾ ਉਦੇਸ਼ ਮਾਨਵੀ ਗਲਤੀਆਂ ਤੇ ਕਟਾਖਸ਼ ਕਰਕੇ ਉਹਨਾਂ ਨੂੰ ਉਭਾਰਨਾ ਤੇ ਸੁਧਾਰਨਾ ਹੁੰਦਾ ਹੈ।[2]

ਵਿਅੰਗ ਦੀ ਤੁਲਨਾ ਤਲਵਾਰ ਦੀ ਅਜੇਹੀ ਤੇਜ ਧਾਰ ਨਾਲ ਕੀਤੀ ਜਾਂਦੀ ਹੈ ਜਿਸ ਨਾਲ ਬੰਦੇ ਦੀ ਗਰਦਨ ਲੱਥ ਵੀ ਜਾਂਦੀ ਹੈ ਤੇ ਟਿਕੀ ਵੀ ਰਹਿੰਦੀ ਹੈ।

ਜੋਸਫ ਹਾਲ ਵਿਅੰਗ ਦੀ ਤੁਲਨਾ (porcupine) ਨਾਲ ਕਰਦਾ ਹੈ, ਜੋ ਆਪਣੀ ਕਾਟ ਨਾਲ ਸਭ ਨੂੰ ਲਹੂ ਲੁਹਾਨ ਕਰ ਦਿੰਦਾ ਹੈ।[3]

ਚਾਰਲਸ ਚਰਚਲ ਅਨੁਸਾਰ ਜਦ ਵਿਅੰਗ ਰੂਪੀ ਡੰਡਾ ਚਲਦਾ ਹੈ ਤਾਂ ਸੰਬੰਧਿਤ ਪਾਠਕਾਂ ਵਿਚ ਸਹਿਮ ਛਾ ਜਾਂਦਾ ਹੈ।[4]

ਕਿਸੇ ਵਿਅਕਤੀ ਵਸਤੂ, ਸ਼੍ਰੇਣੀ ਆਦਿ ਦੇ ਉਨ੍ਹਾਂ ਪਹਿਲੂਆਂ ਨੂੰ ਵਿਅੰਗ ਦਾ ਵਿਸ਼ਾ ਬਣਾਉਣਾ ਜਿਨ੍ਹਾਂ ਦਾ ਸੰਬੰਧ ਸਮਾਜ ਜਾਂ ਰਾਸ਼ਟਰ ਨਾਲ ਹੋਵੇ, ਹੀ ਕਲਾ ਦਾ ਦ੍ਰਿਸ਼ਟੀ ਤੋਂ ਉੱਤਮ ਵਿਅੰਗ ਮੰਨਿਆ ਜਾਂਦਾ ਹੈ।

ਸਤਿੰਦਰ ਸਿੰਘ ਦਾ ਵਿਚਾਰ ਹੈ :

> ਵਿਅੰਗ ਵਿਸ਼ੇਸ਼ ਸਾਹਿਤਕ ਵਿਧੀ ਹੈ। ਜੋ ਸਭਿਆ ਢੰਗ ਨਾਲ ਗਿਆਨ ਤੇ ਸੋਹਜ ਨੂੰ ਸੰਯੁਕਤ ਰੂਪ ਦੇਂਦੀ ਹੈ।[5]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਵਿਅੰਗ ਦੀ ਵਿਸੇਸ਼ਤਾ ਇਹ ਹੈ ਕਿ ਇਹ ਸੁਹਜ-ਭਰਪੂਰ ਢੰਗ ਨਾਲ ਚੋਭ ਲਾਉਂਦਾ ਹੈ ਅਤੇ ਅਚੇਤ ਹੀ ਸੁਧਾਰ ਦਾ ਮਨੋਰਥ ਸਿੱਧ ਕਰ ਜਾਂਦਾ ਹੈ।

ਮੋਲੀਅਰ ਨੇ ਵਿਅੰਗ ਦੀ ਪ੍ਰਕਿਰਿਆ ਸੰਬੰਧੀ ਇਸ ਤਰ੍ਹਾਂ ਟਿੱਪਣੀ ਕੀਤੀ ਹੈ ਕਿ ਇਹ :

> ਮਨੁੱਖ ਦਾ ਨਿੱਜੀ ਮਨੋਰੰਜਨ ਕਰਦਿਆਂ ਉਨ੍ਹਾਂ ਦੀਆਂ ਤਰੁਟੀਆਂ ਦਾ ਸਮਾਧਾਨ ਕਰਦਾ ਹੈ।[6]

ਵਿਅੰਗ ਬਾਰੇ ਉਪਰੋਕਤ ਚਰਚਾ ਕਰਨ ਉਪਰੰਤ ਅਸੀਂ ਪਾਸ਼ ਕਾਵਿ ਵਿਚ ਵਿਅੰਗ ਵਿਧੀ ਦੇ ਪ੍ਰਯੋਗ ਸੰਬੰਧੀ ਵਿਚਾਰ ਕਰਾਂਗੇ। ਪਾਸ਼ ਆਧੁਨਿਕ ਕਾਲ ਵਿਚ ਰਚੀ ਗਈ ਜੁਝਾਰ-ਵਿਦਰੋਹੀ ਪੰਜਾਬੀ ਕਵਿਤਾ ਵਿਚ ਇਕ ਉਭਰਵੇਂ ਮੁਹਾਂਦਰੇ ਵਾਲਾ ਕਵੀ ਹੈ। ਜੁਝਾਰ ਵਿਦਰੋਹੀ ਕਾਵਿ-ਧਾਰਾ ਕ੍ਰਾਂਤੀਕਾਰੀ ਜੋਸ਼ ਦੇ ਆਧਾਰ ਤੇ ਲਿਖੀ ਗਈ ਹੈ। ਇਹ ਕਵਿਤਾ ਭਾਵੇਂ ਮਾਓ ਦੀ ਸ਼ਕਤੀਸ਼ਾਲੀ ਵਿਚਾਰਧਾਰਾ ਤੇ ਆਧਾਰਿਤ ਹੈ ਪਰ ਇਸ ਦੇ ਰਚਣਹਾਰਿਆਂ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਤੇ ਸੰਚਾਰ ਦੇ ਪੱਖੋਂ ਸਫਲ ਬਣਾਉਣ ਲਈ ਪੰਜਾਬੀ ਸਭਿਆਚਾਰ, ਲੋਕ-ਮੁਹਾਵਰੇ ਤੇ ਸਿੱਖ ਮੱਤ ਦੇ ਨਾਲ ਸੰਬੰਧਿਤ ਬਿੰਬਾਵਲੀ ਨੂੰ ਪ੍ਰਯੋਗ ਵਿਚ ਲਿਆਂਦਾ ਹੈ। ਇਸ ਵਿਚ ਵਿਅੰਗ ਦੀ ਸੁਰ ਪ੍ਰਧਾਨ ਹੈ। ਇਸ ਵਿਚ ਸੱਤਾਧਾਰੀ ਸ਼੍ਰੇਣੀ ਦੇ ਕਪਟ ਜਾਲ ਅਤੇ ਦਮਨ ਨੀਤੀਆਂ ਉਤੇ ਅਤੇ ਸਮਾਜਕ ਵਰਤਾਰੇ ਦੇ ਅਣਸੁਖਾਵੇਂਪਨ ਉਤੇ ਕਸਵਾਂ ਵਿਅੰਗ ਨਜ਼ਰ ਆਉਂਦਾ ਹੈ।

ਪਾਸ਼-ਕਾਵਿ ਵਿਚ ਵਿਅੰਗ ਬਹੁਪਰਤੀ ਚੋਭ ਵਾਲੀ ਵਿਧੀ ਸਥਾਪਿਤ ਹੁੰਦਾ ਹੈ। ਅੱਜ ਦੇ ਯੁਗ ਵਿਚ ਸਮਾਜਕ ਤੇ ਰਾਜਨੀਤਕ ਤੌਰ ਤੇ ਸੱਤਾਧਾਰੀ ਵਰਗ ਦੀਆ ਬੁਰਾਈਆਂ ਬਾਰੇ ਆਵਾਜ਼ ਉਠਾਉਣੀ ਕੋਈ ਸੌਖੀ ਗੱਲ ਨਹੀਂ ਹੈ। ਅਜੇਹੀ ਗੱਲ ਕਰਨ ਲਈ ਸਾਹਸ, ਦਲੇਰੀ ਤੇ ਪ੍ਰਤਿਭਾ ਦੀ ਲੋੜ ਹੁੰਦੀ ਹੈ। ਪਾਸ਼ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਸਮਾਜਕ ਤੇ ਰਾਜਨੀਤਕ ਖੇਤਰ ਵਿਚ ਸਥਾਪਿਤ ਉਚੇਰੇ ਵਰਗ ਦੀਆਂ ਬੁਰਾਈਆਂ ਨੂੰ ਭੰਡਣ ਲਈ ਬੜੇ ਸੁਚੱਜੇ ਢੰਗ ਦੇ ਨਾਲ ਵਿਅੰਗ ਦੀ ਵਰਤੋਂ ਕੀਤੀ ਹੈ। ਵਿਅੰਗ ਵਿਧੀ ਨੇ ਉਸਦੀ ਰਚਨਾ ਵਿਚ ਗੰਭੀਰਤਾ ਤੇ ਭਰਪੂਰਤਾ ਲਿਆਂਦੀ ਹੈ।

ਪਾਸ਼-ਕਾਵਿ ਵਿਚ ਖੁਰਦਰੀ, ਖਰ੍ਹਵੀ ਤੇ ਨੁਕੀਲੀ ਪ੍ਰਕਿਰਤੀ ਵਾਲਾ ਵਿਅੰਗ ਕਵੀ ਦੇ ਸਮਾਜਕ ਤੇ ਰਾਜਨੀਤਕ ਮਨੋਰਥ ਦੇ ਅਨੁਕੂਲ ਜੁਗਤ ਵਜੋਂ ਸਥਾਪਤ ਹੁੰਦਾ ਹੈ। ਬਲਜੀਤ ਕੌਰ ਦੇ ਮੱਤ ਅਨੁਸਾਰ :

> ਪਾਸ਼ ਕਾਵਿ ਵਿਚ ਵਿਅੰਗ ਬਹੁਪਰਤੀ ਚੋਭ ਵਾਲੀ ਵਿਧੀ ਸਾਬਿਤ ਹੋਈ ਹੈ। ਸਮਾਜਕ, ਰਾਜਨੀਤਕ ਪ੍ਰਬੰਧ ਵਿਚ ਵਿਰੋਧੀ ਧਿਰਾਂ ਦੀ ਅਸਾਂਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਿਤੀ ਸ਼ਕਤੀਸ਼ਾਲੀ ਵਰਗ ਦੀ ਅਗਿਆਨਤਾ ਤੇ ਬੇਬਸੀ ਇਹ ਵੇਰਵੇ
ਆਪਣੇ ਆਪ ਵਿਚ ਵਿਅੰਗ ਪੂਰਨਤਾ ਛੁਪਾਈ ਬੈਠੇ ਹਨ।[7]

ਆਪਣੇ ਕਾਵਿ ਸੰਗ੍ਰਹਿ 'ਸਾਡੇ ਸਮਿਆਂ ਵਿਚ' ਦੀ ਪਹਿਲੀ ਕਵਿਤਾ 'ਇਨਕਾਰ' ਵਿਚ ਹੀ ਪਾਸ਼ ਨੇ ਦੋ ਵਿਰੋਧੀ ਧਿਰਾਂ ਦੀ ਉਸਾਰੀ ਕਰਕੇ ਵਿਅੰਗ ਦ੍ਰਿਸ਼ਟੀ ਰਾਹੀਂ ਆਪਣੇ ਵਰਗ ਦੀ ਵੱਖਰੀ ਪਹਿਚਾਣ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਕਵੀ ਆਪਣੇ ਆਪ ਨੂੰ ਖੇਤਾਂ ਦਾ ਪੁੱਤ ਆਖ ਕੇ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰ ਲੈਂਦਾ ਹੈ। ਉਚ ਵਰਗ ਦੇ 'ਚਗਲੇ ਹੋਏ ਸਵਾਦਾਂ' ਦੀ ਗੱਲ ਕਰਨ ਤੋਂ ਇਨਕਾਰ ਕਰਦਾ ਹੋਇਆ ਅਤੇ ਉਨ੍ਹਾਂ ਸਵਾਦਾਂ ਨਾਲ ਵਿਰੋਧ ਥਾਪਦਾ ਹੋਇਆ ਉਹ ਕਹਿੰਦਾ ਹੈ :

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।

ਉਹ ਦਲਾਨ ਦੇ ਖੂੰਜੇ ਪਈ ਸੌਣੀ ਦੀ ਫਸਲ ਤੇ ਦਲਾਨ ਦੇ ਬੂਹੇ ਤੇ ਖੜੇ ਸਿਆਲ ਦਾ ਟਾਕਰਾ ਕਰਕੇ ਇਸ ਵਰਗ ਦੀ ਜੀਵਨ ਸਥਿਤੀ ਦੇ ਕਰੂਰ ਵਿਅੰਗ ਨੂੰ ਬੜੇ ਟੁੰਬਵੇਂ ਤਰੀਕੇ ਨਾਲ ਬਿਆਨਦਾ ਹੈ :

ਮੈਂ ਦਲਾਨ ਦੇ ਖੂੰਜੇ 'ਚ ਪਈ ਸੌਣੀ ਦੀ ਫ਼ਸਲ
ਤੇ ਦਲਾਨ ਦੇ ਬੂਹੇ ਤੇ ਖੜੇ ਸਿਆਲ ਦੀ ਹੀ ਗੱਲ ਕਰਾਂਗਾ।

ਪਰ ਯਥਾਰਥ ਇਸ ਦੇ ਬਿਲਕੁਲ ਵਿਪਰੀਤ ਨਜ਼ਰ ਆਉਂਦਾ ਹੈ। ਆਪਣੇ ਅਨੁਭਵ ਦੇ ਯਥਾਰਥ ਦੇ ਉੱਪਰ ਤਿੱਖਾ ਵਿਅੰਗ ਕਰਦਾ ਹੋਇਆ ਉਹ ਲਿਖਦਾ ਹੈ :

ਜਦੋਂ ਮੈਨੂੰ ਪਤਾ ਲੱਗਾ ਕਿ ਧਰਤੀ ਰੋਟੀ ਦੇ ਵਰਗੀ ਨਹੀਂ ਹੈ,
ਗੇਂਦ ਵਰਗੀ ਹੈ
ਅੰਬਰਾਂ ਵਿਚ ਨੀਲੀ ਜਿਹੀ ਦੀਹਦੀ ਖਿਲਾਅ ਹੈ, ਰੱਬ ਨਹੀਂ
ਜਦੋਂ ਮੈਨੂੰ ਪਤਾ ਲੱਗਾ, ਵਿੱਦਿਆ ਮਨੁੱਖ ਦੀ ਤੀਸਰੀ ਅੱਖ ਨਹੀਂ
ਸਗੋਂ ਦੋ ਹੀ ਅੱਖਾਂ ਦਾ ਟੀਰ ਹੈ

ਇਸੇ ਨਜ਼ਮ ਦੇ ਵਿਚ ਹੀ ਆਜ਼ਾਦੀ ਦੇ ਉੱਪਰ ਵਿਅੰਗ ਕੀਤਾ ਗਿਆ ਹੈ। ਕਹਿਣ ਨੂੰ ਤਾਂ ਇਹ ਢੰਢੋਰਾ ਪਿੱਟਿਆ ਜਾਂਦਾ ਹੈ ਕਿ ਮਨੁੱਖ ਆਜ਼ਾਦ ਹੈ, ਪਰ ਉਹ ਅਸਲ ਵਿਚ ਗ਼ੁਲਾਮੀ ਦਾ ਜੀਵਨ ਜੀਉ ਰਿਹਾ ਹੈ। ਪਾਸ਼ ਕਹਿੰਦਾ ਹੈ :

ਮੈਂ ਮੁੰਡਿਓ, ਹੁਣ ਤੁਹਾਡੇ ਚੋਂ ਨਹੀਂ ਹਾਂ
ਮੈਂ ਇੱਲ ਦੇ ਪੰਜਿਆਂ 'ਚ ਉਡ ਰਿਹਾ ਆਜ਼ਾਦ ਚੂਹਾ ਹਾਂ
ਘੁਸਮਸੇ ਦੀ ਚੁੰਝਲੀ ਹੋਈ ਅੱਖ 'ਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਤਿਹਾਸ ਦੇ ਤਾਲਾ ਲੱਗੇ ਹੋਏ ਬੂਹੇ ਤੇ ਬੈਠਾ ਪ੍ਰਾਹੁਣਾ ਹਾਂ
ਬਾਰਮਾਹ 'ਚੋਂ ਵਰਜਿਤ ਕੋਈ ਮਸਾਂਦ ਹਾਂ
ਜਿਸ ਤੋਂ ਕੁਝ ਵੀ ਸ਼ੁਰੂ ਜਾਂ ਖ਼ਤਮ ਨਹੀਂ ਹੁੰਦਾ—

ਆਪਣੀ ਕਵਿਤਾ 'ਕਲਾਮ ਮਿਰਜ਼ਾ' ਵਿਚ ਪਾਸ਼ ਨੇ ਇਤਿਹਾਸਕ ਸੰਦਰਭ ਵਿਚ ਸਮਕਾਲੀ ਪਰਿਸਥਿਤੀਆਂ ਨੂੰ ਬਿਆਨਣ ਦਾ ਯਤਨ ਕੀਤਾ ਹੈ। ਸਮਕਾਲੀ ਸੋਚ ਰੁਮਾਂਟਿਕ ਨਹੀਂ, ਪਦਾਰਥਵਾਦੀ ਹੈ। ਪਾਸ਼ ਨੇ ਇਸ ਨਜ਼ਮ ਦੇ ਵਿਚ ਇਹੋ ਕੁਝ ਹੀ ਦਰਸਾਉਣ ਦਾ ਯਤਨ ਕਰਦੇ ਹੋਏ ਰੁਮਾਂਟਿਕ ਸੋਚ ਤੇ ਵਿਅੰਗ ਕੀਤਾ ਹੈ :

ਪਰ ਸ਼ਾਇਦ ਹੁਣ
ਸਭ ਕੁਝ ਪਹਿਲੇ ਜਿਹਾ ਨਾ ਹੋਵੇ
ਹੋ ਸਕਦੈ ਕਿ ਤੈਨੂੰ ਕੱਢਣ ਤੋਂ ਪਹਿਲਾਂ
ਮੈਨੂੰ ਰੋਟੀ ਉਧਾਲ ਲਏ

ਇਸ ਤਰ੍ਹਾਂ ਇਸ ਨਜ਼ਮ ਦੇ ਵਿਚ ਪ੍ਰੇਮੀ ਜਾਂ ਪ੍ਰੇਮਕਾ ਦੇ ਰੁਮਾਂਟਿਕ ਸੰਕਲਪ ਤੋਂ ਪਹਿਲਾਂ ਪਦਾਰਥਵਾਦੀ ਸੰਕਲਪ ਅਰਥਾਤ ਰੋਟੀ ਨੂੰ ਪਹਿਲ ਦਿੱਤੀ ਗਈ ਹੈ। ਰੋਟੀ ਦੀ ਸਮੱਸਿਆ ਨਾਲ ਸਾਰੀ ਉਮਰ ਜੂਝਦੇ ਰਹਿਣ ਵਾਲੇ ਇਸ ਵਰਗ ਦੀ ਸਥਿਤੀ ਦਾ ਸਭ ਤੋਂ ਵੱਡਾ ਵਿਅੰਗ ਇਹ ਹੈ ਕਿ ਇਸ ਸਮੱਸਿਆ ਦੀ ਸ਼ਿੱਦਤ ਇਸ ਵਰਗ ਦੇ ਅਮਲ ਤੇ ਆਦਰਸ਼ ਦੋਹਾਂ ਦੀਆਂ ਸੰਭਾਵਨਾਵਾਂ ਨੂੰ ਨਿਗਲ ਲੈਂਦੀ ਹੈ। ਮਿਰਜ਼ੇ ਨੂੰ ਪ੍ਰਤੀਕ ਬਣਾ ਕੇ ਇਸ ਨਜ਼ਮ ਵਿਚ ਅੱਜ ਦੇ ਸਾਧਾਰਣ ਮਨੁੱਖ ਦੀ ਗੱਲ ਕੀਤੀ ਗਈ ਹੈ।

ਸਾਹਿਤ ਬਾਰੇ ਤਾਂ ਇਹ ਗੱਲ ਆਮ ਪ੍ਰਚਲਿਤ ਹੈ ਕਿ ਇਹ ਮਨੁੱਖੀ ਮਨ ਦੇ ਹਾਵਾਂ ਭਾਵਾਂ ਦੀ ਪੇਸ਼ਕਾਰੀ ਕਰਦਾ ਹੈ। ਜਦੋਂ ਮਨੁੱਖੀ ਮਨ ਦੇ ਵਿਚ ਤਰੰਗਾਂ ਉੱਠਦੀਆਂ ਹਨ ਤਾਂ ਸਾਹਿਤ ਉਤਪੰਨ ਹੁੰਦਾ ਹੈ ਪਰ ਇਸੇ ਨਜ਼ਮ ਵਿਚ ਵਿਅੰਗ ਰਾਹੀਂ ਇਹ ਗੱਲ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਅਜੋਕੇ ਹਾਲਾਤ ਦੇ ਵਿਚ ਕਵਿਤਾ ਮਨੁੱਖੀ ਮਨੋਵੇਗ ਦਾ ਪ੍ਰਗਟਾਵਾ ਨਹੀਂ ਰਹਿ ਗਈ ਸਗੋਂ ਇਹ ਅੱਜ ਕਿਰਾਏ ਤੇ ਲਿਖੀ ਜਾਣ ਲੱਗੀ ਹੈ। ਪਰਖ ਰੂਪ ਵਿਚ ਇਸ ਵਿਚ ਸਰਕਾਰ ਦੇ ਉੱਪਰ ਵਿਅੰਗ ਕੀਤਾ ਗਿਆ ਹੈ, ਜਿਹੜੀ ਕਿ ਸਾਹਿਤਕਾਰ ਨੂੰ ਖਰੀਦ ਕੇ ਉਸ ਤੋਂ ਉਹੀ ਕੰਮ ਕਰਾਉਂਦੀ ਹੈ ਜੋ ਉਹ ਚਾਹਵੇ। ਉਦਾਹਰਣ ਲਈ ਪਾਸ਼ ਦੀ ਨਜ਼ਮ 'ਕਲਾਮ ਮਿਰਜ਼ਾ' ਵਿਚੋਂ ਕੁਝ ਪੰਗਤੀਆਂ ਪੇਸ਼ ਕੀਤੀਆਂ ਜਾਂਦੀਆਂ ਹਨ :

ਤੇ ਪੀਲੂ ਸ਼ਾਇਰ
ਅੱਜ ਕੱਲ ਵਿਸ਼ਵ-ਵਿਦਿਆਲੇ ਨੌਕਰੀ ਤੇ ਲੱਗ ਗਿਆ ਹੈ
ਸ਼ਾਇਦ ਉਹ ਮੇਰੇ ਕਤਲ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਗੂਣੀ ਜਿਹੀ ਘਟਨਾ ਕਰਾਰ ਦੇਵੇ ਤੇ ਸ਼ਤਾਬਦੀਆਂ ਲਈ
ਕਿਰਾਏ ਦੀਆਂ ਨਜ਼ਮਾਂ ਰਹੇ ਲਿਖਦਾ,
ਤੇ ਪਹਿਲਾਂ ਵਾਂਗ ਹੁਣ ਕੁਝ ਵੀ ਨਾ ਹੋਵੇ

ਇਸੇ ਨਜ਼ਮ ਦੇ ਵਿਚ ਸਰਕਾਰ ਉੱਪਰ ਵੀ ਕਾਟਵੇਂ ਢੰਗ ਦੇ ਨਾਲ ਵਿਅੰਗ ਕੀਤਾ ਗਿਆ ਹੈ। ਸਿਆਸਤਦਾਨ ਵਜ਼ਾਰਤ ਲੈਣ ਲਈ ਲੋਕਾਂ ਕੋਲੋਂ ਪਹਿਲਾਂ ਤਾਂ ਬੜੇ ਪਿਆਰ ਦੇ ਨਾਲ ਵੋਟਾਂ ਪ੍ਰਾਪਤ ਕਰਦੇ ਹਨ ਪਰੰਤੂ ਬਾਅਦ ਵਿਚ ਵਜ਼ਾਰਤ ਹੱਥ ਆ ਜਾਣ ਤੇ ਇਹੀ ਲੋਕ ਗਰੀਬਾਂ, ਕਿਰਸਾਨਾਂ, ਮਿਹਨਤੀ ਮਜ਼ਦੂਰਾਂ ਨੂੰ ਤੰਗ ਕਰਦੇ ਹਨ। ਉਹਨਾਂ ਨੂੰ ਲੁੱਟਦੇ ਮਾਰਦੇ ਹਨ। ਟੈਕਸ ਲਗਾ ਕੇ ਕਿਰਸਾਨਾਂ ਤੇ ਮਿਹਨਤੀ ਮਜ਼ਦੂਰਾਂ ਨੂੰ ਤੰਗ ਕੀਤਾ ਜਾਂਦਾ ਹੈ। ਪਾਸ਼, ਬਾਘ, ਤੇ ਬੱਕੀ ਵਿਚ ਟਾਕਰਾ ਕਰਕੇ ਸਰਕਾਰ ਤੇ ਸਿਆਸਤਦਾਨਾਂ ਉੱਪਰ ਵਿਅੰਗ ਕਰਦਾ ਲਿਖਦਾ ਹੈ :

ਮੇਰੇ ਪਿਓ ਦਾਦੇ ਨੇ ਆਪਣਾ ਖੱਟਿਆ
ਹਾਕਮਾਂ ਦੇ ਢਿੱਡ 'ਚ ਪਾਇਆ ਸੀ
ਅਤੇ ਤੂੰ ਜਾਣਦੀ ਏਂ
ਅਗਲੇ ਬਾਘ ਹਨ ਬੱਕੀ ਨਹੀਂ
ਕਿ ਸਾਨੂੰ ਦਾਨਾਬਾਦ ਪਹੁੰਚਾਣ ਜਾਵਣ

ਇਸੇ ਤਰ੍ਹਾਂ 'ਯੁੱਧ ਤੇ ਸ਼ਾਂਤੀ' ਨਜ਼ਮ ਵਿਚ ਪਾਸ਼ ਨੇ ਸ਼ਾਂਤੀ ਦੇ ਨਵੇਂ ਅਰਥ ਸਥਾਪਤ ਕਰਕੇ ਵਿਅੰਗ ਕਰਨ ਦਾ ਯਤਨ ਕੀਤਾ ਹੈ :

ਸ਼ਾਂਤੀ ਵੀਣੀ 'ਚ ਖੁੱਭੀ ਵੰਗ ਦਾ ਹੰਝੂ ਦੇ ਜੇਡਾ ਜ਼ਖ਼ਮ ਹੈ
ਸ਼ਾਂਤੀ ਢੋਏ ਹੋਏ ਫਾਟਕ ਦੇ ਪਿੱਛੇ
ਮੱਛਰੀਆਂ ਹਵੇਲੀਆਂ ਦਾ ਹਾਸਾ ਹੈ
ਸ਼ਾਂਤੀ ਸੱਥਾਂ 'ਚ ਰੁਲਦੀਆਂ ਦਾਹੜੀਆਂ ਦਾ ਹਉਕਾ ਹੈ
ਹੋਰ ਸ਼ਾਂਤੀ ਕੁਝ ਨਹੀਂ ਹੈ।...

ਸ਼ਾਂਤੀ ਚਗਲੇ ਹੋਏ ਵਿਦਵਾਨਾਂ ਦੇ ਮੂੰਹਾਂ ਚੋਂ ਡਿੱਗਦੀ ਰਾਲ੍ਹ ਹੈ
ਸ਼ਾਂਤੀ ਪੁਰਸਕਾਰ ਲੈਂਦੇ ਕਵੀਆਂ ਦੀਆਂ ਵਧੀਆਂ ਹੋਈਆਂ ਬਾਹਾਂ ਦਾ ਟੁੰਡ ਹੈ
ਸ਼ਾਂਤੀ ਵਜ਼ੀਰਾਂ ਦੇ ਪਹਿਨੇ ਹੋਏ ਖੱਦਰ ਦੀ ਚਮਕ ਹੈ
ਸ਼ਾਂਤੀ ਹੋਰ ਕੁਝ ਨਹੀਂ ਹੈ
ਜਾਂ ਸ਼ਾਂਤੀ ਗਾਂਧੀ ਦਾ ਜਾਂਗੀਆ ਹੈ

ਪਾਸ਼ ਕਾਵਿ ਵਿਚ ਤਨਜ਼ ਭਾਵ (Irony) ਤੇ ਵਿਅੰਗ ਦੋਨੋਂ ਇਕੱਠੇ ਚਲਦੇ ਹਨ। ਤਨਜ਼ ਤੋਂ ਭਾਵ ਇਹ ਹੈ ਕਿ ਇਸ ਦੇ ਵਿਚ ਦੁਖਾਂਤਿਕ ਵਾਤਾਵਰਣ ਨੂੰ ਵੀ ਚਿਤਰਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਂਦਾ ਹੈ ਤੇ ਉੱਚੇ ਵਰਗ ਦੇ ਉੱਤੇ ਚੋਟ ਵੀ ਕੀਤੀ ਜਾਂਦੀ ਹੈ। ਵਿਅੰਗ ਵਿਚ ਵੀ ਕਿਸੇ ਚੀਜ਼ ਦੇ ਉੱਪਰ ਕੇਵਲ ਸੁਧਾਰ ਲਿਆਉਣ ਦੇ ਆਸ਼ੇ ਨਾਲ ਵਿਅੰਗ ਕੀਤਾ ਜਾਂਦਾ ਹੈ ਤੇ ਇਹ ਕਟਾਖਸ਼ ਤਿੱਖੀ ਚੋਭ ਵਾਲਾ ਹੁੰਦਾ ਹੈ।

'ਚਿੜੀਆਂ ਦਾ ਚੰਬਾ' ਤੇ 'ਛੰਨੀ' ਦੋਵੇਂ ਨਜ਼ਮਾਂ ਵਿਅੰਗ ਤੇ ਤਨਜ਼ ਨੂੰ ਨਾਲ-ਨਾਲ ਲੈ ਕੇ ਚੱਲਦੀਆਂ ਹਨ। 'ਚਿੜੀਆਂ ਦਾ ਚੰਬਾ' ਅਸਲ ਵਿਚ ਇਕ ਖੁਸ਼ੀ ਦਾ ਹੀ ਲੋਕ-ਗੀਤ ਕਿਹਾ ਜਾਂਦਾ ਹੈ ਕਿਉਂਕਿ ਉਸ ਵਿਚ ਲੜਕੀ ਨੇ ਦੂਸਰੇ ਘਰ ਜਾਣਾ ਹੁੰਦਾ ਹੈ ਪਰ ਇਹ ਖੁਸ਼ੀ ਕੇਵਲ ਅਮੀਰ ਲੋਕਾਂ ਨੂੰ ਹੀ ਭਾਉਂਦੀ ਹੈ। ਇਕ ਕਿਰਤੀ ਇਸ ਖੁਸ਼ੀ ਨੂੰ ਨਹੀਂ ਹੰਢਾਉਂਦਾ। ਪਾਸ਼ ਅਸਿੱਧੇ ਢੰਗ ਦੇ ਨਾਲ ਪੂੰਜੀਵਾਦੀ ਸਮਾਜ ਦੇ ਉਪਰ ਵਿਅੰਗ ਕਰਦਾ ਹੈ, ਜਿਵੇਂ :

ਚਿੜੀਆਂ ਦੇ ਚੰਬੇ ਨੂੰ ਭੋਰਾ ਵੀ ਖਬਰ ਨਾ ਹੋਵੇਗੀ
ਅਚਾਨਕ ਕਿਤਿਓਂ ਲੋਹੇ ਦੀਆਂ ਚੁੰਝਾਂ ਦਾ ਜਾਲ
ਉਸ ਜੋਗੇ ਆਸਮਾਨ ਉਤੇ ਵਿੱਛ ਜਾਵੇਗਾ
ਅਤੇ ਲੰਮੀ ਉਡਾਰੀ ਦਾ ਉਹ ਸੁਪਨਾ
ਉਹਦੇ ਹਰਨੋਟਿਆਂ ਨੈਣਾਂ ਤੋਂ ਭੈਅ ਖਾਵੇਗਾ।

ਪਾਸ਼ ਵਿਅੰਗ-ਜੁਗਤ ਤੋਂ ਅਗਾਂਹ ਵੱਧਦਾ ਹੋਇਆ ਕਵਿਤਾ ਵਿਚ ਵਿਅੰਗ ਵਿਧੀ ਦੀ ਸਿਰਜਣਾ ਵੀ ਕਰਦਾ ਹੈ। ਜੁਗਤ ਤੇ ਵਿਧੀ ਵਿਚ ਅੰਤਰ ਏਨਾ ਕੁ ਹੈ ਕਿ ਵਿਧੀ ਤੋਂ ਭਾਵ ਵਿਅੰਗ ਸਾਰੀ ਕਵਿਤਾ ਵਿਚ ਫੈਲਿਆ ਹੋਇਆ ਹੈ। ਇਸ ਤਰ੍ਹਾਂ ਏਥੇ ਵਿਅੰਗ ਕਿਸੇ ਉਚੇਚ ਜਾਂ ਜੁਗਤ ਵਾਂਗ ਨ ਜਾਪਦਾ ਹੋਇਆ ਇਕ ਸਹਿਜ ਢੰਗ ਦੇ ਰੂਪ ਵਿਚ ਰਚਿਆ ਮਿਚਿਆ ਦਿਖਾਈ ਦੇਂਦਾ ਹੈ। ਕਵਿਤਾ ਦੀ ਪ੍ਰਕਿਰਤੀ ਹੀ ਵਿਅੰਗਾਤਮਕ ਹੋ ਨਿੱਬੜਦੀ ਹੈ। ਪਾਸ਼ ਕਈ ਨਜ਼ਮਾਂ ਵਿਚ ਵਿਅੰਗ ਵਿਧੀ ਦੀ ਵਰਤੋਂ ਕਰਦਾ ਹੈ, ਜਿਵੇਂ 'ਅੱਜ ਦਾ ਦਿਨ', 'ਯੁੱਧ ਤੇ ਸ਼ਾਂਤੀ', 'ਸਾਡੇ ਸਮਿਆਂ ਵਿਚ', ਆਦਿ ਅਜਿਹੀਆਂ ਨਜ਼ਮਾਂ ਹਨ ਜਿਨ੍ਹਾਂ ਵਿਚ ਵਿਅੰਗ ਵਿਧੀ ਦੀ ਵਰਤੋਂ ਕੀਤੀ ਗਈ ਹੈ। 'ਅੱਜ ਦਾ ਦਿਨ' ਨਜ਼ਮ ਵਿਚ 'ਸਵੇਰ' ਜ਼ਿੰਦਗੀ ਦਾ ਪ੍ਰਤੀਕ ਹੈ। ਜ਼ਿੰਦਗੀ ਖੁਸ਼ੀ ਮਾਨਣ ਲਈ ਹੁੰਦੀ ਹੈ। ਪਰੰਤੂ ਯਥਾਰਥ ਇਹ ਹੈ ਕਿ ਖੁਸ਼ੀ ਕਿਧਰੇ ਨਹੀਂ ਮਿਲਦੀ। ਪਾਸ਼ ਇਸੇ ਯਥਾਰਥ ਨੂੰ ਆਪਣੀ ਨਜ਼ਮ ਰਾਹੀਂ ਵਿਅੰਗ ਰੂਪ ਵਿਚ ਪੇਸ਼ ਕਰਦਾ ਹੈ ਜਿਵੇਂ :

ਲੱਗਦਾ ਹੈ ਇਹ ਸਵੇਰ ਨਹੀਂ ਹੈ
ਮੌਤ ਦੀ ਹਥੇਲੀ ਉੱਤੇ ਆਠਰੀ ਹੋਈ ਮੁਸਕਰਾਹਟ ਹੈ
ਰਾਤ ਦੀ ਰੋ ਰੋ ਸੁੱਜੀ ਅੱਖ ਹੈ
ਸੂਰਜ ਵਰਗਾ ਕੁੱਝ ਕਿਧਰੇ ਨਹੀਂ ਹੈ

ਪਾਸ਼ ਨੇ ਇਸ ਸਾਰੀ ਨਜ਼ਮ ਦੇ ਵਿਚ ਜ਼ਿੰਦਗੀ ਦੀ ਅਸਲੀਅਤ ਨੂੰ ਵਿਅੰਗ ਦ੍ਰਿਸ਼ਟੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਹੀਂ ਬਿਆਨਣ ਦਾ ਯਤਨ ਕੀਤਾ ਹੈ, ਜਿਵੇਂ :

ਅੱਜ ਦਾ ਦਿਨ ਸ਼ਾਇਦ ਕਰਮੂੰ ਦੀ ਸੁੱਕਦੀ ਜਾ ਰਹੀ ਰੋਣੀ 'ਚ ਉੱਗਿਆ ਹੈ
ਖੁਰਲੀ ਤੇ ਬੱਝਿਆ ਬੀਬਾ ਬਲਦ ਜਿਸਦਾ
ਰਾਤੀਂ ਮਾਰ ਗਿਆ ਸੀ ਸਾਹਨ ਸਰਕਾਰੀ ।

ਜਾਂ

ਅੱਜ ਦਾ ਦਿਨ ਤਾਂ ਕੋਈ ਸਾਂਭ ਸਾਂਭ ਪਾਲਿਆ ਦਹਿਸ਼ਤ ਦਾ ਦਰੱਖਤ ਹੈ
ਰਾਜਸੀ ਹਿੰਸਾ ਦੀ ਸ਼ਿੰਗਾਰੀ ਹੋਈ ਘੋੜੀ ਹੈ
ਅੱਜ ਦਾ ਦਿਨ ਕਿਸੇ ਦੁਸ਼ਮਣ ਵੱਲੋਂ
ਵਾਹਣਾ 'ਚ ਬੁਲਾਇਆ ਬੱਕਰਾ ਹੈ ।

'ਚੁਰਾਹੇ ਵਿਚ ਕੀਤਾ ਹੋਇਆ ਟੂਣਾਂ', 'ਬੁਝਾ ਕੇ ਰੱਖਿਆ ਬੀੜੀ ਦਾ ਟੋਟਾ', 'ਰਾਜਸੀ ਹਿੰਸਾ ਦੀ ਸ਼ਿੰਗਾਰੀ ਹੋਈ ਘੋੜੀ', 'ਵਾਹਣਾਂ 'ਰ ਬੁਲਾਇਆ ਬੱਕਰਾ', 'ਪੰਛੀ ਸੰਝ ਦੀ ਉਡਾਣ ਵਿਚ ਉਡੀਕਦੇ ਥੱਕ ਜਾਣ' ਆਦਿ ਬਿੰਬ ਵਰਤ ਕੇ ਪਾਸ਼ ਨੇ ਜ਼ਿੰਦਗੀ ਦੀ ਯਥਾਰਥ ਸਥਿਤੀ ਦਾ ਚਿਤਰਣ ਕੀਤਾ ਹੈ ਅਤੇ ਜ਼ਿੰਦਗੀ ਦੇ ਵੱਖੋ-ਵੱਖਰੇ ਪਹਿਲੂਆਂ ਨੂੰ ਉਸਾਰ ਕੇ ਵਿਅੰਗ ਸਿਰਜਣ ਦਾ ਯਤਨ ਕੀਤਾ ਹੈ ।

'ਯੁੱਧ ਤੇ ਸ਼ਾਂਤੀ' ਨਜ਼ਮ ਵਿਚ ਪਾਸ਼ ਨੇ ਯੁੱਧ ਤੇ ਸ਼ਾਂਤੀ ਦੇ ਵਿਰੋਧੀ ਜੁਟਾਂ ਦੀ ਉਸਾਰੀ ਕਰਕੇ ਜ਼ਿੰਦਗੀ ਦੀ ਯਥਾਰਥ ਸਥਿਤੀ ਦੀ ਪੇਸ਼ਕਾਰੀ ਕੀਤੀ ਹੈ ।

ਪਾਸ਼ ਨਕਸਲਫਾਦੀ ਲਹਿਰ ਨਾਲ ਸੰਬੰਧਿਤ ਕਵੀ ਹੈ ਇਸ ਕਰਕੇ ਉਹ ਹੱਕਾਂ ਦੀ ਪ੍ਰਾਪਤੀ ਲਈ ਕ੍ਰਾਂਤੀਕਾਰੀ ਰਾਹ ਵੱਲ ਜਾਣ ਲਈ ਪ੍ਰੇਰਦਾ ਹੈ । 'ਯੁੱਧ ਤੇ ਸ਼ਾਂਤੀ' ਨਜ਼ਮ ਰਾਹੀਂ ਅਸਲ ਦੇ ਵਿਚ ਉਹ ਇਹ ਦੱਸਣਾ ਚਾਹੁੰਦਾ ਹੈ ਕਿ ਸ਼ਾਂਤ ਰਹਿਣ ਦੇ ਨਾਲ ਹੱਕਾਂ ਦੀ ਪ੍ਰਾਪਤੀ ਨਹੀਂ ਹੁੰਦੀ । ਸੰਘਰਸ਼ ਰਾਹੀਂ ਅਸੀਂ ਆਪਣੇ ਹੱਕਾਂ ਦੀ ਪ੍ਰਾਪਤੀ ਕਰ ਸਕਦੇ ਹਾਂ । ਪਾਸ਼ ਯੁੱਧ ਬਾਰੇ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਹੋਇਆ ਕਹਿੰਦਾ ਹੈ :

ਯੁੱਧ ਇਸ਼ਕ ਦੇ ਸਿਖਰ ਦਾ ਨਾਂ ਹੈ
ਯੁੱਧ ਲਹੂ ਦੇ ਲਾਡ ਦਾ ਨਾਂ ਹੈ
ਯੁੱਧ ਜੀਣ ਦੇ ਨਿੱਧ ਦਾ ਨਾਂ ਹੈ
ਯੁੱਧ ਕੋਮਲ ਹਰਤਾਂ ਦੀ ਮਾਲਕੀ ਦਾ ਨਾਂ ਹੈ
ਯੁੱਧ ਅਮਲ ਦੇ ਸ਼ੁਰੂ ਦਾ ਨਾਂ ਹੈ
ਯੁੱਧ ਵਿਚ ਰੋਟੀ ਦੇ ਹੁਸਨ ਨੂੰ
ਨਿਹਾਰਨ ਜਹੀ ਸੂਖਮਤਾ ਹੈ
ਯੁੱਧ ਵਿਚ ਸ਼ਰਾਬ ਨੂੰ ਸੁੰਘਣ ਜਿਹਾ ਅਹਿਸਾਸ ਹੈ

ਏਸੇ ਤਰ੍ਹਾਂ ਸ਼ਾਂਤੀ ਦੇ ਸੰਕਲਪ ਉੱਪਰ ਵਿਅੰਗ ਕਰਦਾ ਹੋਇਆ ਉਹ ਲਿਖਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਂਤੀ—
ਗੋਡਿਆਂ ਵਿਚ ਧੌਣ ਦੇ ਕੇ ਜ਼ਿੰਦਗੀ ਨੂੰ ਸੁਫ਼ਨੇ ਵਿਚ ਦੇਖਣ ਦਾ ਯਤਨ ਹੈ।
ਸ਼ਾਂਤੀ ਉਂਝ ਕੁਝ ਨਹੀਂ ਹੈ
ਗੁਪਤਵਾਸ ਸਾਥੀ ਤੋਂ ਅੱਖ ਬਚਾਉਣ ਲਈ
ਸੜਕ ਕੰਢਲੇ ਨਾਲੇ ਵਿਚ ਨਿਓ ਜਾਣਾ ਹੀ ਸਭ ਕੁਝ ਹੈ।

ਇਸ ਤਰ੍ਹਾਂ ਪਾਸ਼ ਨੇ ਇਸ ਕਾਵਿ ਬੰਦ ਰਾਹੀਂ ਸਾਧਾਰਣ ਵਿਅਕਤੀ ਦੀ ਕਾਇਰਤਾ ਉੱਪਰ ਵਿਅੰਗ ਕੀਤਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ :

—ਪਾਸ਼ ਨੇ ਸਮਾਜਕ, ਰਾਜਨੀਤਕ ਖੇਤਰ ਵਿਚ ਸਥਾਪਤ ਉਚੇਰੇ ਵਰਗ ਦੀਆਂ ਬੁਰਾਈਆਂ ਨੂੰ ਭੰਡਣ ਲਈ ਬੜੇ ਸੁਚੱਜੇ ਢੰਗ ਨਾਲ ਵਿਅੰਗ ਦੀ ਵਰਤੋਂ ਕੀਤੀ ਹੈ।

—ਪਾਸ਼ ਕਾਵਿ ਵਿਚ ਪ੍ਰਯੁਕਤ ਵਿਅੰਗ ਬੜਾ ਖੁਰਦਰਾ ਤੇ ਤੇਜ਼ ਤੁਰਸ਼ ਸੁਭਾਅ ਵਾਲਾ ਹੈ।

—ਪਾਸ਼ ਥੋੜ੍ਹੀਆਂ ਜਿਹੀਆਂ ਕਵਿਤਾਵਾਂ ਵਿਚ ਵਿਅੰਗ ਵਿਧੀ ਦੀ ਵਰਤੋਂ ਕਰਦਾ ਹੈ। ਬਹੁਤੀਆਂ ਕਵਿਤਾਵਾਂ ਵਿਚ ਵਿਅੰਗ-ਜੁਗਤ ਦੀ ਵਰਤੋਂ ਹੋਈ ਮਿਲਦੀ ਹੈ।

ਹਵਾਲੇ ਅਤੇ ਟਿੱਪਣੀਆਂ

1. 'ਜਨ ਸਾਹਿਤ', ਜੁਲਾਈ-ਅਗਸਤ, 1978, ਪੰਨਾ 6 (ਉਦਰਿਤ)
2. 'ਮਾਨਵਿਕੀ ਪਰਿਭਾਸ਼ਕ ਕੋਸ਼', ਪੰਨਾ 228
3. *Encyclopeadia of Poetry and Poetics* 738
4. *Satire, The Critical Idiom,* p. 7
5. 'ਵਿਹਾਰਕ ਸਮੀਖਿਆ', ਪੰਨਾ 198
6. *Chamber 's Encyclopeadia,* Vol. VII, p. 227
7. 'ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ', ਪੰਨਾ 163

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸ਼ ਦਾ ਜੁਝਾਰ ਵਿਦਰੋਹੀ ਕਾਵਿ-ਧਾਰਾ ਵਿਚ ਸਥਾਨ

ਹੁਣ ਤਕ ਅਸੀਂ ਪਾਸ਼ ਦੀ ਜੁਝਾਰ ਵਿਦਰੋਹੀ ਚੇਤਨਾ ਦਾ ਵਿਸ਼ਲੇਸ਼ਣ ਅਤੇ ਮੁੱਲਾਂਕਣ ਕਰ ਚੁੱਕੇ ਹਾਂ। ਇਸ ਅਧਿਆਇ ਵਿਚ ਅਸੀਂ ਉਸਦੀ ਆਪਣੇ ਸਮਕਾਲੀ ਜੁਝਾਰ ਵਿਦਰੋਹੀ ਕਵੀਆਂ ਨਾਲ ਸਮਾਨਤਾ ਅਤੇ ਉਨ੍ਹਾਂ ਨਾਲੋਂ ਵਿਲੱਖਣਤਾ ਨੂੰ ਦਰਸਾ ਕੇ ਉਸਦਾ ਜੁਝਾਰ ਵਿਦਰੋਹੀ ਕਾਵਿ-ਧਾਰਾ ਵਿਚ ਸਥਾਨ ਨਿਸ਼ਚਿਤ ਕਰਾਂਗੇ। ਸਮਾਜ ਵਿਚ ਸਮੇਂ ਸਮੇਂ ਵੱਖੋ ਵੱਖਰੇ ਦਰਸ਼ਨ ਤੇ ਵਿਚਾਰਧਾਰਾਵਾਂ ਪ੍ਰਭਾਵ ਪਾਉਂਦੀਆਂ ਰਹਿੰਦੀਆਂ ਹਨ। ਜੁਝਾਰ ਵਿਦਰੋਹੀ ਸੰਕਲਪ ਭਾਵੇਂ ਪੰਜਾਬ ਤੇ ਪੰਜਾਬੀ ਲਈ ਨਵਾਂ ਨਹੀਂ ਪਰ ਇਸ ਦੀ ਵਿਵਧਤਾ ਨੂੰ ਪੂਰੀ ਤਰ੍ਹਾਂ ਪੰਜਾਬੀ ਵਿਚ ਵਰਤਿਆ ਨਹੀਂ ਗਿਆ। ਇਤਿਹਾਸਕ ਦਵੰਦਵਾਦੀ ਆਧਾਰ ਉਪਰ ਉਸਰੀਆਂ ਜੁਝਾਰੂ ਰੁਚੀਆਂ ਸਾਡੀਆਂ ਕਾਵਿ ਰੂੜ੍ਹੀਆਂ ਵਿਚ ਨਿਹਿੱਤ ਤਾਂ ਹਨ ਪਰ ਇਸ ਦਾ ਅਸਲ ਆਰੰਭ ਨਕਸਲਵਾਦੀ ਲਹਿਰ ਦੇ ਦੌਰ ਨੂੰ ਹੀ ਮੰਨਿਆ ਜਾ ਸਕਦਾ ਹੈ। ਇਹ ਕਾਵਿ-ਧਾਰਾ ਸਤਵੇਂ ਅਠਵੇਂ ਦਹਾਕੇ ਵਿਚ ਬੜੇ ਜ਼ੋਰ ਸ਼ੋਰ ਨਾਲ ਪੰਜਾਬ ਵਿਚ ਪ੍ਰਚਲਿਤ ਹੋਈ ਅਤੇ ਇਸ ਨੇ ਥੋੜ੍ਹੇ ਜਿਹੇ ਅਰਸੇ ਵਿਚ ਹੀ ਆਪਣੀ ਵਿਲੱਖਣ ਪਹਿਚਾਣ ਸਥਾਪਿਤ ਕਰ ਲਈ ਭਾਵੇਂ ਇਸ ਦਾ ਪ੍ਰਫੁਲਤ ਸਮਾਂ ਸਠਵਿਆਂ ਤੇ ਸੱਤਰਵਿਆਂ ਦੇ ਕੁਝ ਵਰ੍ਹਿਆਂ ਵਿਚ ਨਿਸ਼ਚਿਤ ਕੀਤਾ ਜਾ ਸਕਦਾ ਹੈ ਪਰ ਇਸ ਦੇ ਬੀਜ ਪੰਜਾਬੀ ਕਾਵਿ ਦੇ ਇਸ ਤੋਂ ਪਿਛਲੇ ਇਤਿਹਾਸ ਵਿਚ ਪਏ ਹੋਏ ਮਿਲਦੇ ਹਨ। ਇਸ ਧਾਰਾ ਦੇ ਪਿਛੋਕੜ ਨੂੰ ਦ੍ਰਿਸ਼ਟੀਗੋਚਰ ਕਰਨ ਲਈ ਸਾਨੂੰ ਪ੍ਰਗਤੀਵਾਦੀ ਧਾਰਾ ਵੱਲ ਨਜ਼ਰ ਮਾਰਨੀ ਪਵੇਗੀ, ਜੋ 1947 ਭਾਵ ਦੇਸ਼ ਦੀ ਆਜ਼ਾਦੀ ਤੋਂ ਕੁਝ ਦੇਰ ਬਾਅਦ ਮੱਧਮ ਪੈ ਗਈ ਸੀ। ਇਹ ਕਾਵਿ-ਧਾਰਾ ਮਾਰਕਸਵਾਦੀ ਦਰਸ਼ਨ ਉਤੇ ਆਧਾਰਤ ਸੀ, ਇਸ ਕਰ ਕੇ ਯਥਾਰਕ ਪ੍ਰਤੀ ਇਸ ਨੇ ਦਵੰਦਵਾਦੀ ਦ੍ਰਿਸ਼ਟੀ ਨੂੰ ਆਪਣੀ ਕਲਾ-ਅਭਿਵਿਅੰਜਨਾ ਦਾ ਆਧਾਰ ਬਣਾਉਣ ਦਾ ਸੁਚੇਤ ਯਤਨ ਕੀਤਾ। ਅਸਲ ਵਿਚ ਇਹ ਕਾਵਿ-ਧਾਰਾ ਜਿਹੜੀ ਆਪਣੇ ਨਾਲ ਗਤੀਸ਼ੀਲ ਸਮਾਜਕ, ਰਾਜਨੀਤਕ ਚਿੰਤਨ ਦਾ ਵਿਚਾਰਧਾਰਾਈ ਪਰਿਪੇਖ ਲੈ ਕੇ ਉਦੇ ਹੋਈ।

ਭਾਰਤ ਵਿਚ ਪ੍ਰਗਤੀਸ਼ੀਲ ਸਾਹਿਤਕ ਲਹਿਰ ਦਾ ਆਰੰਭ 1936 ਵਿਚ ਲਖਨਊ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੋਈ ਮੁਨਸ਼ੀ ਪ੍ਰੇਮ ਚੰਦ ਦੀ ਪ੍ਰਧਾਨਗੀ ਹੇਠ ਹੋਈ ਪ੍ਰਗਤੀਸ਼ੀਲ ਲੇਖਕਾਂ ਦੀ ਕਾਨਫਰੰਸ ਨਾਲ ਹੋਇਆ। ਇਸ ਕਾਨਫਰੰਸ ਵਿਖੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਸਾਹਿਤ ਦਾ ਉਦੇਸ਼ ਇਨ੍ਹਾਂ ਲਫਜ਼ਾਂ ਵਿਚ ਪ੍ਰਗਟਾਇਆ :

> ਸਾਡੀ ਕਸੌਟੀ ਉਤੇ ਉਹੀ ਸਾਹਿਤ ਖਰਾ ਉਤਰੇਗਾ ਜਿਸ ਵਿਚ ਉੱਚ ਚਿੰਤਨ ਹੋਵੈ, ਸਵਾਧੀਨਤਾ ਦਾ ਭਾਵ ਹੋਵੇ, ਸੁਹਜ ਦਾ ਸਾਰ ਹੋਵੇ, ਸਿਰਜਨ ਦੀ ਆਤਮਾ ਹੋਵੇ, ਜੀਵਨ ਦੀਆਂ ਸਚਾਈਆਂ ਦਾ ਪ੍ਰਕਾਸ਼ ਹੋਵੇ—ਜੋ ਸਾਡੇ 'ਚ ਗਤੀ, ਸੰਘਰਸ਼ ਤੇ ਬੇਚੈਨੀ ਪੈਦਾ ਕਰੇ ਸੁਲਾਏ ਨਾ ਕਿਉਂਕਿ ਹੁਣ ਹੋਰ ਸੌਣਾ ਮੌਤ ਦਾ ਚਿੰਨ੍ਹ ਹੈ।'

ਇਸ ਕਾਨਫਰੰਸ ਦੇ ਵਿਚ ਪ੍ਰਗਤੀਵਾਦੀ ਲਹਿਰ ਦੇ ਆਸ਼ਿਆਂ ਜਾਂ ਟੀਚਿਆਂ ਨੂੰ ਸੰਪੂਰਨ ਕਰਨ ਲਈ ਸਾਹਿਤ ਰਚਨਾ ਦੇ ਜੋ ਉਦੇਸ਼ ਮਿਥੇ ਗਏ ਉਹ ਸਨ ਸਾਮਰਾਜ ਦਾ ਵਿਰੋਧ, ਭੂਪਵਾਦ ਦਾ ਵਿਰੋਧ, ਜ਼ਾਤ ਪਾਤ ਤੇ ਛੂ-ਛਾਤ ਦਾ ਵਿਰੋਧ ਅਤੇ ਕਿਰਤੀ ਸ਼੍ਰੇਣੀ ਦਾ ਸਮਰਥਨ ਅਤੇ ਕਲਿਆਣ ਆਦਿ। 1947 ਤਕ ਇਸ ਲਹਿਰ ਨੇ ਵਿਦੇਸ਼ੀ ਸਾਮਰਾਜ ਤੋਂ ਸੁਤੰਤਰਤਾ ਪ੍ਰਾਪਤ ਕਰਨ ਦੇ ਉਦੇਸ਼ ਨਾਲ ਜੁੜੇ ਹੋਣ ਕਰਕੇ ਆਪਣੀ ਸਾਰਥਕਤਾ ਬਣਾਈ ਰੱਖੀ ਪਰ ਸੁਤੰਤਰਤਾ ਪ੍ਰਾਪਤੀ ਦੇ ਨਾਲ ਰਾਸ਼ਟਰੀ ਸਥਿਤੀ ਵਿਚ ਸਾਮਰਾਜ ਵਿਰੁੱਧ ਸੰਘਰਸ਼ ਦਾ ਉਦੇਸ਼ ਮੱਧਮ ਪੈ ਗਿਆ ਅਤੇ ਲਹਿਰ ਵੀ ਕਿਸੇ ਹੋਰ ਸਾਰਥਕ ਮੰਤਵ ਨਾਲ ਇਕਾਗਰ ਰੂਪ ਵਿਚ ਨ ਜੁੜ ਸਕੀ ਅਤੇ ਇਸ ਦਾ ਜ਼ੋਰ ਮੱਧਮ ਪੈਣਾ ਸ਼ੁਰੂ ਹੋ ਗਿਆ। ਉਂਜ ਵੀ ਪ੍ਰਗਤੀਵਾਦੀ ਕਵੀਆਂ ਦਾ ਕਾਵਿ-ਮੁਹਾਵਰਾ, ਪ੍ਰਗਤੀਸ਼ੀਲਤਾ ਦੀ ਰੰਗਣਨਾ ਕਬੂਲਦਾ ਹੋਇਆ ਸਮੁੱਚੇ ਤੌਰ ਤੇ ਰੋਮਾਂਟਿਕ ਵਾਯੂਮੰਡਲ ਦੀ ਹੀ ਓਟ ਲੈਂਦਾ ਹੈ। ਇਹ ਕਾਵਿ ਸਥਾਪਤ ਰੂੜ੍ਹੀਆਂ ਨੂੰ ਪ੍ਰੇਰਣਾ ਸਰੋਤ ਮੰਨਦਾ ਹੋਇਆ ਰੁਮਾਂਚਿਕਤਾ ਦੇ ਘੇਰੇ ਵਿਚ ਸੀਮਾਬੱਧ ਰਹਿ ਕੇ ਕ੍ਰਾਂਤੀ ਦੀ ਗੱਲ ਸਪੱਸ਼ਟ ਕਹਿਣ ਦੀ ਬਜਾਏ ਚਿੰਨ੍ਹਾਤਮਕ ਰੂਪ ਵਿਚ ਹੀ ਦ੍ਰਿਸ਼ਟੀ ਅਧੀਨ ਲਿਆਉਂਦਾ ਹੈ। ਇਹ ਕਵੀ ਮਾਰਕਸਵਾਦ ਨੂੰ ਸਹਿਜ ਸਿਧਾਂਤਕ ਬਹਿਸ ਵਜੋਂ ਸਵੀਕਾਰ ਕਰਦੇ ਹਨ, ਵਿਉਹਾਰਕ ਜ਼ਿੰਦਗੀ ਦੀ ਅਨਿਵਾਰਤਾ ਵਜੋਂ ਨਹੀਂ।

ਇਸ ਧਾਰਾ ਦੇ ਕਵੀਆਂ ਨੇ ਸਮਾਜਵਾਦੀ ਸਮਾਜ ਦਾ ਸੁਪਨਾ ਲਿਆ ਸੀ ਉਸਨੂੰ ਇਹ ਆਪਣੀ ਰਚਨਾ ਵਿਚ ਯਥਾਰਥ ਦੀ ਪੱਧਰ ਤੇ ਨਾ ਨਿਵਾਉਂਦੇ ਹੋਏ ਕਾਲਪਨਿਕ ਜਗਤ ਵਿਚ ਹੀ ਵਿਚਰਦੇ ਰਹੇ। ਇਹਨਾਂ ਦੇ ਸੁਪਨੇ ਅਤੇ ਯਥਾਰਥ ਵਿਚ ਹਮੇਸ਼ਾਂ ਦੀ ਪੱਧਰ ਤੋਂ ਉਪਰ ਨਾ ਉਠਣ ਦਿੱਤਾ। ਇਹ ਕਵੀ ਸਥਾਪਤ ਕੀਮਤਾਂ ਪ੍ਰਤੀ ਵਿਦਰੋਹ ਦੀ ਥਾਂ ਉਨ੍ਹਾਂ ਨਾਲ ਸਮਝੌਤੇ ਨੂੰ ਸਾਕਾਰ ਰੂਪ ਵਿਚ ਪੇਸ਼ ਕਰਦੇ ਯਥਾਰਥ ਪਰਿਵਰਤਨ ਲਈ ਨਜ਼ਰ ਆਉਂਦੇ ਹਨ। ਇਸ ਲਈ ਇਹ ਕਵਿਤਾ ਲੋਕਾਂ ਵਿਚ ਯਥਾਰਥ ਪਰਿਵਰਤਨ ਲਈ ਬੇਚੈਨੀ ਨਹੀਂ ਪੈਦਾ ਕਰ ਸਕੀ।

ਪ੍ਰਗਤੀਵਾਦੀ ਕਾਵਿ ਧਾਰਾ ਤੋਂ ਬਾਅਦ ਪ੍ਰਯੋਗਵਾਦੀ ਕਾਵਿ-ਧਾਰਾ, ਕੁਝ ਸਮੇਂ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤਕ ਖੇਤਰ ਵਿਚ ਆਪਣੀ ਧਾਂਕ ਜਮਾਉਣ ਲਈ ਪੈਰ ਪਸਾਰਦੀ ਨਜ਼ਰ ਆਉਂਦੀ ਹੈ। ਇਹ ਧਾਰਾ ਪੰਜਾਬੀ ਕਾਵਿ-ਜਗਤ ਵਿਚ ਨਵੀਆਂ ਸੰਭਾਵਨਾਵਾਂ ਲਿਆਉਣ ਲਈ ਪ੍ਰਗਟ ਹੁੰਦੀ ਹੈ। ਇਸ ਧਾਰਾ ਦੀ ਕਵਿਤਾ ਪ੍ਰਗਤੀਵਾਦੀ ਕਵਿਤਾ ਦਾ ਕਰੜਾ ਵਿਰੋਧ ਸਿਰਜਣ ਦਾ ਸੁਚੇਤ ਮਨੋਰਥ ਲੈ ਕੇ ਹੋਂਦ ਵਿਚ ਆਈ। ਇਹ ਵਿਰੋਧ ਰੁਮਾਂਟਿਕ ਉਦ-ਗਾਰਾਂ ਦੇ ਪੱਖ ਤੋਂ ਹੀ ਕੀਤਾ ਗਿਆ ਸੀ। ਇਸ ਤਰ੍ਹਾਂ ਪ੍ਰਯੋਗਵਾਦੀ ਕਵੀਆਂ ਨੇ ਰੁਮਾਂਟਿਕ ਉਦਗਾਰਾਂ ਨੂੰ ਤਿਆਗ ਕੇ ਨਿਰੋਲ ਯਥਾਰਥਵਾਦੀ ਪੈਂਤੜੇ ਨੂੰ ਅਖਤਿਆਰ ਕਰਨ ਦਾ ਯਤਨ ਕੀਤਾ। ਪਰੰਤੂ ਇਹ ਕਵੀ ਵੀ ਨਿਰੋਲ ਯਥਾਰਥਵਾਦੀ ਪੈਂਤੜੇ ਨੂੰ ਅਪਨਾਉਣ ਦੀ ਬਜਾਏ ਆਧੁਨਿਕਤਾਵਾਦੀ ਵਿਚ ਸ਼ਾਮਿਲ ਕਵੀਆਂ ਨੇ ਸੁਚੇਤ ਰੂਪ ਵਿਚ ਆਪਣੇ ਅਨੁਭਵ ਦਾ ਮੁੱਖ ਆਧਾਰ ਬਣਾਇਆ ਪਰੰਤੂ ਇਹ ਆਧੁਨਿਕਤਾਵਾਦੀ ਯਥਾਰਥ ਦੇ ਨਾਂ ਤੇ ਯਥਾਰਥ ਦਾ ਵਿਰੋਧ ਸੀ। ਇਸ ਤਰ੍ਹਾਂ ਇਹ ਕਾਵਿ-ਧਾਰਾ ਸਮੂਹ ਨਾਲੋਂ ਟੁੱਟ ਕੇ ਵਿਅਕਤੀਗਤ ਪੈਂਤੜੇ ਨੂੰ ਅਪਨਾਉਣ ਲੱਗੀ। ਰਵਿੰਦਰ ਰਵੀ ਇਸ ਲਹਿਰ ਦੇ ਖ਼ਤਮ ਹੋਣ ਬਾਰੇ ਆਪਣਾ ਵਿਚਾਰ ਪੇਸ਼ ਕਰਦਾ ਹੋਇਆ ਕਹਿੰਦਾ ਹੈ :

> ਪੂੰਜੀਵਾਦੀ ਸਭਿਆਚਾਰਕ ਪਾਸਾਰ ਵਿਚ ਵਿਚਰਦੇ ਆਧੁਨਿਕ ਮਨੁੱਖ ਦੇ ਆਂਤਰਕ ਦਾ ਇਸੇ ਵਿਵਸਥਾ ਵਿਚ ਉਪਜੇ ਨਵੇਂ ਚਿੰਨ੍ਹਾਂ ਬਿੰਬਾਂ ਰਾਹੀਂ ਪ੍ਰਗਟਾ ਦੀ ਕੋਸ਼ਿਸ਼ ਜਿਹੜੀ ਪ੍ਰਯੋਗਵਾਦੀ, ਆਧੁਨਿਕ ਕਾਵਿ ਧਾਰਾ ਦੀ ਮੂਲ ਪ੍ਰੇਰਕ ਸ਼ਕਤੀ ਸੀ, ਵੀ ਜਲਦੀ ਹੀ ਆਪਣੀ ਚੜ੍ਹਤ ਗੁਆ ਬੈਠੀ ਕਿਉਂਕਿ ਇਹ ਸਾਡੇ ਸਮਕਾਲੀਨ ਸਮਾਜਕ ਯਥਾਰਥ ਵਿਚ ਪੂੰਜੀਵਾਦੀ ਅਰਥ ਵਿਵਸਥਾ ਅਤੇ ਸਭਿਆਚਾਰਕ ਪ੍ਰਗਟਾ ਨੂੰ ਅਤਿ ਅਧਿਕ ਵਧਾ ਚੜ੍ਹਾ ਕੇ ਦੇਖਣ ਦਾ ਸ਼ਿਕਾਰ ਸੀ। ਅਸਲ ਵਿਚ ਮੁੱਢਲਾ ਪੂੰਜੀਵਾਦੀ ਵਿਕਾਰ ਜਿਹੜੀ ਚਲੀ ਆ ਰਹੀ ਸਾਮੰਤੀ ਆਰਥਿਕ ਬਣਤਰ ਦੇ ਪਛੜੇਵੇਂ ਅਤੇ ਜਮੂਦ ਦੇ ਮੁਕਾਬਲੇ ਤੇ ਦੇਖਣ ਨੂੰ ਬਹੁਤ ਵੱਡਾ ਨਜ਼ਰ ਆਉਂਦਾ ਸੀ ਉਹ ਅਜੇ ਇੰਨਾ ਸੰਪੂਰਨ ਤੇ ਭਰਪੂਰ ਡੂੰਘਾ ਨਹੀਂ ਸੀ ਕਿ ਸਭਿਆਚਾਰਕ ਪੱਧਰ ਉਤੇ ਸਾਮੰਤੀ ਸੰਸਕਾਰਾਂ ਨਾਲ ਗ੍ਰਸਤ ਸਾਡੀ ਸ਼ਖ਼ਸੀਅਤ ਅਤੇ ਚੇਤਨਾ ਨੂੰ ਰਾਤੋ ਰਾਤ ਵਿਕਸਿਤ ਬੁਰਜੂਆ ਸਭਿਆਚਾਰ ਵਿਚੋਂ ਉਭਰੀ ਆਧੁਨਿਕਤਾ, ਭਰਪੂਰ ਬਣਾ ਦਿੱਤਾ ਜਾਵੇ।[2]

ਇਸ ਸਮੇਂ ਦੌਰਾਨ ਹੀ ਜੁਝਾਰ ਵਿਦਰੋਹੀ ਕਾਵਿ-ਧਾਰਾ ਹੋਂਦ ਵਿਚ ਆਈ ਇਹ ਕਾਵਿ-ਧਾਰਾ ਆਪਣੇ ਸਮੇਂ ਦੀਆਂ ਸਮਾਜਕ, ਰਾਜਨੀਤਕ, ਆਰਥਕ ਪਰਿਸਥਿਤੀਆਂ ਦਾ ਪ੍ਰਤੀਕਰਮਮੂਲਕ ਉਭਾਰ ਸੀ। ਇਸ ਕਾਵਿ-ਧਾਰਾ ਨੇ ਸਿੱਧੇ ਤੌਰ ਤੇ ਰਾਜਨੀਤਕ ਮਸਲਿਆਂ ਨੂੰ ਕਾਵਿ-ਰਚਨਾ ਦਾ ਵਿਸ਼ਾ ਬਣਾਇਆ ਅਤੇ ਕਿਸੇ ਸਾਹਿਤਿਕ ਉਹਲੇ ਤੋਂ ਕੰਮ ਲੈਣ ਦੀ ਲੋੜ ਨੂੰ ਜ਼ਰੂਰੀ ਨਹੀਂ ਮੰਨਿਆ। ਇਹ ਕਾਵਿ-ਧਾਰਾ ਪ੍ਰਗਤੀਵਾਦ ਤੇ ਪ੍ਰਯੋਗਵਾਦ ਦੇ ਰਲਵੇਂ ਮਿਲਵੇਂ ਪ੍ਰਤੀਕਰਮ ਵਿਚੋਂ ਪੈਦਾ ਹੋਈ। ਇਸ ਕਰਕੇ ਇਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਧਾਨ ਸੁਰ ਗੁੱਸਾ, ਵਿਦਰੋਹ ਅਤੇ ਤਲਖੀ ਸੀ। ਪ੍ਰਗਤੀਵਾਦੀ ਕਾਵਿ-ਧਾਰਾ ਦਾ ਵਿਚਾਰ-ਧਾਰਾਈ ਪਰਿਪੇਖ ਇਸ ਨੂੰ ਸਿਧਾਂਤਕ ਚੌਖਟਾ ਪ੍ਰਦਾਨ ਕਰਦਾ ਹੈ, ਪਰ ਉਸ ਵਿਚ 'ਰੋਸ ਤੇ ਮਨੋਰੁੱਥ' ਦੀਆਂ ਸੁਰਾਂ ਜੁਝਾਰ ਵਿਦਰੋਹੀ ਕਾਵਿ-ਧਾਰਾ ਨਾਲੋਂ ਵਧੇਰੇ ਧੀਮੀਆਂ ਹਨ। ਅਜਿਹੀਆਂ ਧੀਮੇਪਨ ਦੀਆਂ ਸੁਰਾਂ ਦਾ ਵਿਰੋਧ ਵਜੋਂ ਹੀ ਜੁਝਾਰ ਵਿਦਰੋਹੀ ਕਾਵਿ ਧਾਰਾ ਦਾ ਜਨਮ ਹੋਇਆ ਤੇ ਪੰਜਾਬੀ ਕਾਵਿ ਵਿਚ ਜੁਝਾਰੂ ਸੁਰ ਪ੍ਰਚੰਡ ਹੋਈ।

ਪਹਿਲਾਂ ਪਹਿਲ ਇਸ ਕਵਿਤਾ ਦਾ ਸ੍ਰੀ ਗਣੇਸ਼ ਇਨਕਲਾਬੀ ਮਸਲਿਆਂ ਰਾਹੀਂ ਹੁੰਦਾ ਹੈ। ਕਿਤਾਬੀ ਰੂਪ ਵਿਚ ਇਹ ਕਵਿਤਾ 1970 ਵਿਚ 'ਮਿੱਟੀ ਦਾ ਰੰਗ', 'ਆਰੰਭ' ਅਤੇ ਪਾਸ਼ ਦੇ ਕਾਵਿ ਸੰਗ੍ਰਹਿ 'ਲੋਹ ਕਥਾ' ਦੁਆਰਾ ਪੰਜਾਬੀ ਸਾਹਿਤਕ ਪਿੜ ਵਿਚ ਉਭਰਦੀ ਹੈ। 'ਮਿੱਟੀ ਦਾ ਰੰਗ' ਅਤੇ 'ਆਰੰਭ' ਚੌਣਵੇਂ ਕਵੀਆਂ ਦੀਆਂ ਜੁਝਾਰੂ ਕਵਿਤਾਵਾਂ ਹਨ ਜਿਨ੍ਹਾਂ ਵਿਚ ਲਾਲ ਸਿੰਘ ਦਿਲ, ਅਵਤਾਰ ਪਾਸ਼, ਦਰਸ਼ਨ ਖਟਕੜ, ਹਰਿਭਜਨ ਹਲਵਾਰਵੀ, ਅਮਰਜੀਤ ਚੰਦਨ, ਗੁਰਦੀਪ ਗਰੇਵਾਲ, ਜੁਝਾਰ ਸਿੰਘ, ਸੁਖਬੀਰ, ਸੰਤ ਸੰਧੂ, ਲੋਕ ਨਾਥ, ਜੋਗਾ ਸਿੰਘ ਫਤਿਹਜੀਤ, ਸੁਰਜੀਤ ਪਾਤਰ ਆਦਿ ਦੇ ਨਾਂ ਵਰਣਨ ਯੋਗ ਹਨ।

ਇਸ ਧਾਰਾ ਦੇ ਕਵੀਆਂ ਵਿਚ ਪਾਸ਼ ਇਕ ਜੀਵੰਤ ਨਾਮ ਹੈ। ਆਪਣੇ ਨਿਸ਼ੰਗ ਕਾਵਿ ਵਿਵੇਕ ਸਦਕਾ ਉਸਨੇ ਕੁਝ ਵਿਕੋਲਿਤਰੀ ਕਿਸਮ ਦੀ ਕਾਵਿ-ਰਚਨਾ ਦਾ ਅਨੁਸਰਣ ਕੀਤਾ ਹੈ ਅਤੇ ਕਵਿਤਾ ਲਈ ਨਵੇਂ ਜ਼ਾਵੀਏ ਤਲਾਸ਼ ਕੀਤੇ, ਭਾਵੇਂ ਕਈ ਥਾਵਾਂ ਉਪਰ ਉਸ ਨੇ ਅਖੌਤੀ ਹੋਣ ਦਾ ਭਰਮ ਵੀ ਦਿੱਤਾ, ਪਰ ਆਪਣੀ ਬੇਬਾਕ ਸੋਚ ਸਦਕਾ ਉਹ ਆਪਣੇ ਸਮਕਾਲੀ ਕਵੀਆਂ ਨਾਲੋਂ ਨਿਵੇਕਲਾ ਖੜ੍ਹਾ ਹੈ। ਕਈ ਥਾਵਾਂ ਉਪਰ ਏਸ ਬੇਬਾਕ ਸੋਚ ਸਦਕਾ ਕੁਝ ਉਲਾਰ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਏਸੇ ਕਰਕੇ ਕਈ ਵਾਰ ਉਸ ਨੂੰ ਕਿਸੇ ਇਕ ਚੌਖਟੇ ਵਿਚ ਰੱਖ ਕੇ ਵੇਖਣਾ ਦੁਰਗਮ ਪਥ ਵੀ ਬਣ ਜਾਂਦਾ ਹੈ।

ਮਨੁੱਖੀ ਲਾਲਸਾਵਾਂ ਦੀ ਮੁਢਲੀ ਅਵਸਥਾ ਮਨੁੱਖੀ ਜੀਵਨ ਦੇ ਪ੍ਰਾਰੰਭ ਤੋਂ ਹੀ ਮੰਨੀ ਜਾਂਦੀ ਹੈ। ਪਦਾਰਥ ਨੂੰ ਪਦਾਰਥ ਦੀ ਪੱਧਰ ਉਪਰ ਲੈ ਕੇ ਮਨੁੱਖ ਬਾਰ ਬਾਰ ਲਗਾਤਾਰ ਦਰਸ਼ਨ ਕਰਦਾ ਹੈ। ਹਰ ਮਨੁੱਖ ਨੂੰ ਚਾਹੁੰਦਿਆਂ ਜਾਂ ਅਣਚਾਹੁੰਦਿਆਂ ਇਸ ਤੀਬਰ ਮਾਨਸਿਕ ਪਰਕਿਰਿਆ ਵਿਚੋਂ ਗੁਜ਼ਰਨਾ ਪੈਂਦਾ ਹੈ। ਮਨੁੱਖ ਸਮਾਜਕ ਜੀਵ ਹੋਣ ਸਦਕਾ ਸਮੂਹ ਨੂੰ ਪ੍ਰਭਾਵਿਤ ਕਰਦਾ ਹੈ। ਇਸ ਕਰਕੇ ਅਤਰ ਸਿੰਘ ਨੇ ਕਿਹਾ ਹੈ :

> ਕਲਾ ਕਿਸੇ ਜਾਤੀ ਦੀ ਅਕਾਂਖਿਆ ਨੂੰ ਵੀ ਪ੍ਰਤੀਬਿੰਬਤ ਕਰਦੀ ਹੈ ਸਿਮ੍ਰਤੀ ਨੂੰ ਵੀ।[3]

ਪਰਿਵਰਤਨ ਦੀ ਪ੍ਰਕ੍ਰਿਆ ਨੂੰ ਜਿਥੇ ਅਧਿਆਤਮਕ ਬਿਰਤੀ ਦੇ ਧਾਰਨੀ ਲੋਕ ਆਪਣੇ ਆਪ ਹੀ ਕਿਸੇ ਰਹੱਸ ਨਾਲ ਜੋੜ ਲੈਂਦੇ ਹਨ, ਉਥੇ ਦੂਜੇ ਪਾਸੇ ਯਥਾਰਥਕ ਬਿਰਤੀ ਵਾਲੇ ਲੋਕ ਇਸ ਦਾ ਵਿਗਿਆਨਕ ਆਧਾਰ ਲੱਭਦੇ ਹਨ। ਪਾਸ਼ ਅਤੇ ਉਸਦੀ ਧਾਰਾ ਦੇ ਹੋਰ ਕਵੀਆਂ ਦੀ ਵਿਲੱਖਣਤਾ ਇਸ ਬਿੰਦੂ ਤੋਂ ਸ਼ੁਰੂ ਹੁੰਦੀ ਹੈ ਕਿ ਉਨ੍ਹਾਂ ਨੇ ਇਸ ਰਹੱਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਰਮ ਜਾਲ ਨੂੰ ਤੋੜਿਆ ਅਤੇ ਦਵੰਦਵਾਦੀ ਚਿੰਤਨ ਨਾਲ ਜੁੜ ਕੇ ਆਰਥਿਕ ਲੁੱਟ-ਖਸੁੱਟ ਵਾਲੇ ਸਾਮਰਾਜੀ ਢਾਂਚੇ ਨੂੰ ਨੰਗਾ ਕੀਤਾ ।

ਇਸ ਕਾਵਿ ਧਾਰਾ ਦੇ ਕਵੀਆਂ ਵਿਚ ਇਹ ਵਿਸ਼ਵਾਸ਼ ਪ੍ਰਮੁੱਖ ਰੂਪ ਵਿਚ ਪ੍ਰਚਲਿਤ ਰਿਹਾ ਹੈ ਕਿ ਸਾਹਿਤ ਦਾ ਮਨੋਰਥ ਕੇਵਲ ਸੁਹਜ ਸੁਆਦ ਦੀ ਤ੍ਰਿਪਤੀ ਕਰਨਾ ਨਹੀਂ ਸਗੋਂ ਦੱਬੇ ਕੁਚਲੇ ਲੋਕਾਂ ਨੂੰ ਲਾਮਬੰਦ ਕਰਨਾ ਹੈ । ਇਸੇ ਪਰਿਪੇਖ ਵਿਚ ਜਸਵੰਤ ਕੈਲਵੀ 'ਅਸੀਂ ਜੀਉਂਦੇ ਅਸੀਂ ਜਾਗਦੇ' ਕਾਵਿ ਪੁਸਤਕ ਦੀ ਭੂਮਿਕਾ ਵਿਚ ਲਿਖਦਾ ਹੈ ਕਿ :

> ਅਸਲ ਸਾਹਿਤ ਉਹੀ ਹੁੰਦਾ ਹੈ ਜੋ ਸੰਗ੍ਰਾਮ ਕਰ ਰਹੇ ਲੋਕਾਂ ਦਾ ਸਾਥ ਦਿੰਦਾ ਹੈ ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਬਾਰੇ ਸਮਾਜਕ ਮਸਲਿਆਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਆਪਣੇ ਹੱਕਾਂ ਬਾਰੇ ਸੁਚੇਤ ਕਰਦਾ ਹੈ, ਟੁੰਬਦਾ ਹੈ, ਹਲੂਣਦਾ ਹੈ ।[4]

ਇਸ ਕਾਵਿ-ਧਾਰਾ ਪਿਛੇ ਕਾਰਜਸ਼ੀਲ ਦਰਸ਼ਨ ਦੀ ਵਿਆਖਿਆ ਕਰਨ ਵਾਲੇ ਵਿਦਵਾਨ ਵੀ ਇਸੇ ਵਿਚਾਰਧਾਰਾ ਦੇ ਅਨੁਯਾਈ ਰਹੇ ਹਨ ਕਿ :

> ਕਵਿਤਾ ਦੇ ਸੁਭਾਅ ਦਾ ਆਤੰਕਵਾਦ ਨਾਲ ਕੋਈ ਵਿਰੋਧ ਨਹੀਂ ਕਿਉਂਕਿ ਕਵਿਤਾ ਸਾਧਾਰਣਤਾ ਦੀ ਪੱਧਰ ਤੋਂ ਅਗੇਰੇ ਹੋ ਚੁੱਕੇ ਜਜ਼ਬਾਤੀ ਹਾਲਾਤ ਦਾ ਸਿਰਜਣਾਤਮਕ ਭਾਸ਼ਾ ਰਾਹੀਂ ਕਲਪਨਾਸ਼ੀਲ ਦਾ ਪ੍ਰਗਟਾਵਾ ਹੈ ਜ਼ਰੂਰੀ ਨਹੀਂ ਜਜ਼ਬਾਤੀ ਅਨੁਕ੍ਰਿਆ ਅਮਲ ਦੇ ਅਖਾੜੇ ਵਿਚ ਹੀ ਸਾਡੀ ਪੂਰਨ ਤੌਰ ਤੇ ਮਾਰਗ ਦਰਸ਼ਕ ਬਣੇ ਕਿਉਂਕਿ ਭਵਿੱਖਾਰਥੀ ਸਮਾਜ ਦੀ ਸਥਾਪਨਾ ਮਿੱਠਿਆਂ ਤੇ ਜੋਸ਼ੀਲਿਆ ਨਾਅਰਿਆਂ ਨਾਲ ਹੀ ਨਹੀਂ ਸਗੋਂ ਸ਼ਬਦ ਤੇ ਕਰਮ ਦੀ ਦੋ-ਧਾਰੀ ਤਲਵਾਰ ਨਾਲ ਹੋਵੇਗੀ ।[5]

ਇਸ ਤਰ੍ਹਾਂ ਦੇ ਕਾਵਿ ਸੰਕਲਪ ਵਿਚ ਵਿਸ਼ਵਾਸ਼ ਰੱਖਣ ਵਾਲੀ ਵਿਚਾਰਧਾਰਾ ਦੇ ਸਮਰਥਕ ਜੁਝਾਰ ਵਿਦਰੋਹੀ ਕਵੀ ਵੀ ਇਸ ਦੇ ਅਨੁਕੂਲ ਹੀ ਆਪਣੇ ਕਾਵਿ ਸਿਧਾਂਤਾਂ ਦੀ ਪੇਸ਼ਕਾਰੀ ਕਰਦੇ ਰਹੇ । ਨਿਮਨਲਿਖਤ ਪੰਗਤੀਆਂ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦੀਆਂ ਹਨ :

> ਪੱਥਰ ਢੋਂਦੇ
> ਢੋਲ ਵਜਾਉਂਦੇ
> ਭੋਲੀਆਂ ਭਾਲੀਆਂ ਬਾਤਾਂ ਪਾਉਂਦੇ
> ਵੀ ਕਵਿਤਾ ਹਨ
> ਮਿਲ ਕਵਿਤਾ ਹਨ ।...
> ਬਰਫ਼ਾਂ ਵੇਚਣ ਵਾਲਾ ਜਟੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਪ ਨਾਲ ਬਲਦਾ ਹੈ
ਜਲਦਾ ਜੰਗਲ ਵੀ ਕਵਿਤਾ ਹੈ
ਮੇਰੇ ਪਿਓ ਦੇ ਹਾਸੇ ਅੰਦਰ
ਵੀ ਕਵਿਤਾ ਹੈ

(ਲਾਲ ਸਿੰਘ ਦਿਲ, ਕਵਿਤਾ, 'ਬਹੁਤ ਸਾਰੇ ਸੂਰਜ', ਪੰਨੇ 11–12)

ਕਦੇ ਕਲਮ ਨੇ ਲਿਖਿਆ ਸੀ
ਜਦ ਤਲਵਾਰ ਉੱਠਦੀ ਹੈ ਤਾਂ ਵਾਰ ਕਰਦੀ ਹੈ
ਉਹ ਖਾਲੀ ਵੀ ਜਾ ਸਕਦੈ
ਪਰ ਕਲਮ ਦਾ ਵਾਰ ਕਦੇ ਖਾਲੀ ਨਹੀਂ ਜਾਂਦਾ
ਤੇ ਹੁਣ ਮੈਂ ਅੱਜ ਦਾ ਇਤਿਹਾਸ ਲਿਖਾਂਗਾ—
ਕਦੇ ਕਲਮ ਨਾਲ, ਕਦੇ ਤਲਵਾਰ ਨਾਲ

(ਲੋਕ ਨਾਥ, ਕਦੇ ਕਲਮ ਕਦੇ ਤਲਵਾਰ, 'ਆਰੰਭ', ਪੰਨਾ 88)

ਉਪਰੋਕਤ ਕਾਵਿ ਸਤਰਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਵਿਚਾਰਧਾਰਾ ਨਾਲ ਸੰਬੰਧਿਤ ਕਵੀ ਕਾਵਿ ਨੂੰ ਹਥਿਆਰ ਦੇ ਤੌਰ ਤੇ ਵਰਤਣ ਦੇ ਸਮਰਥਕ ਹਨ। ਇਹਨਾਂ ਕਵੀਆਂ ਦੇ ਅਨੁਸਾਰ ਕਾਵਿ ਦਾ ਪ੍ਰਕਾਰਜ ਕੇਵਲ ਸੁਹਜ ਸੁਆਦ ਨੂੰ ਤ੍ਰਿਪਤ ਕਰਨਾ ਨਹੀਂ ਹੁੰਦਾ ਸਗੋਂ ਸ਼ੋਸ਼ਿਤ ਕੀਤੇ ਜਾ ਰਹੇ ਵਰਗ ਬਾਰੇ ਜਾਣੂ ਕਰਵਾਉਣਾ ਤੇ ਸ਼ੋਸ਼ਕ ਵਰਗ ਦਾ ਪਰਦਾ ਫਾਸ਼ ਕਰਨਾ ਹੁੰਦਾ ਹੈ। ਇਸ ਤਰ੍ਹਾਂ ਇਹ ਕਵੀ ਸੁਹਜ ਦੇ ਰਵਾਇਤੀ ਸੰਕਲਪ ਨੂੰ ਬਿਲਕੁਲ ਰੱਦ ਕਰਦੇ ਹਨ ਕਿਉਂਕਿ ਇਹ ਸਾਧਨਸ਼ੀਲ ਤੇ ਸੱਤਾਧਾਰੀ ਵਰਗ ਦੇ ਹੀ ਅਨੁਕੂਲ ਹੁੰਦਾ ਹੈ।

ਪਾਸ਼ ਵੀ ਆਪਣੀ ਕਵਿਤਾ ਨੂੰ ਕਿਰਤੀ ਕਿਰਸਾਨ ਵਰਗ ਨਾਲ ਜੋੜਦਾ ਹੈ ਜੋ ਅਜੋਕੇ ਸਮੇਂ ਵਿਚ ਅਮੀਰ ਤੇ ਸੱਤਾਧਾਰੀ ਵਰਗ ਵੱਲੋਂ ਸ਼ੋਸ਼ਿਤ ਹੋ ਰਿਹਾ ਹੈ। ਹੇਠ ਲਿਖੀਆਂ ਪੰਗਤੀਆਂ ਤੋਂ ਉਸ ਦੇ ਇਨਕਲਾਬੀ ਕਾਵਿ-ਸਿਧਾਂਤ ਬਾਰੇ ਸਪਸ਼ਟ ਪਤਾ ਲੱਗ ਜਾਂਦਾ ਹੈ :

ਇਹ ਲੋਕ ਅਸਲ ਵਿਚ ਚਾਨਣ ਦੇ ਭੰਮਕੜਾਂ ਵਰਗੇ ਹਨ ਜੋ ਦੀਵਾ ਸੀਖੀ ਪੜ੍ਹ ਰਹੇ ਜਵਾਕਾਂ ਦੀਆਂ ਨਾਸਾਂ ਚੋਂ ਕਚਿਆਣ ਦਾ ਭਾਂਬੜ ਬਣ ਕੇ ਚੜ੍ਹਦੇ ਹਨ। ਮੇਰੇ ਸ਼ਬਦ ਉਸੇ ਦੀਵੇ ਅੰਦਰ ਤੇਲ ਦੀ ਥਾਂ ਸੜਨਾ ਚਾਹੁੰਦੇ ਹਨ। ਮੈਨੂੰ ਕਵਿਤਾ ਦੀ ਇਸ ਤੋਂ ਸਹੀ ਵਰਤੋਂ ਦਾ ਨਹੀਂ ਪਤਾ।

(ਪਾਸ਼, ਤੈਨੂੰ ਪਤਾ ਨਹੀਂ, 'ਸਾਡੇ ਸਮਿਆਂ ਵਿਚ', ਪੰਨਾ 26)

ਜੁਝਾਰ ਵਿਦਰੋਹੀ ਕਾਵਿ ਧਾਰਾ ਵਿਚ ਵਰਤਮਾਨ ਸਮਾਜਕ ਰਾਜਨੀਤਕ ਪ੍ਰਬੰਧ ਵਿਚ ਮਿਹਨਤਕਸ਼ ਵਰਗ ਦੀ ਹੋ ਰਹੀ ਲੁੱਟ ਪ੍ਰਤਿ ਭਰਪੂਰ ਚੇਤੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਕਵੀ ਆਮ ਲੋਕਾਂ ਵਿਚ ਉਨ੍ਹਾਂ ਦੀ ਸਥਿਤੀ ਪ੍ਰਤਿ ਜਾਗਰੂਕਤਾ ਕਰਨਾ ਚਾਹੁੰਦੇ ਹਨ। ਇਸ ਮਕਸਦ ਲਈ ਇਸ ਧਾਰਾ ਨਾਲ ਸੰਬੰਧਿਤ ਕਵੀਆਂ ਨੇ ਮਜ਼ਦੂਰ ਤੇ ਗ਼ਰੀਬ ਵਰਗ ਦੀ ਵਿਸ਼ਾਦ-ਗ੍ਰਸਤ ਸਥਿਤੀ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਦੇ ਨਾਲ ਚਿਤਰਣ ਦਾ ਯਤਨ ਕੀਤਾ ਹੈ। ਉਦਾਹਰਣ ਲਈ :

ਬਸਤੀਆਂ ਜਿਥੇ ਲਾਲ ਧੂੜ ਵਿਚ
ਭੁੱਖੀਆਂ ਕਰੂੰਬਲਾਂ
ਭਾਰੇ ਭਾਰੇ ਟੋਕਰੇ ਉਠਾਂਦੀਆਂ
ਬਸਤੀਆਂ—ਕਿ ਨੰਗੇ ਪੈਰੀਂ ਮਾਵਾਂ ਜਿਥੇ
ਕੋਰੇ ਉੱਤੇ ਤੁਰਦੀਆਂ, ਚੱਲੀਆਂ ਮਜੂਰੀ ਨੂੰ
(ਲਾਲ ਸਿੰਘ ਦਿਲ, ਲਾਲ ਪੂਰਬ, 'ਅਸੀਂ ਜਿਉਂਦੇ ਅਸੀਂ ਜਾਗਦੇ', ਪੰਨਾ 9)

ਮਿਲਾਂ ਜਿਥੇ ਮਿੱਝ ਦਾ ਬਣਦਾ ਘਿਓ
ਕਾਮਿਆਂ ਦੀ ਖੱਲ ਜਿਥੇ ਸੁੱਕਦੀ
(ਉਹੀ, ਪੰਨਾ 15)

ਸੁੱਤੇ ਸੁੱਤੇ ਪਏ ਦੀ ਤਾਂ ਤੇਰੀ ਨੀਂਦ ਟੁੱਟ ਜਾਂਦੀ
ਹੋਈ ਸੀ ਮੈਂ ਜਿਦੇ ਦੀ ਜੁਆਨ
ਕਿਉਂ ਜੋ ਸਰਮਾਏਦਾਰੀ ਦੌਰ ਵਿਚ ਬੜਾ ਔਖਾ
ਸਾਂਭਣਾਂ ਵੇ ਧੀਆਂ ਨੂੰ ਇਮਾਨ
(ਸੰਤ ਰਾਮ ਉਦਾਸੀ, 'ਡੋਲੀ', ਸੈਨਤਾਂ, ਪੰਨਾ 6)

ਆਓ ਜਰਾ ਲਵੋ ਤਾਂ ਸਹੀ
ਉਸ ਬੁੱਢੇ ਬਾਪੂ ਦੇ ਬੋਲਾਂ 'ਚੋਂ
ਡੂੰਘੇ ਦਰਦ ਦਾ ਅਨੁਮਾਨ
ਧੀ ਦੀ ਇੱਜ਼ਤ ਵਿਕ ਜਾਵਣ ਤੇ
ਸਿਰ ਤੇ ਝਾੜ ਕੇ ਪਟਕਾ ਮੈਲਾ ਜਿਹਾ
ਜਿਸ ਨੇ ਕਿਹਾ—ਦਾਗ ਲੱਗਣ ਲਈ
ਚਿੱਟੀ ਪੱਗ ਦਾ ਹੋਣਾ ਵੀ ਇਕ ਸ਼ਰਤ ਹੈ
(ਵਰਿਆਮ ਸੰਧੂ, ਵਕਤ ਜਾਂਦਾ ਪਿਆ ਹੈ,
'ਅਸੀਂ ਜੀਉਂਦੇ ਅਸੀਂ ਜਾਗਦੇ', ਪੰ:ਨੇ 23-24)

ਉਪਰੋਕਤ ਸਤਰਾਂ ਵਿਚ ਜਿਥੇ ਇਕ ਪਾਸੇ ਸਾਮਰਾਜੀ ਢਾਂਚੇ ਨੂੰ ਨੰਗਾ ਕੀਤਾ ਗਿਆ ਹੈ ਉਥੇ ਨਾਲ ਹੀ ਦੂਜੇ ਪਾਸੇ ਇਸ ਢਾਂਚੇ ਵਿਚ ਸ਼ੋਸ਼ਿਤ ਹੋ ਰਹੇ ਵਰਗ ਦੀ ਤ੍ਰਾਸਦੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਬਿਆਨ ਕੀਤਾ ਗਿਆ ਹੈ।

ਪਰ ਸਾਹਿਤ/ਕਲਾ ਜਾਂ ਕਾਵਿ ਵਿਚ ਗੱਲ ਇਥੇ ਹੀ ਖ਼ਤਮ ਨਹੀਂ ਹੁੰਦੀ, ਸਗੋਂ ਇਥੋਂ ਅੱਗੇ ਮਨੁੱਖ ਆਪਣਾ ਚਿੰਤਨ, ਸਾਹਿਤ, ਕਾਵਿ ਵਿਕਾਸ ਆਪਣੇ ਸਮਾਜਕ ਖਿਤੇ ਨੂੰ ਦਿੰਦਾ ਹੈ ਅਤੇ ਉਨ੍ਹਾਂ ਦਾ ਤਜਰਬਾ ਆਪ ਸਮੇਟਦਾ ਹੈ। ਇਸ ਤੋਂ ਇਲਾਵਾ ਉਹ ਕਈ ਵੱਖੋ ਵੱਖਰੇ ਪਰਿਭਾਸ਼ਕਾਂ ਦੀ ਮੱਦਦ ਨਾਲ ਜਾਂ ਉਨ੍ਹਾਂ ਦੇ ਸਿਰਲੇਖਾਂ ਹੇਠ ਕਾਵਿ ਰਚਦਾ ਹੈ ਉਹ ਵਿਭਿੰਨ ਕਾਵਿ-ਧਾਰਾਵਾਂ ਅਧੀਨ ਆਪਣੇ ਕਾਵਿ ਬੋਧ ਨੂੰ ਵਿਗਸਦਾ, ਵਿਨਾਸਦਾ ਹੈ। ਉਦਾਹਰਣ ਵਜੋਂ ਕਦੀ ਪ੍ਰਗਤੀਵਾਦ ਦੇ ਸਿਰਲੇਖ ਹੇਠ, ਕਦੀ ਰੁਮਾਂਸਵਾਦ ਅਧੀਨ, ਕਦੀ ਯਥਾਰਥਵਾਦ, ਕਦੀ ਆਧੁਨਿਕਤਾ ਦੇ ਨਾਂ ਹੇਠ, ਉਹ ਇਸ ਅਨੁਭਵ ਦੀ ਸ਼ਿੱਦਤ ਨੂੰ ਪ੍ਰਗਟਾਉਂਦਾ ਹੈ।

ਇਉਂ ਅਸੀਂ ਕਾਵਿ ਨੂੰ ਮਨੁੱਖੀ ਮਨ ਦੀਆਂ ਤੈਹਾਂ ਅੰਦਰ ਪਸਰੇ ਅਨਾਤਮ ਵਿਸ਼ਾਦ ਲਾਲਸਾਵਾਂ, ਕੁੰਠਾਵਾਂ ਆਦਿ ਦਾ ਵੇਰਵਾ ਦੇਂਦੇ ਮੰਨਦੇ ਹਾਂ ਪਰ ਇਸਦੇ ਨਾਲ ਹੀ ਉਸਨੂੰ ਭੌਤਿਕ ਪੱਧਰ ਦੀ ਉਪਯੋਗਤਾ ਤੋਂ ਵੀ ਖਾਰਿਜ ਨਹੀਂ ਕਰ ਸਕਦੇ ਕਿਉਂਕਿ ਕਵਿਤਾ ਇਕ ਪ੍ਰਕਾਰ ਦਾ ਸਮਾਜਕ ਕਰਮ ਹੀ ਹੈ ਇਸ ਕਰਕੇ ਸਿਖਿਆ ਦਾ ਅੰਸ਼ ਵੀ ਇਸ ਤੋਂ ਨਿੱਖੜਦਾ ਨਹੀਂ :

> ਕਵਿਤਾ ਦੀ ਅਸਫਲਤਾ ਵਿਚ ਆਨੰਦ ਅਤੇ ਉਪਯੋਗਤਾ ਦੇ ਸੁਰ ਇਕ ਦੂਸਰੇ ਦੇ ਸਮਵਿੱਥ ਹੀ ਨਹੀਂ ਗੂੰਜਦੇ ਸਗੋਂ ਇਕ ਦੂਸਰੇ ਵਿਚ ਸ਼ਾਮਿਲ ਹੋ ਕੇ ਗੂੰਜਦੇ ਹਨ।[6]

ਇਸ ਪ੍ਰਕਾਰ ਜਿਥੇ ਆਨੰਦ ਅਤੇ ਅਨੁਭੂਤੀ ਦੋਹਾਂ ਦਾ ਮਾਧਿਅਮ ਇਕਮਿਕ ਹੋ ਜਾਂਦਾ ਹੈ ਅਤੇ ਜਿਥੇ ਕਿਧਰੇ ਇਸਨੂੰ ਕਿਸੇ ਕਾਵਿ ਧਾਰਾ ਦੀ ਛੋਹ ਪ੍ਰਾਪਤ ਹੋ ਜਾਂਦੀ ਹੈ ਉਥੇ ਹੀ ਭਾਸ਼ਾ ਤੋਂ ਇਲਾਵਾ ਵਿਚਾਰ-ਪੱਧਰ ਉਪਰ ਕਵਿਤਾ ਨੂੰ ਇਕ ਬੜਾ ਤਕੜਾ ਮਾਧਿਅਮ ਮਿਲ ਜਾਂਦਾ ਹੈ।

ਪੰਜਾਬੀ ਕਾਵਿ ਪਰੰਪਰਾ ਦਾ ਖਾਸਾ ਹੀ ਇਹ ਰਿਹਾ ਹੈ ਕਿ ਇਹ ਸਦਾ ਸਮਾਜਕ ਚੌਗਿਰਦੇ ਅਤੇ ਮਾਨਵੀ ਮੁੱਲਾਂ ਨਾਲ ਜੁੜੀ ਰਹੀ ਹੈ। ਇਹ ਭਾਵੇਂ ਗੁਰੂ ਨਾਨਕ ਦੇ ਵਿਦ੍ਰੋਹ ਤੋਂ ਆਰੰਭ ਹੋਵੇ, ਭਾਵੇਂ ਵਾਰਿਸ ਦੇ ਸਭਿਆਚਾਰਕ ਇਨਕਲਾਬ ਨਾਲ ਓਤ-ਪ੍ਰੋਤ ਹੋਵੇ, ਇਸਨੇ ਗੱਲ ਹਮੇਸ਼ਾਂ ਸਮਾਜਕ ਚੌਗਿਰਦੇ ਵਿਚ ਰਹਿ ਕੇ ਕੀਤੀ ਹੈ।

ਪੰਜਾਬੀ ਕਾਵਿ ਦੇ ਨਾਇਕ ਦੀ ਵਿਡੰਬਨਾ ਹੀ ਇਹ ਰਹੀ ਹੈ ਕਿ ਉਸਦਾ ਇਕ ਪ੍ਰਮੁੱਖ ਆਧਾਰ ਹੈ ਕਿ ਸਥਾਪਤ ਸੱਤਾ, ਭਾਵੇਂ ਰਾਜਸੀ, ਭਾਵੇਂ ਸਮਾਜਕ ਹੋਵੇ, ਨਾਬਰ ਰਹਿਣਾ ਹੈ। ਸਾਡੀ ਪਰੰਪਰਾ ਦਾ ਖਾਸਾ ਹੀ ਵਿਦ੍ਰੋਹ ਕਰਕੇ ਬਲਵਾਨ ਬਣਦਾ ਰਿਹਾ ਹੈ। ਅਤਰ ਸਿੰਘ ਦੇ ਅਨੁਸਾਰ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

> ਪੰਜਾਬ ਦੇ ਲੋਕ ਮਨ ਦੇ ਆਪਣੇ ਧਰਮ-ਨਿਰਦੇਸ਼ਕ ਇਤਿਹਾਸਕ-ਨਾਇਕ ਗੁਰੂ ਨਾਨਕ ਦੇਵ ਜੀ ਨੂੰ ਮੂਲ ਰੂਪ ਵਿਚ ਆਪਣੇ ਯੁੱਗ ਦੀ ਹਰ ਸਥਾਪਨਾ ਤੋਂ ਵਿਦਰੋਹੀ ਦੇ ਰੂਪ ਵਿਚ ਚਿਤਰਿਆ ਹੈ।[7]

ਅਜੋਕੇ ਦੌਰ ਵਿਚ ਪੰਜਾਬੀ ਕਵੀਆਂ ਅਤੇ ਪੰਜਾਬੀ ਕਵਿਤਾ ਦਾ ਮੂੰਹ ਮੁਹਾਂਦਰਾ ਪਦਾਰਥਕ ਬਦਲਾਵ ਅਤੇ ਇਤਿਹਾਸਕ ਚੇਤਨਾ ਕਾਰਨ ਆਧੁਨਿਕ ਦੌਰ ਦੇ ਪ੍ਰਸੰਗਾਂ ਨੂੰ ਆਪਣੀ ਕਵਿਤਾ ਵਿਚ ਲਿਆਈ ਜਾ ਰਿਹਾ ਹੈ। ਕਵਿਤਾ ਵਧੇਰੇ ਅੰਤਰਮੁਖੀ ਹੁੰਦੀ ਜਾ ਰਹੀ ਹੈ ਪਰ ਅਜੇ ਤੱਕ ਪੰਜਾਬੀ ਕਵਿਤਾ ਦੀ ਵਿਡੰਬਨਾ ਸਥਾਪਤੀ ਨਾਲ ਜੂਝਣ ਵਿਚ ਰਹੀ ਹੈ।

ਜਿਥੋਂ ਤੱਕ ਪਾਸ਼ ਰਚਿਤ ਕਵਿਤਾ ਦਾ ਸੁਆਲ ਹੈ, ਉਹ ਹਰ ਪ੍ਰਕਾਰ ਦੀ ਸਥਾਪਤੀ ਦਾ ਵਿਰੋਧ ਕਰਦਾ ਹੈ ਜਿਸ ਵਿਚੋਂ ਕਿ ਉਸਨੂੰ, ਉਸਦੇ ਵਿਅਕਤਿਤਵ ਨੂੰ ਜੀਉਂਦੇ ਰਹਿਣ ਵਿਚ ਘੁਟਣ ਮਹਿਸੂਸ ਹੁੰਦੀ ਹੋਵੇ। ਅਜਿਹਾ ਹੋਣਾ ਕੁਦਰਤੀ ਹੈ। ਹਾਵਰਡ ਫਾਸਟ ਕਲਾ ਦੇ ਪ੍ਰਕਾਰਜ ਪ੍ਰਤਿ ਬੜੇ ਸਪੱਸ਼ਟ ਸ਼ਬਦਾਂ ਵਿਚ ਲਿਖਦਾ ਹੈ :

> ਜਿਹੜਾ ਲੇਖਕ ਅੱਜ ਦੇ ਜ਼ਮਾਨੇ ਵਿਚ ਕਲਾ ਸਿਰਜਣ ਦਾ ਦਅਵਾ ਕਰਦਾ ਹੈ, ਉਸਨੂੰ ਪੜਤਾਲ ਦੇ ਸਾਰੇ ਖੇਤਰਾਂ ਦੇ ਸੱਚ ਨੂੰ ਭਾਲਣਾ ਚਾਹੀਦਾ ਹੈ, ਅਤੇ ਪੜਤਾਲ ਦੇ ਹਰ ਖੇਤਰ ਵਿਚ ਉਸਨੂੰ ਫੈਰੀ ਪਲਾਂ ਦਾ ਇਤਿਹਾਸਕ ਸਮੂਹ ਨਾਲ ਜੋੜ ਬਿਠਾਉਣਾ ਚਾਹੀਦਾ ਹੈ।[8]

ਪਾਸ਼ ਦੀ ਕਾਵਿ ਚੇਤਨਾ ਇਸ ਧਾਰਨਾ ਨੂੰ ਸਵੀਕਾਰਦੀ ਜ਼ਰੂਰ ਹੈ ਪਰ ਉਸ ਨੂੰ ਅੰਤਿਮ ਨਹੀਂ ਮੰਨ ਲੈਂਦੀ। ਜਿਥੇ ਜਿਥੇ ਉਸਨੂੰ ਅੰਤਰ ਮੁਖੀ ਬਿਰਤੀਆਂ ਜਾਂ ਨਿੱਜੀ ਵਿਸ਼ਾਦ ਨੂੰ ਪ੍ਰਗਟਾਉਣ ਦੀ ਜ਼ਰੂਰਤ ਪਈ ਹੈ ਉਥੇ ਉਥੇ ਕਈ ਥਾਈਂ ਉਸਦੀ ਕਵਿਤਾ ਨੇ ਨਵੇਂ ਪ੍ਰਯੋਗ ਹੰਢਾਏ ਹਨ।

ਆਧੁਨਿਕ ਯੁਗ ਦੀਆਂ ਪੰਜਾਬੀ ਕਾਵਿ-ਧਾਰਾਵਾਂ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਵਧੇਰੇ ਆਧੁਨਿਕ ਪੰਜਾਬੀ ਕਵੀ ਕਿਸੇ ਨਾ ਕਿਸੇ ਵਿਚਾਰਧਾਰਾਈ ਸੰਦਰਭ ਨੂੰ ਪ੍ਰਵਾਨ ਕਰਦੇ ਹਨ ਇਹ ਮਰਿਯਾਦਾ ਆਧੁਨਿਕ ਕਵਿਤਾ ਨੂੰ ਸੀਮਾਬੱਧ ਕਰ ਦਿੰਦੀ ਹੈ ਅਤੇ ਕਈ ਵਾਰ ਕਵਿਤਾ ਖੜੋਤ ਜਾਂ ਉਲਾਰ ਬਿਰਤੀਆਂ ਦਾ ਸ਼ਿਕਾਰ ਵੀ ਹੋ ਜਾਂਦੀ ਹੈ ਇਸ ਦੇ ਬਾਵਜੂਦ ਇਹ ਮਰਿਆਦਾ ਕਵਿਤਾ ਦੇ ਸਮਾਜਕ ਅਰਥਾਂ ਨੂੰ ਨਿਸ਼ਚਿਤ ਕਰਨ ਵਿਚ ਸਹਾਈ ਹੁੰਦੀ ਹੈ।

ਇਸੇ ਕਾਰਣ ਕੁਝ ਸਮੇਂ ਬਾਅਦ ਪਾਸ਼ ਅਚੇਤ ਹੀ ਅਜਿਹੇ ਫਾਦਵਿਵਾਦ ਵਿਚੋਂ ਨਿਕਲ ਕੇ ਆਪਣੀ ਸ਼ੁੱਧ ਕਵਿਤਾ ਨੂੰ ਅਗਰਭੂਮੀ ਵਿਚ ਲਿਆਣਾ ਲੋਚਦਾ ਹੈ। ਨਕਸਲੀ ਲਹਿਰ ਦੇ ਅੰਤ ਮਗਰੋਂ ਜਦੋਂ ਨਕਸਲਵਾਦੀ ਕਵੀਆਂ ਦੀ ਭ੍ਰਾਂਤੀ ਅਤੇ ਸੁਪਨ-ਅਵਸਥਾ ਟੁੱਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਈ, ਉਦੋਂ ਉਨ੍ਹਾਂ ਜੋ ਲਿਖਿਆ, ਉਹ ਸੱਚਮੁੱਚ ਇਕ ਸਵੀਕ੍ਰਿਤੀ ਸੀ। ਪਾਸ਼ ਆਪ ਵੀ ਅਜਿਹੀ ਸਵੀਕ੍ਰਿਤੀ ਦੇਂਦਾ ਲਿਖਦਾ ਹੈ :

> ਰਾਜਨੀਤਕ ਸਰਗਰਮੀਆਂ ਚੋਂ ਹੱਥ ਖਿੱਚ ਲੈਣ ਨਾਲ ਕੁਦਰਤੀ ਹੀ ਸੀ ਕਿ ਮੇਰੀ ਕਵਿਤਾ ਵਿਚ ਅੰਤਰਮੁਖਤਾ ਵੱਧ ਜਾਂਦੀ।[9]

ਇਥੇ ਇਕ ਸਵਾਲ ਵੀ ਉੱਠਦਾ ਹੈ ਕਿ ਕੀ ਪਾਸ਼ ਆਪਣੇ ਇਸ ਅੰਤਲੇ ਚਰਣ ਵਿਚ ਸਵੀਕ੍ਰਿਤੀ ਦੇਂਦੇ ਆਪਣਾ ਨਕਸਲਬਾੜੀ ਲਹਿਰ ਦੌਰਾਨ ਰਚਿਆ ਸਾਹਿਤ ਕਦ ਕਰ ਰਿਹਾ ਹੈ ? ਕੀ ਪ੍ਰਤੀਬੱਧਤਾ ਉਸ ਲਈ ਕੁਝ ਵੀ ਅਰਥ ਨਹੀਂ ਰੱਖਦੀ ?

ਉਸ ਉਪਭਾਵਕ ਦੌਰ ਵਿਚ ਪਾਸ਼ ਅਤੇ ਉਸ ਦੇ ਸਮਕਾਲੀਆਂ ਨੂੰ ਸਮੁੱਚੀ ਪੰਜਾਬੀ ਕਵਿਤਾ ਹੀ 'ਲੱਲੂ ਪੰਜੂ ਡੀਂਗਾਂ' ਨਜ਼ਰ ਆਉਂਦੀਆਂ ਸੀ।[10]

ਇਹ ਸਤਰਾਂ ਲਿਖਣ ਵਾਲਾ ਪਾਸ਼ :

> ਮੇਰੇ...'ਚ ਦੇ ਦਿਉ ਲਾਲਾ ਜਗਤ ਨਰਾਇਣ ਦਾ ਸਿਰ
> ਚਲੋ ਮੈਂ ਮਾਉ ਦਾ ਨਾਂ ਵੀ ਨਹੀਂ ਲੈਂਦਾ।
> (ਮੈਨੂੰ ਚਾਹੀਦੇ ਹਨ ਕੁਝ ਬੋਲ, 'ਉੱਡਦੇ ਬਾਜਾਂ ਮਗਰ', ਪੰਨਾ 30)

> ਬੰਦੂਕਾਂ ਵਾਲਿਓ
> ਜਾਂ ਤਾਂ ਬੰਦੂਕਾਂ ਦਾ ਮੂੰਹ ਦੁਸ਼ਮਣ ਵੱਲ ਕਰ ਦਿਓ
> ਤੇ ਜਾਂ ਆਪਣੇ ਆਪ ਵੱਲ
> (ਖੁਲ੍ਹੀ ਚਿੱਠੀ, 'ਲੋਹ ਕਥਾ', ਪੰਨਾ 53)

ਜਦੋਂ ਇਸ ਤੱਤੀ ਤਿੱਖੀ ਸ਼ਾਇਰੀ ਵਿਚੋਂ ਬਾਹਰ ਨਿਕਲਣ ਦਾ ਸੁਚੇਤ ਯਤਨ ਕਰਦਾ ਹੈ ਤਾਂ ਇਹ ਇਕ ਤਰ੍ਹਾਂ ਦੀ ਅਪਸਾਰ ਦੀ ਰੁਚੀ ਹੀ ਬਣਦੀ ਹੈ।

ਜਦੋਂ ਵੀ ਪਾਸ਼-ਕਾਵਿ ਦੇ ਸਮਕਾਲੀ ਪੰਜਾਬ ਕਾਵਿ ਦੇ ਵਿਚਾਰਧਾਰਾਈ ਪਰਿਪੇਖ ਵਿਚ ਨਿਰਣਾ ਹੋਣ ਲੱਗਦਾ ਹੈ। ਉਦੋਂ ਹੀ ਉਸ ਵੱਲੋਂ ਰਚਿਤ ਨਾਅਰਾ ਕਿਸਮ ਦੀ ਕਵਿਤਾ ਬਾਰੇ ਗੱਲ ਕੀਤੀ ਜਾਂਦੀ ਹੈ। ਜਿਸ ਕਰਕੇ ਉਸ ਦੀ ਕਵਿਤਾ ਬਾਰੇ ਇਹ ਦ੍ਰਿਸ਼ਟੀ-ਕੋਣ ਬਣਾਇਆ ਜਾਂਦਾ ਹੈ ਕਿ ਉਸ ਦੀ ਕਵਿਤਾ ਨੂੰ ਉਤਮ ਕਿਸਮ ਦੀ ਕਵਿਤਾ ਵਿਚ ਰੱਖ ਕੇ ਵਾਚਣਾ ਕਠਿਨ ਹੈ। ਪਰ ਪਾਸ਼ ਕ੍ਰਾਂਤੀਕਾਰੀ ਕਵੀ ਹੈ। ਕ੍ਰਾਂਤੀਕਾਰੀ ਕਵੀ ਹੋਣ ਦੇ ਨਾਤੇ ਕਵੀ ਦੀ ਕਾਵਿ-ਰਚਨਾ ਦਾ ਇਹ ਹੱਕ ਬਣਦਾ ਹੈ ਕਿ ਉਹ ਪਾਠਕ ਨੂੰ ਹਲੂਣੇ, ਉਤਸ਼ਾਹ ਦੇਵੇ ਸੰਘਰਸ਼ ਲਈ ਉਤੇਜਿਤ ਕਰੇ। ਸੋ ਨਾਹਰੇ ਕਿਸਮ ਦੀ ਕਵਿਤਾ ਦਾ ਆਣਾ ਉਸ ਦੀ ਕਵਿਤਾ ਲਈ ਕੋਈ ਮਿਹਣਾ ਨਹੀਂ।

ਕਵੀ ਜਿਥੇ ਦ੍ਰਸ਼ਟਾ ਹੈ, ਉਥੇ ਸਹਿਭੋਗੀ ਵੀ ਹੈ। ਇਸ ਕਰਕੇ ਉਸ ਦੀ ਕਾਵਿ-ਰਚਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਸਹਿਜ ਅਤੇ ਸੰਤੁਲਿਤ ਕਾਰਜ ਬਣਦੀ ਹੈ। ਕਾਵਿ-ਰਚਨਾ ਦਾ ਮੂਲ ਵਿਧਾਨ ਸੰਗ੍ਰਹਿਣਸ਼ੀਲਤਾ ਰਚਨਾ-ਪ੍ਰਕ੍ਰਿਆ ਅਤੇ ਅਭਿਵਿਅਕਤੀ ਵਿਚੋਂ ਹੋ ਕੇ ਗੁਜ਼ਰਦਾ ਹੈ ਪਾਸ਼ ਅਤੇ ਉਸ ਦੀ ਧਾਰਾ ਦੇ ਸਮਕਾਲੀ ਕਵੀਆਂ ਨੇ ਸਿੱਧਾ ਅਤੇ ਆਖ਼ਰੀ ਟੀਚੇ ਵੱਲ ਉਲਰਨ ਦਾ ਯਤਨ ਕੀਤਾ। ਨਤੀਜਾ ਇਹ ਹੋਇਆ ਕਿ ਉਸ ਦੀ ਕਵਿਤਾ ਵਿਚੋਂ ਇਹ ਉਲਾਰ ਸਪਸ਼ਟ ਨਜ਼ਰ ਆਉਂਦਾ ਹੈ। ਇਸ ਪਰਿਪੇਖ ਵਿਚ ਆਰਨੈਸਟ ਫਿਸ਼ਰ ਦਾ ਇਹ ਕਥਨ ਬੜਾ ਸਪਸ਼ਟ ਪੈਂਤੜਾ ਪ੍ਰਦਾਨ ਕਜਦਾ ਹੈ 'ਕਲਾਕਾਰ ਦੇ ਸਿਰਜਣਾਤਮਕ ਫਰਜ਼ਾਂ ਅਤੇ ਉਸ ਦੀ ਰਚਨਾ ਪ੍ਰਕ੍ਰਿਆ ਦੇ ਵਿਵਿਧ ਪੜਾਵਾਂ ਵਿਚ ਵੱਖਰਤਾ ਲਾਜ਼ਮੀ ਅਤੇ ਪੜਾਅ ਵਾਰ ਹੈ...ਕਲਾਕਾਰ ਬਣਨ ਲਈ ਇਹ ਜ਼ਰੂਰੀ ਹੈ ਕਿ ਅਨੁਭਵ ਪ੍ਰਾਪਤ ਕਰਕੇ ਉਸ ਨੂੰ ਸਿਮਰਤੀ ਵਿਚ ਸਿਮਰਤੀ ਨੂੰ ਅਭਿਵਿਅਕਤੀ ਵਿਚ, ਸਾਮੱਗਰੀ ਨੂੰ ਰੂਪ ਵਿਚ ਰੁਪਾਂਤਰਿਤ ਕੀਤਾ ਜਾਵੇ। ਕਲਾਕਾਰ ਲਈ ਭਾਵਨਾ ਹੀ ਸਭ ਕੁਝ ਨਹੀਂ ਹੁੰਦੀ'।[11]

ਜਦ ਕਿ ਪਾਸ਼ ਦੀ ਕਵਿਤਾ ਦਾ ਵੱਡਾ ਸੰਕਟ ਭਾਵਨਾ ਨੂੰ ਹੀ ਆਦਿ ਅੰਤ ਮੰਨ ਲੈਣਾ ਸੀ ਇਹ ਰੁਚੀ ਉਲਾਰ ਹੋ ਕੇ ਉਪਭਾਵੁਕਤਾ ਦਾ ਮੁਹਾਂਦਰਾ ਵੀ ਧਾਰਣ ਕਰ ਲੈਂਦੀ ਹੈ। ਉਦਾਹਰਣ ਵਜੋਂ :

ਅਸੀਂ ਤਾਂ ਪਿੰਡਾਂ ਦੇ ਵਾਸੀ ਹਾਂ
ਤੁਸੀਂ ਸਹਿਰਾਂ ਦੇ ਵਾਸੀ ਤਾਂ ਸੜਕਾਂ ਵਾਲੇ ਹੋ।
ਤੁਸੀਂ ਕਾਸ ਨੂੰ ਰੀਂਗ ਰੀਂਗ ਕੇ ਚੱਲਦੇ ਹੋ
ਸਾਡਾ ਮਨ ਪ੍ਰਚਾਵਾ ਤਾਂ ਹੱਟੀ ਭੱਠੀ ਹੈ
ਤੁਸੀਂ ਕਲੱਬਾਂ ਸਿਨਮੇਂ ਵਾਲੇ
ਸਾਥੋਂ ਪਹਿਲਾਂ ਬੁੱਢੇ ਕੀਕਣ ਹੋ ਜਾਂਦੇ ?

(ਗਲੇ ਸੜੇ ਫੁੱਲਾਂ ਦੇ ਨਾਂ, 'ਲੋਹ ਕਥਾ', ਪੰਨਾ 19)

ਉਪਰੋਕਤ ਸਤਰਾਂ ਵਿਚ ਉਪਭਾਵੁਕਤਾ ਦਾ ਹੀ ਝਲਕਾਰਾ ਹੈ ਇਸ ਕਵਿਤਾ ਵਿਚ ਮੁੱਲਹੀਣਤਾ ਦਾ ਮਨਫੀ ਵਾਤਾਵਰਣ ਉਸਾਰ ਕੇ ਕਵੀ ਆਪਣਾ ਰਚਨਾਤਮਕ ਵਿਵੇਕ ਗਵਾਉਂਦਾ ਹੈ। ਜੇ ਧਿਆਨ ਨਾਲ ਦ੍ਰਿਸ਼ਟੀਪਾਤ ਕਰੀਏ ਤਾਂ ਬੁਰਜੁਆਜ਼ੀ ਸ਼ਹਿਰ ਵਿਚ ਵੀ ਉਵੇਂ ਵਿਚਰਦੀ ਹੈ ਜਿਵੇਂ ਪਿੰਡਾਂ ਵਿਚ।

ਪਾਸ਼ ਦੀ ਕਵਿਤਾ ਵਿਚ ਇਹ ਫ਼ਰਕ, ਇਹ ਭ੍ਰਾਂਤੀ ਤਾਂ ਹੀ ਆਈ ਹੈ ਜਦ ਉਹ ਇਕ ਖ਼ਾਸ ਕਿਸਮ ਦਾ ਕਲਪਿਤ ਜਗਤ ਸਿਰਜਦਾ ਹੈ। ਉਹ ਕਵਿਤਾ ਰਾਹੀਂ ਆਪ ਵੀ ਉਸ ਪੈਂਟੀ ਬੁਰਜ਼ੁਆਜ਼ੀ ਦਾ ਇਕ ਅੰਗ ਬਣ ਜਾਂਦਾ ਹੈ ਜਦੋਂ ਕਿ ਦਵੰਦਵਾਦੀ ਫ਼ਲਸਫ਼ੇ ਨੂੰ ਸਮਝੇ ਬਗੈਰ ਉਹ ਨਿਰਣੇ ਦੇਣੇ ਸ਼ੁਰੂ ਕਰ ਦਿੰਦਾ ਹੈ। ਬਲਜੀਤ ਕੌਰ ਵੀ ਉਸ ਦੀ ਸ਼ਾਇਰੀ ਨੂੰ ਸੁਹਜ ਦੀ ਰਵਾਇਤੀ ਪਰਿਭਾਸ਼ਾ ਤੋਂ ਮੁਕਤ ਗਰਦਾਨਦੇ ਹਨ।[12] ਅਜਿਹਾ ਕੁਦਰਤੀ ਹੈ ਕਿਉਂਕਿ ਰਚਨਾਤਮਕ ਵਿਧਾ ਚਾਹੇ ਕੋਈ ਵੀ ਹੋਵੇ, ਆਮ ਵਰਤਾਰੇ ਤੋਂ ਤਦ ਹੀ ਵਖਰਾਈ ਜਾ ਸਕਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜਦ ਉਸ ਵਿਚ ਸੰਵੇਦਨਾ ਦੀ ਪੱਧਰ ਉੱਪਰ ਕੁਝ ਤੱਤ ਮੌਜੂਦ ਹੋਣ।

ਇਸ ਦੇ ਉਲਟ ਪਾਸ਼ ਦੇ ਸਮਕਾਲੀ ਕਵੀ ਲਾਲ ਸਿੰਘ ਦਿਲ ਵਸਤੂ ਨੂੰ ਵਸਤੂਗਤ ਅਤੇ ਅਨਾਤਮ ਪੱਧਰ ਉੱਪਰ ਸਮਝਣ ਦੀ ਸ਼ਕਤੀ ਹੈ। ਇਸੇ ਲਈ ਉਹ ਵਧੇਰੇ ਸੂਖਮ ਸੰਵੇਦਨਾ ਦਾ ਪਰਿਚੈ ਦੇਂਦਾ ਹੈ। ਪਾਸ਼ ਦੀ ਕਵਿਤਾ ਵਿਚ ਵਸਤੂ ਪੱਧਰ ਦੇ ਦਰਸ਼ਨ ਤਾਂ ਹੁੰਦੇ ਹਨ ਪਰ ਉਸ ਵਸਤੂ ਪੱਧਰ ਨੂੰ ਜੀਣ ਥੀਣ ਦੇ ਸਾਰੇ ਉਪਰਾਲੇ ਮਕਾਨਕੀ ਅਤੇ ਨਾਅਰਿਆਂ ਦੇ ਰੂਪ ਵਿਚ ਹਨ। ਕਿਧਰੇ ਵੀ ਉਸ ਅਵਸਥਾ ਦੇ ਦਰਸ਼ਨ ਨਹੀਂ ਹੁੰਦੇ ਜਿਥੇ ਰਚੈਤਾ, ਸੰਪੂਰਨ ਨਿਸੰਗ ਨਾਲ ਵਸਤੂ ਪੱਧਰ ਨੂੰ ਭਾਵ ਜਗਤ ਜਾਂ ਰੂਪਾਂਤ੍ਰਿਤ ਪੱਧਰ ਉੱਪਰ ਉਦਾਤੀਕ੍ਰਿਤ ਕਰਦਾ ਹੈ।

ਅਨੁਭਵ ਅਤੇ ਸੰਵੇਦਨਾ ਦੀ ਪੱਧਰ ਉੱਤੇ ਯਥਾਰਥ ਵੱਲ ਕਵੀ ਦਾ ਰਵੱਈਆ ਹਮੇਸ਼ਾ ਵਿਅਕਤੀਗਤ ਹੁੰਦਾ ਹੈ। ਦਵੰਦਵਾਦੀ ਪ੍ਰਕ੍ਰਿਤੀ ਦੇ ਆਧਾਰ ਉੱਪਰ ਅਸੀਂ ਇਹ ਆਖ ਸਕਦੇ ਹਾਂ ਕਿ ਵਿਅਕਤੀਗਤ ਚੇਤਨਾ ਵਿਚ ਸਮਾਜਕਤਾ ਨਿਹਿਤ ਹੁੰਦੀ ਹੈ। ਇਸ ਦੇ ਬਾਵਜੂਦ ਵੀ ਉਸ ਦੀ ਪਹੁੰਚ ਵਿਚਲੀ ਵਿਅਕਤੀਗਤ ਗ੍ਰਹਿਣਸ਼ੀਲਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਸ ਕਰਕੇ ਜਦੋਂ ਪਾਸ਼ ਦੀ ਕਵਿਤਾ ਦਾ ਨਿਰਣੈ ਲਿਆ ਜਾਣਾ ਹੁੰਦਾ ਹੈ ਤਾਂ ਨ ਉਹ ਸ਼ੁੱਧ ਵਿਅਕਤੀਗਤ ਅਵਸਥਾ ਵਿਚ ਆਪਣਾ ਆਪ ਸੰਤੁਲਿਤ ਰੱਖਦਾ ਪ੍ਰਤੀਤ ਹੁੰਦਾ ਹੈ ਅਤੇ ਨਾ ਹੀ ਉਸ ਦੀ ਕਵਿਤਾ ਸਮੂਹਿਕ ਸੋਚ ਨੂੰ ਅਪਨਾਉਂਦੀ ਪ੍ਰਤੀਤ ਹੁੰਦੀ ਹੈ :

ਗੱਲ ਪਹਿਲੇ ਮੁੰਡੇ ਦੀ ਹੀ ਨਹੀਂ
ਪਹਿਲੀ ਚੁੰਮੀ ਦੀ ਵੀ ਹੈ
ਜਾਂ ਸਿਰਫ ਇਕ ਵਾਰ ਨਿਗ੍ਹਾ ਭਰ ਕੇ ਤੱਕ ਸਕਣ ਦੀ ਵੀ
ਉਜ਼ਰ ਜਦ ਵੀ ਹੋਇਆ
ਤਾਂ ਮਿੱਤਰਾਂ ਦਾ ਹੀ ਹੋਇਆ ਹੈ
ਲਾਵਾ ਵਾਲੇ ਕੋਲ ਤਾਂ ਸਿਰਫ ਡੰਡਾ ਹੁੰਦਾ ਹੈ
ਜਾਂ ਸਣੇ ਬੂਟ ਦੇ ਲੱਤ।

(ਆਸ਼ਕ ਦੀ ਅਹਿੰਸਾ, 'ਸਾਡੇ ਸਮਿਆਂ ਵਿਚ', ਪੰਨਾ 33)

ਹੋ ਸਕੇ ਤਾਂ ਬਸ ਨੋਕੀਲੇ ਸ਼ਬਦਾਂ ਨਾਲ
ਸ਼ਿਕਾਰੀ ਝੰਡਿਆਂ ਨੂੰ ਕੁਰੇਦਣ ਦੀ ਕੋਸ਼ਿਸ਼ ਕਰਾਂ
ਜਿੰਨਾ ਵਿਚ ਜਕੜੇ ਗਏ ਹਨ
ਮੇਰੀ ਲਾਡੋ ਦੀਆਂ ਛਾਤੀਆਂ ਵਰਗੇ ਕਬੂਤਰ।

(ਚਿੱਟੇ ਝੰਡਿਆਂ ਦੇ ਹੇਠ, 'ਸਾਡੇ ਸਮਿਆਂ ਵਿਚ', ਪੰਨਾ 22)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਸਪਸ਼ਟ ਹੈ ਕਿ ਅਰਥ ਸੰਚਾਰ ਦੀ ਪੱਧਰ ਉੱਪਰ ਅਜਿਹੀ ਕਵਿਤਾ ਆਪਣਾ ਵਿਵੇਕ ਗਵਾ ਬੈਠਦੀ ਹੈ।

ਏਸੇ ਲਈ ਜਦੋਂ ਪਾਸ਼ ਸਮਕਾਲੀ ਯਥਾਰਥ ਨੂੰ ਸਮਝਣ ਤੇ ਬਦਲਣ ਲਈ ਯੁਗ ਪ੍ਰਵਾਨਿਤ ਚਿੰਤਨ ਨਾਲ ਆਪਣੇ ਆਪ ਨੂੰ ਜੋੜਦਾ ਹੈ ਤਾਂ ਉਹ ਵਿਚਾਰਧਾਰਾ ਦੇ ਸਮੂਹਕ ਸੰਦਰਭ ਵਿਚ ਪ੍ਰਵੇਸ਼ ਕਰਦਾ ਹੈ। ਏਸੇ ਪ੍ਰਕ੍ਰਿਆ ਦੌਰਾਨ ਸਮਕਾਲੀ ਵਿਚਾਰਧਾਰਾ, ਭੂਤ ਵਿਚ ਨਿਹਿਤ ਫਲਸਫੇ ਅਤੇ ਆਧਾਰ ਅਤੇ ਭਵਿੱਖਮੁਖੀ ਸੋਚਾਂ ਇਕਸਾਰ ਚੱਲਦੀਆਂ ਹਨ। ਇਸੇ ਕਰਕੇ ਪਾਸ਼ ਜਦ ਵੀ ਆਪਣੀ ਕਾਵਿ-ਵਿਚਾਰਧਾਰਾ ਨੂੰ ਕਾਵਿ ਸਿਰਜਣਾ ਵੱਲ ਮੋੜਦਾ ਹੈ ਤਾਂ ਉਸ ਸਮੇਂ ਉਹ ਅਕਸਰ ਹੀ ਆਪਣੇ ਨਿੱਜੀ ਅਨੁਭਵ ਅਤੇ ਗਿਆਨ ਕਿਰਿਆ ਨੂੰ ਆਪਣੇ ਵਰਗ, ਜਾਤੀ ਜਾਂ ਸਮੂਹ ਦੀ ਚੇਤਨਾ ਅਨੁਸਾਰ ਢਾਲਦਾ ਹੈ। ਬੇਸ਼ੱਕ ਇਸ ਪਹੁੰਚ ਦੇ ਪੈਰ ਸਮੂਹਕ ਚੇਤੰਨਤਾ ਵਿਚ ਹਨ, ਪਰ ਪਹੁੰਚ ਦਾ ਅੰਤਰੀਵ ਆਧਾਰ ਵਿਅਕਤੀਗਤ ਹੈ।

ਸੋ ਸਪੱਸ਼ਟ ਹੈ ਕਿ ਪਾਸ਼ ਦੀ ਕਵਿਤਾ ਸਮਾਜਕ ਮਰਿਯਾਦਾ ਤੇ ਰਹੁ-ਰੀਤਾਂ ਦਾ ਪਾਲਣ ਕਰਦੀ ਹੋਈ ਵੀ ਇਨ੍ਹਾਂ ਤੋਂ ਵਿਦਰੋਹ ਦੀ ਵਿਡੰਬਨਾਂ ਪਾਲਦੀ ਹੈ। ਇਸ ਮਰਿਯਾਦਾ ਪਾਲਣ ਤੇ ਭੰਜਨ ਕਾਰਨ ਕਵਿਤਾ ਦੇ ਸੂਤ ਕਦੀ ਪ੍ਰਗਤੀਵਾਦ ਵਿਚ ਜਾ ਖੁੱਲ੍ਹਦੇ ਹਨ। ਕਦੀ ਅੰਤਰਮੁਖੀ ਸੰਵੇਦਨਾ ਦੀ ਅਭਿਵਿਅਕਤੀ ਵਿਚ ਅਤੇ ਕਦੀ ਆਧੁਨਿਕਤਾ ਦੇ ਰੂਪ ਵਿਚ। ਕਰਮਜੀਤ ਸਿੰਘ ਇਸ ਪ੍ਰਕਾਰ ਦੇ ਬਹੁਸੰਭਾਵੀ ਕਵੀਆਂ ਬਾਬਤ ਲਿਖਦਾ ਹੈ :

> ਪਰ ਕੁਝ ਕਵੀ ਅਜਿਹੇ ਵੀ ਹੁੰਦੇ ਹਨ ਜੋ ਵਿਚਾਰਧਾਰਾ ਦੇ ਸਮੂਹਕ ਸੰਦਰਭ ਤੋਂ ਨਿਰਲੇਪ ਵਿਚਰਦੇ ਹਨ ਅਤੇ ਆਪਣੀ ਵਿਅਕਤੀਗਤ ਪ੍ਰਤਿਭਾ ਅਤੇ ਚੇਤੰਨਤਾ ਅਨੁਸਾਰ ਹੀ ਯਥਾਰਥ ਨਾਲ ਆਪਣਾ ਰਚਨਾਤਮਕ ਸੰਬੰਧ ਸਥਾਪਿਤ ਕਰਦੇ ਹਨ। ਬੇਸ਼ੱਕ ਅਜਿਹੇ ਕਵੀ ਹੀ ਕਵਿਤਾ ਦੇ ਇਤਿਹਾਸ ਵਿਚ ਵੱਖ ਵੱਖ ਝੁਕਾਵਾਂ ਅਤੇ ਰੁਚੀਆਂ ਦੇ ਪ੍ਰਤੀਨਿਧ ਬਣਦੇ ਹਨ।[13]

ਇਹ ਉਕਤੀ ਪਾਸ਼ ਉਪਰ ਕਾਫੀ ਹੱਦ ਤਕ ਲਾਗੂ ਹੁੰਦੀ ਹੈ। ਉਸਨੇ ਇਕ ਅਜਿਹੀ ਕਾਵਿ-ਧਾਰਾ ਦਾ ਉਥਾਨ ਕੀਤਾ ਜੋ ਆਪਣੇ ਵਿਚਾਰਧਾਰਾਈ ਪਰਿਪੇਖ ਵਿਚ ਯਥਾਰਥਵਾਦੀ ਸੀ ਪਰ ਜਿਥੋਂ ਤੀਕ ਪਾਸ਼ ਦੀ ਸਮੁੱਚੀ ਕਵਿਤਾ ਸੰਬੰਧੀ ਨਿਰਣੈ ਲੈਣਾ ਹੈ ਉਥੇ ਇਹ ਸਥਾਪਨਾ ਦਿੱਤੀ ਜਾ ਸਕਦੀ ਹੈ ਕਿ ਉਹ ਵਲਵਲੇ ਭਾਵਨਾ ਅਤੇ ਉਪਭਾਵਕ ਬਿਰਤੀਆਂ ਦਾ ਚਿਤੇਰਾ ਹੈ। ਆਪਣੇ ਹੀ ਸਮਕਾਲੀਆਂ ਜਿਵੇਂ ਲਾਲ ਸਿੰਘ ਦਿਲ ਜਾਂ ਅਮਰਜੀਤ ਚੰਦਨ ਦੇ ਮੁਕਾਬਲੇ ਉਸ ਵਿਚ ਸੰਵੇਦਨਾਂ ਦਾ ਸੰਤੁਲਨ ਨਹੀਂ ਹੈ। ਕਵਿਤਾ ਹਮੇਸ਼ਾਂ ਆਪਣੇ ਵਰਤਾਰੇ ਵਿਚ ਪਤਨ ਅਤੇ ਵਿਕਾਸ ਅੰਦਰ ਵੱਸੇ ਸੰਤੁਲਨ ਨੂੰ ਭਾਲਦੀ ਹੈ ਜਿਸ ਦੇ ਕਿ ਪਾਸ਼ ਦੀ ਕਵਿਤਾ ਵਿਚ ਦਰਸ਼ਨ ਘੱਟ ਹੁੰਦੇ ਹਨ।

ਇਸ ਦੇ ਬਾਵਜੂਦ ਇਹ ਕਿਹਾ ਜਾ ਸਕਦਾ ਹੈ ਕਿ ਪਾਸ਼ ਸਮਕਾਲੀ ਪੰਜਾਬੀ ਕਵਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਵਿਰਾਸਤ ਹੈ। ਉਹ ਆਪਣੀ ਕਾਵਿ ਧਾਰਾ ਦੇ ਨਾਲ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਪ੍ਰਤੀਬੱਧ ਰਿਹਾ ਹੈ। ਇਸ ਦੇ ਉਲਟ ਉਸ ਦੇ ਸਮਕਾਲੀ ਹੌਲੀ ਹੌਲੀ ਇਸ ਕਾਵਿ-ਧਾਰਾ ਨਾਲੋਂ ਆਪਣਾ ਨਾਤਾ ਤੋੜਦੇ ਗਏ। ਇਸ ਧਾਰਾ ਦੇ ਇਕ ਹੋਰ ਪ੍ਰਤੀਨਿਧ ਕਵੀ ਸੰਤ ਰਾਮ ਉਦਾਸੀ ਦੀ ਕਾਵਿ ਰਚਨਾ ਨੂੰ ਜੇਕਰ ਪਾਸ਼ ਦੀ ਕਾਵਿ ਰਚਨਾ ਦੇ ਸਮਾਨੰਤਰ ਰੱਖਕੇ ਦੇਖਿਆ ਜਾਵੇ ਤਾਂ ਉਸ ਦੀ ਕਵਿਤਾਂ ਵਿਚ ਰੋਣਹਾਕੀ ਸੁਰ ਵਧੇਰੇ ਤੀਬਰ ਰੂਪ ਵਿਚ ਪ੍ਰਗਟ ਹੁੰਦੀ ਹੈ। ਸੁਰਜੀਤ ਹਾਂਸ ਨੇ ਇਸੇ ਪਰਿਪੇਖ ਵਿਚ ਲਿਖਿਆ ਹੈ :

> ਜਿਥੇ ਜੁਝਾਰ ਸਿਆਸੀ ਗੀਤ ਰੋਣਹਾਕੀ ਧੁਨਾਂ ਵਿਚ ਪ੍ਰਤੀਗਾਮੀ ਮਨੋ-ਵਿਗਿਆਨ ਨਾਲ ਗਾਏ ਜਾਂਦੇ ਹਨ। ਮੇਰਾ ਅਨੁਮਾਨ ਹੈ ਕਿ ਸਰੋਤੇ ਇਨਕਲਾਬੀ ਹੋਣ ਦੀ ਥਾਂ ਪ੍ਰਤੀਗਾਮੀ ਹੋ ਕੇ ਘਰਾਂ ਨੂੰ ਮੁੜ ਜਾਂਦੇ ਹਨ, ਕਿਉਂਕਿ ਧੁਨ ਦੀ ਬੁੱਧੀ ਨਾਲੋਂ ਜ਼ਿਆਦਾ ਅਚੇਤ ਅਸਰ ਹੁੰਦਾ ਹੈ।[14]

ਪਾਸ਼ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਦੀ ਕਵਿਤਾ ਉਪਭਾਵੁਕਤਾ ਦੇ ਬਾਵਜੂਦ ਮਨੁੱਖ ਨੂੰ ਇਨਕਲਾਬੀ ਕਰਮ ਕਰਨ ਵੱਲ ਪ੍ਰੇਰਦੀ ਤੇ ਉਕਸਾਉਂਦੀ ਹੈ। ਉਸਦੀ ਕਵਿਤਾ ਨੂੰ ਪੜ੍ਹ ਕੇ ਮਨੁੱਖੀ ਮਨ ਬਦੇ ਬਦੀ ਇਨਕਲਾਬ ਲਈ ਉਤਸੁਕ ਹੁੰਦਾ ਹੈ। ਜੁਝਾਰੂ ਕਵਿਤਾ ਉਹੀ ਕਵਿਤਾ ਅਖਵਾ ਸਕਦੀ ਹੈ ਜਿਹੜੀ ਪਾਠਕ/ਸਰੋਤੇ ਨੂੰ ਇਨਕਲਾਬੀ ਅਮਲ ਦੀ ਪੱਧਰ ਤਕ ਲੈ ਜਾਂਦੀ ਹੈ। ਜਦੋਂ ਅਸੀਂ ਪਾਸ਼ ਦੇ ਸਮਕਾਲੀ ਜੁਝਾਰੂ ਕਵੀ ਸੰਤ ਸੰਧੂ ਨੂੰ ਪਾਸ਼ ਕਾਵਿ ਦੇ ਸਮਵਿਧ ਰੱਖ ਕੇ ਅਧਿਐਨ ਕਰਦੇ ਹਾਂ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸੰਧੂ ਦੀ ਕਵਿਤਾ ਵਿਚ ਵਿਚਾਰਧਾਰਾ ਦਾ ਸਿੱਧਾ ਤੇ ਬਿੰਬ ਰਹਿਤ ਕਥਨ ਹੈ।

ਇਸ ਸਾਰੀ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਆਪਣੀ ਵਿਲੱਖਣ ਕਵਿਤਾ ਸਦਕਾ ਪਾਸ਼ ਦਾ ਜੁਝਾਰ ਵਿਦਰੋਹੀ ਕਾਵਿ-ਧਾਰਾ ਵਿਚ ਵਿਸ਼ੇਸ਼ ਸਥਾਨ ਹੈ। ਉਸ ਦੀ ਕਵਿਤਾ ਬਗਾਵਤ ਦੀ ਸੁਰ ਦੀ ਧਾਰਨੀ ਹੈ। ਉਹ ਸਮਾਜਕ ਰਾਜਨੀਤਕ ਕ੍ਰਾਂਤੀ ਦੀ ਚਰਚਾ ਨਿੱਡਰ ਹੋ ਕੇ ਕਰਦਾ ਹੈ। ਪਾਸ਼ ਲਈ ਮਨਸੂਰ ਵਾਂਗ ਸੱਚ ਲਈ ਚੁੱਪ ਚਾਪ ਸੂਲੀ ਤੇ ਚੜ੍ਹਨਾ ਨਿਰਾਰਥਕ ਹੈ ਉਹ ਆਪਣੀ ਵਿਦਰੋਹ ਪੂਰਨ ਆਵਾਜ਼ ਨੂੰ ਵਾਯੂ ਮੰਡਲ ਵਿਚ ਫੈਲਾ ਦੇਣ ਦਾ ਸੰਕਲਪ ਦੇਂਦਾ ਹੈ। ਗੁੱਸੇ ਦੀ ਭਾਵਨਾ ਤੇ ਖਰ੍ਹਵੀ ਸੋਚ ਦੀ ਪ੍ਰਚੰਡਤਾ ਉਸਨੂੰ ਸਮਕਾਲੀ ਕਵੀਆਂ ਨਾਲੋਂ ਨਿਖੇੜਦੀ ਹੈ।

ਜਦੋਂ ਅਸੀਂ ਇਸ ਧਾਰਾ ਦੇ ਪ੍ਰਤੀਨਿਧ ਕਵੀਆਂ ਦੁਆਰਾ ਕੀਤੀ ਗਈ ਕਾਵਿ ਰਚਨਾ ਨੂੰ ਸਾਹਮਣੇ ਰੱਖਦੇ ਹਾਂ ਤਾਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਧਾਰਾ ਦੇ ਅੰਤਰਗਤ ਮੁੱਖ ਤੌਰ ਤੇ ਦੋ ਵੰਨਗੀਆਂ ਦੀ ਕਵਿਤਾ ਰਚੀ ਗਈ ਹੈ। ਇਕ ਵੰਨਗੀ ਤਿੱਖੀ ਚੋਭ ਅਤੇ ਤੱਤੇ ਵਿਦਰੋਹ ਵਾਲੀ ਕਵਿਤਾ ਦੀ ਹੈ ਤੇ ਦੂਜੀ ਵੰਨਗੀ ਦੀ ਕਵਿਤਾ ਵਿਦਰੋਹ ਦੀ ਗੱਲ ਤਾਂ ਕਰਦੀ ਹੈ ਪਰ ਠਰੰਮੇ ਨਾਲ ਦੂਸਰੀ ਵੰਨਗੀ ਦੀ ਕਵਿਤਾ ਵਿਚ ਵਿਚਾਰਧਾਰਾ ਪ੍ਰਚਾਰ ਦੀ ਬਜਾਏ ਕਾਵਿਕ ਸੰਗਠਨ ਦਾ ਕਾਵਿਕ ਅੰਗ ਬਣ ਕੇ ਪੇਸ਼ ਹੁੰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜਦ ਕਿ ਪਹਿਲੀ ਵੰਨਗੀ ਦੀ ਕਵਿਤਾ ਵਿਚਾਰਧਾਰਾ ਦੇ ਸਿਧੇ ਪ੍ਰਚਾਰ ਦਾ ਮਾਧਿਅਮ ਬਣ ਜਾਂਦੀ ਹੈ। ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਸੰਤ ਸੰਧੂ, ਦਰਸ਼ਨ ਖਟਕੜ, ਜੁਝਾਰ ਸਿੰਘ ਆਦਿ ਕਵੀ ਪਹਿਲੀ ਵੰਨਗੀ ਦੀ ਕਵਿਤਾ ਰਚਣ ਵਾਲਿਆਂ ਵਿਚੋਂ ਪ੍ਰਮੁੱਖ ਨਾਂ ਹਨ। ਪਾਸ਼ ਕਾਵਿ ਨੂੰ ਇਸੇ ਵੰਨਗੀ ਦੀ ਪ੍ਰਤੀਨਿਧਤਾ ਕਰਨ ਵਾਲਾ ਕਵੀ ਮੰਨ ਕੇ ਹੀ ਇਸ ਦੀ ਪ੍ਰਕ੍ਰਿਤੀ ਨੂੰ ਸਮਝਿਆ ਜਾ ਸਕਦਾ ਹੈ। ਇਸ ਲਈ ਜਦੋਂ ਅਸੀਂ ਪਾਸ਼ ਦਾ ਜੁਝਾਰ ਵਿਦਰੋਹੀ ਕਾਵਿ-ਧਾਰਾ ਵਿਚ ਸਥਾਨ ਨਿਸ਼ਚਿਤ ਕਰਨਾ ਹੈ ਤਾਂ ਉਸ ਨੂੰ ਉਸ ਦੀ ਵੰਨਗੀ ਦੇ ਕਵੀਆਂ ਬਰਾਬਰ ਤੋਲਣਾ ਪਵੇਗਾ। ਇਸੇ ਲਈ ਅਸੀਂ ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ ਤੇ ਸੰਤ ਸੰਧੂ ਆਦਿ ਕਵੀਆਂ ਦੀ ਕਵਿਤਾ ਨਾਲ ਹੀ ਪਾਸ਼ ਕਾਵਿ ਦੀ ਤੁਲਨਾ ਕੀਤੀ ਹੈ। ਉਸ ਦੀ ਕਵਿਤਾ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਇਸ ਦੀ ਕਵਿਤਾ ਨਾਲ ਸਾਂਝੀਆਂ ਹਨ। ਪਰ ਫਿਰ ਵੀ ਹਰ ਕਵੀ ਦੀ ਸੰਵੇਦਨਾ ਵਿਲੱਖਣ ਪ੍ਰਕਾਰ ਦੀ ਹੁੰਦੀ ਹੈ। ਇਸ ਲਈ ਪਾਸ਼ ਕਾਵਿ ਦੀ ਆਪਣੀ ਇਕ ਵਿਲੱਖਣ ਪਹਿਚਾਣ ਹੈ। ਅਵਤਾਰ ਸਿੰਘ ਦੇ ਸ਼ਬਦਾਂ ਵਿਚ :

> ਜਿਵੇਂ ਉਸ ਦੇ ਕਾਵਿ ਜਗਤ ਦੀ ਵਾਸਤਵਿਕਤਾ ਪ੍ਰਮਾਣਿਕ ਹੈ, ਇਵੇਂ ਹੀ ਉਸ ਦੀ ਮਾਨਵੀ-ਪੀੜਾ ਦੇ ਸੰਤਾਪ ਵੀ ਸੱਚੇ ਸੁੱਚੇ ਹਨ। ਇਹਨਾਂ ਵਿਚੋਂ ਕੋਈ ਬਨਾਵਟ ਜ਼ਾਂ ਉਪਭਾਵੁਕਤਾ ਨਹੀਂ। ਉਸ ਦੀ ਕਵਿਤਾ ਕਿਸੇ ਵਤੀਰਾ-ਬਾਜ਼ੀ ਦੇ ਚੱਕਰ ਵਿਚ ਨਹੀਂ ਪੈਂਦੀ ਜਿਵੇਂ ਬਹੁਤਾ ਆਧੁਨਿਕਤਾਵਾਦੀ ਕਵਿਤਾ ਵਿਚ ਹੁੰਦਾ ਹੈ। ਉਸਦੀ ਦ੍ਰਿਸ਼ਟੀ ਅਪਸਾਧਾਰਣ ਉਤੇ ਨਹੀ, ਉਸ ਅਤਿਸਾਧਾਰਣ ਉਤੇ ਟਿਕੀ ਹੋਈ ਹੈ ਜਿਸ ਨੂੰ ਅਨੇਕ ਮਸਹਿਲਤਾਂ ਅਧੀਨ ਅੱਖੋਂ ਪ੍ਰੋਖੇ ਕੀਤਾ ਹੋਇਆ ਸੀ।[15]

ਪਾਸ਼ ਕਾਵਿ ਵਿਚ ਇਨਕਲਾਬ ਪ੍ਰਤੀ ਭਾਵੁਕਤਾ ਜਾਂ ਉਪਭਾਵੁਕਤਾ ਤਾਂ ਜ਼ਰੂਰ ਨਜ਼ਰ ਆਉਂਦੀ ਹੈ ਪਰ ਜਿਥੋਂ ਤਕ ਅਤਿਸਾਧਾਰਣ ਦੀ ਪੀੜਾ ਤੇ ਸੰਤਾਪ ਨੂੰ ਚਿਤਰਣ ਦਾ ਸੰਬੰਧ ਹੈ ਉਸ ਦੀ ਕਵਿਤਾ ਦੀ ਸੁਹਿਰਦਤਾ ਵੱਲ ਉਂਗਲੀ ਨਹੀਂ ਉਠਾਈ ਜਾ ਸਕਦੀ। ਇਹੋ ਉਸ ਦੀ ਕਾਵਿ ਸੰਵੇਦਨਾ ਦੀ ਵਿਲੱਖਣਤਾ ਹੈ। ਇਸੇ ਸੁਹਿਰਦਤਾ ਨਾਲ ਉਹ ਸਥਾਪਤੀ ਅੱਗੇ ਸੱਚ ਝੂਠ ਦਾ ਸਵਾਲ ਖੜ੍ਹਾ ਕਰਦਾ ਹੈ ਅਤੇ ਆਪਣੀ ਕਲਾ ਲਈ ਪ੍ਰਤੀਬੱਧਤਾ ਲਈ ਵੰਗਾਰ ਪਾਉਂਦਾ ਹੈ। ਉਸ ਦੀ ਕਾਵਿ-ਸਾਧਨਾਂ ਦੀ ਇਹ ਸੁਹਿਰਦਤਾ ਉਸਨੂੰ ਉਸਦੇ ਹੋਰ ਕਵੀਆਂ ਨਾਲੋਂ ਵਿਲੱਖਣ ਪਹਿਚਾਣ ਪ੍ਰਦਾਨ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿੱਪਣੀਆਂ

1. ਕੇਸਰ ਸਿੰਘ ਕੇਸਰ, 'ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ', ਪੰਨੇ 59-60 (ਤੋਂ ਉਦਰਿਤ)।
2. 'ਪਿਛਲੇ ਦਹਾਕੇ ਦੀ ਪੰਜਾਬੀ ਕਵਿਤਾ' (1987-1988) ਖੋਜ ਪੱਤਰ ਪੰਨੇ 4-5.
3. ਅਤਰ ਸਿੰਘ, ਅਧੁਨਿਕ ਪੰਜਾਬੀ ਕਵਿਤਾ ਵਿਚ ਮਾਨਵ ਦਾ ਨਵਾਂ ਸੰਕਲਪ, 'ਸਮਕਾਲੀ ਪੰਜਾਬੀ ਆਲੋਚਨਾ' (ਸੰਪਾ. ਦੀਵਾਨ ਸਿੰਘ, ਕੁਲਬੀਰ ਸਿੰਘ ਕਾਂਗ), ਪੰਨਾ 5.
4. ਜਸਵੰਤ ਕੈਲਵੀ, 'ਨਾਨਕ ਲੇਖੈ ਇਕ ਗਲ' (ਭੂਮਿਕਾ), 'ਅਸੀਂ ਜੀਉਂਦੇ ਅਸੀਂ ਜਾਗਦੇ' ਪੰਨਾ 1.
5. ਵੀ. ਆਈ. ਫਲਾਜ਼ੋਵ, 'ਮਾਰਕਸਵਾਦੀ ਦਰਸ਼ਨ', ਪੰਨਾ 44.
6. Rene Wellek & Warren, Austin, *Theory of Literature* Pp. 19-20.
7. ਅਤਰ ਸਿੰਘ, 'ਸਾਹਿਤ ਸੰਵੇਦਨਾ', ਪੰਨਾ 39.
8. ਹਾਵਰਡ ਫਾਸਟ, 'ਸਾਹਿਤ ਅਤੇ ਯਥਾਰਥ', ਪੰਨਾ 62.
9. ਪਾਸ਼, ਭੂਮਿਕਾ, 'ਸਾਡੇ ਸਮਿਆਂ ਵਿਚ', ਪੰਨਾ 2.
10. ਸੰਤ ਸੰਧੂ. ਪੈੜ ਤੇ ਪਿਚਕਾਰੀ (ਭੂਮਿਕਾ), 'ਲੋਕ ਕਥਾ' (ਪਾਸ਼), ਪੰਨਾ 3.
11. *Necessity Of Art* p. 9.
12. 'ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ', ਪੰਨਾ 152.
13. 'ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ', ਪੰਨਾ 26.
14. 'ਪਰੰਪਰਾ ਤੇ ਪ੍ਰਗਤੀਵਾਦ', ਪੰਨਾ 6.
15. 'ਸਾਹਿਤ ਸੰਵੇਦਨਾ', ਪੰਨਾ 200.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸ਼ ਦੀ ਵਿਲੱਖਣਤਾ

ਜੁਝਾਰ ਵਿਦਰੋਹੀ ਕਾਵਿ-ਧਾਰਾ ਇਕ ਅਜਿਹੀ ਕਾਵਿ-ਧਾਰਾ ਹੈ ਜੋ ਪੰਜਾਬੀ ਸਾਹਿਤ ਵਿਚ ਨਕਸਲਬਾੜੀ ਲਹਿਰ (ਜੋ ਮਾਓ ਦੀ ਵਿਚਾਰਧਾਰਾ ਅਨੁਸਾਰ ਹਥਿਆਰਬੰਦ ਘੋਲ ਤੇ ਵਿਸ਼ਵਾਸ ਰੱਖਦੀ ਹੋਈ ਅਮੀਰ ਸ਼੍ਰੇਣੀ ਅਤੇ ਅਫਸਰਸ਼ਾਹੀ ਦੀ ਅਨੈਤਿਕਤਾ ਅਤੇ ਪੁਲਿਸ ਤਸ਼ੱਦਦ ਨੂੰ ਯਥਾਰਥਵਾਦੀ ਪੈਂਤੜੇ ਤੋਂ ਚਿਤਰਦੀ ਹੈ), ਦੇ ਪ੍ਰਭਾਵ ਅਧੀਨ ਹੋਂਦ ਵਿਚ ਆਈ।

ਪਾਸ਼ ਇਸ ਕਾਵਿ-ਧਾਰਾ ਦਾ ਇਕ ਅਜਿਹਾ ਵਿਲੱਖਣ ਹਸਤਾਖਰ ਹੈ ਜੋ ਪੰਜਾਬੀ ਕਵੀਆਂ ਵਿਚ ਆਪਣੀ ਕਿਸਮ ਦਾ ਇਕ ਵੱਖਰਾ ਜਿਹਾ ਅਸਤਿਤਵ ਬਣਾਉਂਦਾ ਹੈ। ਉਹ ਨਾ ਤਾਂ ਪੰਜਾਬੀ ਦੇ ਪ੍ਰਸਿੱਧ ਕਵੀ ਪੂਰਨ ਸਿੰਘ ਵਾਂਗ ਸੰਕੁਚਿਤ ਜਿਹੇ 'ਪੰਜਾਬ' ਦੇ ਵਿਸ਼ੇ ਤਕ ਸੀਮਤ ਰਿਹਾ ਹੈ, ਨਾ ਬਟਾਲਵੀ ਵਾਂਗ 'ਬਿਰਹਾ' ਦਾ ਰਚੈਤਾ ਹੈ ਅਤੇ ਨਾ ਹੀ ਉਹ ਬਾਵਾ ਬਲਵੰਤ ਵਾਂਗ ਜਮਾਤੀ ਖਾਸੇ ਦੀ ਮਜ਼ਬੂਰੀ ਵਿਚ ਜਕੜਿਆ ਹੋਇਆ ਕਹਿੰਦਾ ਹੈ :

ਖੰਭ ਮੇਰੇ ਹੁਣ ਖੋਲ੍ਹ ਪਿਆਰੀ ਸੱਦ ਪਈ ਮੈਨੂੰ ਆਵੇ
ਬਿੱਛੂ ਡੰਗੇ ਰਾਹਾਂ ਤੇ ਮੈਂ ਖੰਭ ਫਟਕਾਣੇ ਲੋਚਾਂ

ਸਗੋਂ ਉਹ ਇਕ ਅਜਿਹਾ ਕਵੀ ਸਥਾਪਿਤ ਹੋਇਆ, ਜਿਸਦੀ ਕਵਿਤਾ ਸੰਸਾਰ ਦੇ ਲੋਕ ਸਮੂਹ ਨੂੰ ਉਤਸ਼ਾਹ ਅਤੇ ਪ੍ਰੇਰਣਾ ਦੇ ਕੇ ਮਾਨਵਤਾ ਦੀ ਮੰਜ਼ਲ ਤਕ ਪਹੁੰਚਾ ਦਿੰਦੀ ਹੈ। ਪਾਸ਼ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ 'ਖੰਭ ਫਟਕਾ ਕੇ' ਦੇਖੇ ਹਨ, 'ਬਿੱਛੂ ਡੰਗੇ ਰਾਹਾਂ' ਦਾ ਅਨੁਭਵ ਉਸਦੀ ਇਕ ਮਹਾਨ ਪ੍ਰਾਪਤੀ ਹੈ। ਜੇਲ੍ਹ ਜੀਵਨ, ਲਹਿਰ ਅਧੀਨ ਝੱਲੇ ਪੁਲਿਸ ਤਸ਼ੱਦਦ ਵਰਗੇ ਸਾਰੇ ਤਸੀਹੇ ਉਸ ਨੇ ਆਪਣੇ ਪਿੰਡੇ ਤੇ ਹੰਡਾ ਕੇ ਵੇਖੇ ਹਨ ਜਿਸ ਕਰਕੇ ਉਸਦੀ ਹਰ ਨਜ਼ਮ ਦੀ ਹਰ ਸਤਰ ਇਕ ਸੁਨੇਹਾ ਜਾਂ ਇਕ ਪੈਗ਼ਾਮ ਹੈ।

ਪਾਸ਼ ਜ਼ਿੰਦਗੀ ਵਿਚ ਕਵਿਤਾ ਵਾਂਗ ਹੀ ਵਿਚਰਿਆ ਅਤੇ ਉਸਨੇ ਕਵਿਤਾ ਨੂੰ ਜ਼ਿੰਦਗੀ ਦੀ ਪਹੁਲ ਦੇਣ ਦੇ ਨਾਲ ਨਾਲ ਜ਼ਿੰਦਗੀ ਨੂੰ ਜੀਉਣ-ਯੋਗ ਬਣਾਉਣ ਲਈ ਅਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਕਲਮ ਦੋਹਾਂ ਪੱਧਰਾਂ ਤੇ ਸੰਘਰਸ਼ ਕੀਤਾ ਹੈ। ਸੁਹਜ ਦ੍ਰਿਸ਼ਟੀ ਦੀ ਲੇਖਕ ਬਲਜੀਤ ਕੌਰ ਨੇ ਪਾਸ਼ ਬਾਰੇ ਇਸ ਤਰ੍ਹਾਂ ਲਿਖਿਆ ਹੈ ਕਿ ਪਾਸ਼ ਸਾਧਨਹੀਣ ਮਾਨਵ-ਵਰਗ ਦੀਆਂ ਦੱਬੀਆਂ ਸਮਰੱਥਾਵਾਂ ਨੂੰ ਉਜਾਗਰ ਕਰਨ ਲਈ ਉਸ ਅੰਦਰ ਤਾਕਤਵਰ ਬੋਲਾਂ ਰਾਹੀਂ ਚੇਤਨਾ ਦਾ ਸੰਚਾਰ ਕਰਨ ਵਲ ਰੁਚਿਤ ਹੁੰਦਾ ਹੈ। ਇਸ ਮਕਸਦ ਲਈ ਉਹ ਕਲਮ ਤੋਂ ਹਥਿਆਰ ਵਾਂਗ ਕੰਮ ਲੈਣ ਬਾਰੇ ਵੀ ਸੋਚਦਾ ਹੈ।[1] ਪਾਸ਼ ਜਿਥੇ ਨਕਸਲੀ ਲਹਿਰ ਦਾ ਸਰਗਰਮ ਕਾਰਕੁੰਨ ਸੀ ਉਥੇ ਜੁਝਾਰ-ਵਿਦਰੋਹੀ ਕਵਿਤਾ ਦਾ ਸਿਧਾਂਤਕ ਬੁਲਾਰਾ ਵੀ ਸੀ। ਉਸ ਦੇ ਹਮਸਫਰ ਸ਼ਾਇਰ ਸੰਤ ਸੰਧੂ ਨੇ ਕਵਿਤਾ ਦੇ ਪ੍ਰਵੇਸ਼ ਵਿਚ ਪਾਸ਼ ਨੂੰ ਪੰਜਾਬੀ ਕਵਿਤਾ ਦਾ ਧੰਨਭਾਗ ਕਿਹਾ ਹੈ। ਉਹ ਕਹਿੰਦਾ ਹੈ ਕਿ ''ਕਵੀ ਪਾਸ਼ ਪੰਜਾਬੀ ਕਵਿਤਾ ਦਾ ਧੰਨ ਭਾਗ ਹੈ। ਪਾਸ਼ ਦੀ ਕਵਿਤਾ ਪੜ੍ਹ ਕੇ ਸਾਡੀਆਂ ਅੱਖਾਂ ਖੁੱਲ੍ਹੀਆਂ ਹਨ ਤੇ ਸਾਨੂੰ ਮਹਿਸੂਸ ਹੁੰਦਾ ਹੈ ਕਿ ਅਸੀਂ ਅੱਜ ਤੱਕ ਅੰਜੜਿਆ 'ਚ ਭੁੱਲੇ ਭਟਕਦੇ ਰਹੇ ਤੇ ਗੱਲ ਕੋਈ ਵੀ ਨਹੀਂ ਸੀ। ਕਵਿਤਾ ਪਾਸ਼ ਦੀ ਨੰਗੇਜ਼ ਵਾਂਗ ਉਘਾੜ ਕੇ ਦੱਸਦੀ ਹੈ ਕਵੀ ਕੀ ਹਸਤੀ ਹੁੰਦਾ ਹੈ ?[2] ਸਮਾਜਕ ਯਥਾਰਥ ਪਾਸ਼-ਕਾਵਿ ਚੇਤਨਾ ਦੀ ਆਧਾਰ ਭੂਮੀ ਬਣਦਾ ਹੈ। ਉਹ ਇਕ ਪਾਸੇ ਸ਼ੋਸ਼ਕ ਜਮਾਤ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਨੂੰ ਸਮਾਜਕ ਯਥਾਰਥ ਵਜੋਂ ਅਭਿਵਿਅਕਤ ਕਰਦਾ ਹੈ ਦੂਜੇ ਪਾਸੇ ਇਸ ਦੀ ਚੇਤਨਾ ਨੂੰ ਜੀਵਨ ਦੇ ਹਰ ਖੇਤਰ ਨਾਲ ਜੋੜ ਕੇ ਪੇਸ਼ ਕਰਦਾ ਹੈ। ਕਿਸਾਨੀ ਜੀਵਨ ਵਿਚ ਫੈਲਿਆ ਘੋਰ ਆਰਥਿਕ ਸੰਕਟ ਅਤੇ ਇਸ ਸੰਕਟ ਅਧੀਨ ਉਪਜਿਆ ਦੁਖਾਂਤ ਉਸਦੀ ਚੇਤਨਾ ਦਾ ਪ੍ਰਮੁੱਖ ਅੰਗ ਬਣਿਆ ਹੈ। ਹੇਠ ਲਿਖੀਆਂ ਸਤਰਾਂ ਨਿਮਨ ਵਰਗ ਦੀ ਤ੍ਰਾਸਦਿਕ ਸਥਿਤੀ ਦੀ ਪੇਸ਼ਕਾਰੀ ਕਰਦੀਆਂ ਹਨ :

ਇਹ ਤਾਂ ਸਾਰੀ ਉਮਰ ਨਹੀਂ ਲੱਥਣਾ
ਭੈਣਾਂ ਦੇ ਵਿਆਹਾਂ ਉੱਤੇ ਚੁੱਕਿਆ ਕਰਜ਼ਾ
ਪੈਲੀਆਂ ਵਿਚ ਛਿੜਕੇ ਲਹੂ ਦਾ
ਹਰ ਕਤਰਾ ਵੀ ਇਕੱਠਾ ਕਰਕੇ
ਏਨਾ ਰੰਗ ਨਹੀਂ ਬਣਨਾ

(ਉੱਡਦੇ ਬਾਜਾਂ ਮਗਰ, 'ਉਡਦੇ ਬਾਜਾਂ ਮਗਰ')

ਰੋਜ਼ ਹੀ ਇਕੋ ਸਮੇਂ ਉੱਠਦਾ ਹੈ :
ਕਿਸਾਨ ਕੁੱਤੇ ਦੇ ਢਿੱਡ ਵਿਚ
ਅੰਤਲੀ ਬੁਰਕੀ ਦਾ ਝੋਰਾ
ਰੋਜ਼ ਹੀ ਇਸੇ ਤਰ੍ਹਾਂ ਹੁੰਦਾ ਹੈ

(ਰੋਜ਼ ਹੀ ਇਸੇ ਤਰ੍ਹਾਂ ਹੁੰਦਾ ਹੈ, 'ਉੱਡਦੇ ਬਾਜਾਂ ਮਗਰ', ਪੰਨੇ 73-74)

ਪਾਸ਼ ਜਾਣਦਾ ਹੈ ਕਿ ਜਿਸ ਦੰਭੀ ਸਮਾਜ ਵਿਚ ਉਹ ਤੇ ਉਸ ਵਰਗੇ ਕਰੋੜਾਂ ਮਨੁੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿ ਰਹੇ ਹਨ ਇਸਨੂੰ ਪੂੰਜੀਵਾਦੀ ਸਮਾਜ ਕਹਿੰਦੇ ਹਨ ਕਿਉਂਕਿ ਇਸ ਦੀਆਂ ਉਪਜਾਊ ਸ਼ਕਤੀਆਂ, ਉਪਜ ਦੇ ਸਾਧਨ ਤੇ ਇਸ ਦਾ ਰਾਜ-ਪ੍ਰਬੰਧ ਸਰਮਾਏਦਾਰ ਤੇ ਪੂੰਜੀਪਤੀ ਜਗੀਰਦਾਰ ਦੇ ਹੱਥ ਵਿਚ ਹੈ। ਇਹ ਸਾਧਨਸ਼ੀਲ ਤੇ ਸੱਤਾਧਾਰੀ ਵਰਗ ਹਰ ਪੱਧਰ ਤੇ ਸੁਤੰਤਰਤਾ ਤੇ ਬਹੁਲਤਾ ਨੂੰ ਮਾਣਦਾ ਹੈ ਅਤੇ ਆਪਣੀ ਵਰਤਮਾਨ ਸਥਿਤੀ ਨੂੰ ਬਰਕਰਾਰ ਰੱਖਣ ਲਈ ਵਿਰੋਧੀ ਵਰਗ ਦੇ ਹੱਕ ਖੋਂਹਦਾ ਤੇ ਕੁਚਲਦਾ ਹੈ। ਪਾਸ਼ ਇਸ ਦੰਭੀ ਸ਼੍ਰੇਣੀ ਸਮਾਜ ਬਾਰੇ ਆਪਣੀ ਕਵਿਤਾ 'ਬਾਡਰ' ਰਾਹੀਂ ਪੇਸ਼ਕਾਰੀ ਕਰਦਾ ਕਹਿੰਦਾ ਹੈ :

ਦਰਅਸਲ
ਏਥੇ ਹਰ ਥਾਂ ਬਾਡਰ ਹੈ
ਜਿਥੇ ਸਾਡੇ ਹੱਕ ਖਤਮ ਹੁੰਦੇ ਹਨ
ਪਤਵੰਤੇ ਲੋਕਾਂ ਦੇ ਸ਼ੁਰੂ ਹੁੰਦੇ ਹਨ।

(ਬਾਡਰ, 'ਉਡਦੇ ਬਾਜਾਂ ਮਗਰ', ਪੰਨਾ 10)

ਉਪਰੋਕਤ ਪੰਗਤੀਆਂ ਵਿਚ 'ਬਾਡਰ' ਸ਼ਬਦ ਸ਼੍ਰੇਣਿਕ ਸਰਹੱਦਾਂ ਦੀ ਗੱਲ ਕਰਦਾ ਹੈ। ਪਾਸ਼ ਨਾ ਤਾਂ ਦੇਸ਼ ਦੀਆਂ ਹੱਦਾਂ ਵਿਚਲੀ ਵੰਡ-ਰੇਖਾ ਚਾਹੁੰਦਾ ਹੈ ਅਤੇ ਨਾ ਹੀ ਉਹ ਸ਼੍ਰੇਣਿਕ ਸਰਹੱਦਾਂ ਦੀ ਵੰਡ ਚਾਹੁੰਦਾ ਹੈ। ਹੇਠ ਲਿਖੀਆਂ ਪੰਗਤੀਆਂ ਉਸ ਦੀ ਇਸ ਗੱਲ ਬਾਰੇ ਪੁਸ਼ਟੀ ਕਰ ਜਾਂਦੀਆਂ ਹਨ :

ਰੇਡੀਓ ਨੂੰ ਆਖੋ
ਸਹੁੰ ਖਾ ਕੇ ਕਹੇ
ਧਰਤੀ ਜੇ ਮਾਂ ਹੁੰਦੀ ਹੈ ਤਾਂ ਕਿਸ ਦੀ ?
ਇਹ ਪਾਕਿਸਤਾਨੀਆਂ ਦੀ ਕੀ ਹੋਈ ?
ਤੇ ਭਾਰਤ ਵਾਲਿਆਂ ਦੀ ਕੀ ਲੱਗੀ ?

(ਜੰਗ : ਕੁਝ ਪ੍ਰਭਾਵ, 'ਉੱਡਦੇ ਬਾਜਾਂ ਮਗਰ', ਪੰਨਾ 44)

ਪਾਸ਼ ਅਜਿਹੇ ਦੇਸ਼ ਦੀ ਉਸਾਰੀ ਕਰਨਾ ਚਾਹੁੰਦਾ ਹੈ ਜਿਥੇ ਜ਼ਿੰਦਗੀ, ਸਮਾਜਵਾਦ ਜਾਂ ਕੁਝ ਵੀ ਹੋਰ ਸੱਚੀ ਮੁੱਚੀ ਦਾ ਹੋਵੇ' 'ਜਿਸ ਵਿਚ ਜੱਫੀ ਫਰਗਾ ਅਹਿਸਾਸ, ਕੰਮ ਵਰਗਾ ਨਸ਼ਾ ਅਤੇ ਕੁਰਬਾਨੀ ਜਿਹੀ ਵਫਾ' ਹੋਵੇ। ਅਸਲ ਵਿਚ ਪਾਸ਼ ਦੇਸ਼ ਦੇ ਅਸਲੀ ਵਾਰਸ ਉਹਨਾਂ ਲੋਕਾਂ ਨੂੰ ਹੀ ਗਰਦਾਨਦਾ ਹੈ ਜਿਹੜੇ ਦੇਸ਼ ਦੀ ਉਸਾਰੀ ਲਈ ਧੂੜ ਵਿਚ ਲੱਥ ਪੱਥ ਤਿਰਕਾਲਾਂ ਦੇ ਢਿੱਡ ਅੰਦਰ ਖੱਪ ਗਏ ਹਨ' ਪਰ ਜਿਸ ਦੇਸ਼ ਵਿਚ ਮੁੱਠੀ ਭਰ ਅਮੀਰ ਪੂੰਜੀਵਾਦੀ, ਸੱਤਾਧਾਰੀ ਵਰਗ ਇਹਨਾਂ ਗਰੀਬ ਮਜ਼ਲੂਮ, ਕਿਰਤੀ, ਕਿਸਾਨਾਂ ਦੇ ਹੱਕ ਖੋਹੇ ਉਹਨਾਂ ਨੂੰ ਕੁਚਲਣ ਦਾ ਯਤਨ ਕਰੇ ਤਾਂ ਅਜਿਹਾ ਦੇਸ਼ ਉਹਨਾਂ ਲਈ ਅਸੁਰੱਖਿਅਤਾ ਦਾ ਕਾਰਣ ਬਣਦਾ ਹੈ। ਪਾਸ਼ ਇਸ ਗੱਲ ਦੀ ਪੁਸ਼ਟੀ ਕਰਦਾ ਕਹਿੰਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਦੇਸ਼ ਦਾ ਅਮਨ ਇਹੋ ਹੁੰਦੈ
ਕਿ ਕਰਜ਼ੇ ਦੇ ਪਹਾੜਾਂ ਤੋਂ ਰਿੜਦਿਆਂ ਪੱਥਰਾਂ ਵਾਂਗ
ਟੁੱਟਦੀ ਰਹੇ ਹੋਂਦ ਸਾਡੀ
ਕਿ ਤਨਖਾਹਾਂ ਦੇ ਮੂੰਹ ਤੇ ਥੁਕਦਾ ਰਹੇ
ਕੀਮਤਾਂ ਦਾ ਬੇਸ਼ਰਮ ਹਾਸਾ
ਕਿ ਆਪਣੇ ਲਹੂ ਵਿਚ ਨਹਾਉਣ ਹੀ ਤੀਰਥ ਦਾ ਪੁੰਨ ਹੋਵੇ
ਤਾਂ ਸਾਨੂੰ ਅਮਲ ਤੋਂ ਖ਼ਤਰਾ ਹੈ

(ਆਪਣੀ ਅਸੁਰੱਖਿਅਤਾ 'ਚੋਂ, 'ਸਾਡੇ ਸਮਿਆਂ ਵਿਚ', ਪੰਨਾ 57)

ਇਸ ਤਰ੍ਹਾਂ ਪਾਸ਼ ਆਪਣੇ ਆਲੇ ਦੁਆਲੇ ਪ੍ਰਤੀ ਚੇਤੰਨ ਅਤੇ ਸੰਘਰਸ਼ ਕਰਨ ਲਈ ਯਤਨਸ਼ੀਲ ਹੈ ਜਿਥੇ ਕਵੀ ਸ਼ਿਵ ਕੁਮਾਰ ਬਟਾਲਵੀ ਆਪਣੇ ਆਲੇ ਦੁਆਲੇ ਦੀ ਉਦਾਸੀਨ ਜ਼ਿੰਦਗੀ ਨੂੰ ਦੇਖ ਕੇ ਮਰ ਜਾਣਾ ਲੋਚਦਾ ਹੈ ਉਥੇ ਪਾਸ਼ ਜ਼ਿੰਦਗੀ ਪ੍ਰਤੀ ਮੋਹ ਦੀ ਉਮੀਦ ਰੱਖਦਾ ਹੋਇਆ ਸੰਘਰਸ਼ ਕਰਨ ਦੀ ਯਤਨਬੱਧਤਾ ਅਧੀਨ ਨਿਮਨ ਵਰਗ ਨੂੰ ਸੰਘਰਸ਼ ਦੇ ਰਾਹੇ ਪਾ ਕੇ ਜਿਉਣ ਦੇ ਨਵੇਂ ਢੰਗਾਂ ਦੀ ਪੇਸ਼ਕਾਰੀ ਕਰਨ ਵੱਲ ਰੁਚਿਤ ਹੈ ਜਿਵੇਂ :

ਜੀਣ ਦਾ ਇਕ ਹੋਰ ਵੀ ਢੰਗ ਹੁੰਦਾ ਹੈ
ਭਰੇ ਟਰੈਫਿਕ ਵਿਚ ਚੌਫਾਲ ਲਿਟ ਜਾਣਾ
ਅਤੇ ਸਲਿਪ ਕਰ ਦੇਣਾ
ਵਕਤ ਦਾ ਬੋਝਲ ਪਹੀਆ ।

(ਜ਼ਿੰਦਗੀ, 'ਲੜਾਂਗੇ ਸਾਥੀ', ਪੰਨਾ 119)

ਧੁੱਪ ਵਾਂਗ ਧਰਤੀ ਤੇ ਖਿੜ ਜਾਣਾ
ਤੇ ਫਿਰ ਗਲਵਕੜੀ ਵਿਚ ਸਿਮਟ ਜਾਣਾ
ਬਰੂਦ ਵਾਂਗ ਭੜਕ ਉੱਠਣਾ
ਜੀਣ ਦਾ ਇਹੋ ਸਲੀਕਾ ਹੁੰਦਾ ਹੈ ।

(ਮੈਂ ਹੁਣ ਵਿਦਾ ਹੁੰਦਾ ਹਾਂ, 'ਸਾਡੇ ਸਮਿਆਂ ਵਿਚ', ਪੰਨਾ 8)

ਇਸ ਤਰ੍ਹਾਂ ਸੰਘਰਸ਼ ਭਰਪੂਰ ਜਿੰਦਗੀ ਪਾਸ਼ ਕਾਵਿ ਦੀ ਮੂਲ ਇਕਾਈ ਸਥਾਪਿਤ ਹੁੰਦੀ ਹੈ । ਪਾਸ਼ ਲੋਕ ਚੇਤਨਾ ਵਿਚ ਵੱਸੀ ਕਾਬਜ਼ ਨਿਜ਼ਾਮ ਦੀ ਸੰਸਕ੍ਰਿਤੀ ਤੋਂ ਇਸ ਪ੍ਰਕਾਰ ਚੇਤੰਨ ਹੈ ਕਿ ਉਸ ਦੀ ਕਵਿਤਾ ਵਿਚਲਾ ਵਿਦਰੋਹ ਕਈ ਵਾਰ ਗ਼ੈਰ ਸ਼ਿਸ਼ਟ ਭਾਸ਼ਾ ਦਾ ਰੂਪ ਵੀ ਅਖਤਿਆਰ ਕਰ ਜਾਂਦਾ ਹੈ ।

ਜਿਵੇਂ ਉਹ ਅਖੌਤੀ ਆਗੂਆਂ ਤੇ ਵਾਰ ਕਰਦਾ ਹੋਇਆ ਕਹਿੰਦਾ ਹੈ :

ਮੈਂ ਦੱਸਦਾ ਹਾਂ ਤੁਸੀਂ ਕੀ ਹੋ ?
ਤੁਸੀਂ ਕਿੱਕਰਾਂ ਦੇ ਬੀਅ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਟੁੱਟਿਆ ਹੋਇਆ ਟੋਕਰਾ
ਜੋ ਕੁਝ ਵੀ ਚੁੱਕਣ ਤੋਂ ਅਸਮਰਥ ਹੈ

(ਕਾਗਜ਼ੀ ਸ਼ੇਰ ਦੇ ਨਾਂ, 'ਸਾਡੇ ਸਮਿਆਂ ਵਿਚ', ਪੰਨਾ 55)

ਪਾਸ਼ ਦੀ ਕਵਿਤਾ ਵਿਚ ਸ਼ਾਂਤੀ, ਤਰਸ, ਖਿਮਾ, ਹੱਥ ਜੋੜ ਕੇ ਜਿਉਣ ਤੇ ਜ਼ੁਲਮਾਂ ਨੂੰ ਜ਼ਰ ਲੈਣ ਲਈ ਕੋਈ ਥਾਂ ਨਹੀਂ। 'ਹੱਥ', 'ਯੁੱਧ ਤੇ ਸ਼ਾਂਤੀ' ਆਦਿ ਉਸਦੀਆਂ ਨਜ਼ਮਾਂ ਇਸ ਗੱਲ ਦੀ ਭਲੀ ਭਾਂਤ ਹੀ ਪੁਸ਼ਟੀ ਕਰ ਜਾਂਦੀਆਂ ਹਨ ਜਿਵੇਂ :

ਹੱਥ ਜੇ ਹੋਣ ਤਾਂ
ਜੋੜਨ ਲਈ ਹੀ ਨਹੀਂ ਹੁੰਦੇ
ਨਾ ਦੁਸ਼ਮਣ ਸਾਹਮਣੇ ਚੁੱਕਣ ਨੂੰ ਹੀ ਹੁੰਦੇ ਹਨ
ਇਹ ਗਿੱਚੀਆਂ ਮਰੋੜਨ ਲਈ ਵੀ ਹੁੰਦੇ ਹਨ
ਹੱਥ ਜੇ ਹੋਣ ਤਾਂ
ਹੀਰ ਦੇ ਹੱਥੋਂ ਚੂਰੀ ਫੜਨ ਲਈ ਹੀ ਨਹੀਂ ਹੁੰਦੇ
ਸੈਦੇ ਦੀ ਜਨੇਤ ਡੱਕਣ ਲਈ ਵੀ ਹੁੰਦੇ ਹਨ
ਕੈਦੋਂ ਦੀਆਂ ਵੱਖੀਆਂ ਤੋੜਨ ਲਈ ਵੀ ਹੁੰਦੇ ਹਨ

(ਹੱਥ, 'ਉੱਡਦੇ ਬਾਜਾਂ ਮਗਰ', ਪੰਨਾ 24)

ਉਹ ਸ਼ਾਂਤੀ ਬਘਿਆੜਾਂ ਦੇ ਜਬਾੜਿਆਂ ਵਿਚ
ਸਵਾਦ ਬਣ ਕੇ ਟਪਕਦੀ ਰਹੀ—
ਸ਼ਾਂਤੀ ਕਿਤੇ ਨਹੀਂ ਹੁੰਦੀ...

ਯੁੱਧ ਇਸ਼ਕ ਦੇ ਸਿਖਰ ਦਾ ਨਾਂ ਹੈ
ਯੁੱਧ ਲਹੂ ਦੇ ਲਾਡ ਦਾ ਨਾਂ ਹੈ
ਯੁੱਧ ਜੀਣ ਦੇ ਨਿੱਘ ਦਾ ਨਾਂ ਹੈ
ਯੁੱਧ ਕੋਮਲ ਹਸਰਤਾਂ ਦੀ ਮਾਲਕੀ ਦਾ ਨਾਂ
ਯੁੱਧ ਅਮਨ ਦੇ ਸ਼ੁਰੂ ਦਾ ਨਾਂ ਹੈ

(ਯੁੱਧ ਤੇ ਸ਼ਾਂਤੀ, 'ਸਾਡੇ ਸਮਿਆਂ ਵਿਚ', ਪੰਨਾ 29)

ਪਾਸ਼ ਲਈ ਮਨਸੂਰ ਵਾਂਗ ਚੁੱਪ ਚਾਪ ਸੂਲੀ ਤੇ ਚੜ੍ਹਨਾ ਨਿਰਾਰਥਕ ਹੈ। ਗੁੱਸੇ ਦੀ ਭਾਵਨਾ ਤੇ ਧਰਤੀ ਸੋਚ ਦੀ ਪ੍ਰਚੰਡਤਾ ਉਸਨੂੰ ਸਮਕਾਲੀ ਕਵੀਆਂ ਵਿਚ ਵਿਲੱਖਣਤਾ ਪ੍ਰਦਾਨ ਕਰਦੀ ਹੈ। ਜਿਵੇਂ ਉਹ 'ਸ਼ਰਧਾਂਜਲੀ' ਨਾਂ ਦੀ ਕਵਿਤਾ ਵਿਚ ਕਹਿੰਦਾ ਹੈ :

ਸਿਰਫ਼ ਇਕ ਅਣਹੋਣੀ ਕਰਨ ਲੱਗੇ ਹਾਂ
ਇਹ ਸੱਜਣਾਂ ਭੂਮੀਆਂ ਦੀ ਫੌਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੱਥਾਂ 'ਚ ਐਤਕੀਂ ਮਸ਼ੀਨਗੰਨਾਂ ਲੈ ਕੇ ਨਿਕਲ ਆਈ ਹੈ
ਹੁਣ ਲੈਕਚਰ ਦਾ ਅੰਮ੍ਰਿਤ ਕਾਰਗਰ ਨਹੀਂ ਹੋਣਾ
ਤੇ ਤੈਥੋਂ ਕਦੇ ਨਾਬਰ ਨਹੀਂ ਤੂੰ ਜਾਣੀ ਜਾਣ ਏਂ
ਅਸੀਂ ਲੋਹੇ ਦੇ ਪਾਣੀ ਦੀ ਵਰਖਾ ਕਰਨ ਲੱਗੇ ਹਾਂ।

(ਸ਼ਰਧਾਂਜਲੀ, 'ਲੋਹ ਕਥਾ', ਪੰਨੇ 50-51)

ਪਾਸ਼ ਲਈ ਸੰਵਿਧਾਨ ਮਰ ਚੁੱਕੀ ਪੁਸਤਕ ਦੇ ਸਮਾਨ ਹੈ। ਦੇਸ਼ ਉਸ ਦੀ ਕੋਈ ਘਰ ਵਰਗੀ ਪਵਿੱਤਰ ਸ਼ੈਅ ਨਹੀਂ ਸਗੋਂ ਰੂਹ ਦੀ ਵਗਾਰ ਦਾ ਕਾਰਖ਼ਾਨਾ ਜਾਂ ਊੱਲੂ ਬਣਾਉਣ ਦਾ ਪ੍ਰਯੋਗ ਘਰ ਹੈ। ਉਸ ਅਨੁਸਾਰ ਇਹ ਦੇਸ਼ ਆਮ ਲੋਕਾਂ ਦਾ ਨਹੀਂ ਸਗੋਂ ਕੁਝ ਕੁ ਆਦਮੀਆਂ ਦਾ ਹੈ। ਇਥੋਂ ਤੱਕ ਦੇਸ਼ ਦੀ ਪ੍ਰਧਾਨ ਮੰਤਰੀ ਲੋਕਾਂ ਦੀ ਜਾਈ ਨਹੀਂ' ਸਗੋਂ ਬਦੇਸ਼ੀ ਸਾਮਰਾਜ ਦੀ ਏਜੰਟ ਹੈ। 'ਲੰਕਾ ਦੇ ਇਨਕਲਾਬੀਆਂ ਨੂੰ' ਮੁਖਤਿਬ ਕਵਿਤਾ ਵਿਚ ਉਹ ਕਹਿੰਦਾ ਹੈ :

ਇਹ ਇੰਦਰਾ ਜਿਸ ਨੇ ਤੈਨੂੰ ਮੌਤ ਦਾ ਪੈਗ਼ਾਮ ਘੱਲਿਆ
ਸਵਿਟਜ਼ਰਲੈਂਡ ਵਿਚ ਜਨਮੀਂ ਹੋਈ ਲੰਡਨ ਦੀ ਬੇਟੀ ਹੈ
ਇਹਦੀ ਸਾੜੀ 'ਚ ਡਾਲਰ ਹੈ, ਇਹਦੀ ਅੰਗੀ 'ਚ ਰੂਬਲ ਹੈ
ਇਹਨੂੰ ਮੇਰੇ ਦੇਸ਼ ਦੀ ਕਹਿਣਾ, ਮੇਰੀ ਧਰਤੀ ਦੀ ਹੇਠੀ ਹੈ।

ਪਾਸ਼ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੋ ਨੌਜੁਆਨ ਆਪਣੇ ਵਾਜਬ ਹੱਕਾਂ ਦੀ ਖਾਤਰ ਹਥਿਆਰਬੰਦ ਸੰਘਰਸ਼ ਲਈ ਕਾਰਜਸ਼ੀਲ ਹੁੰਦੇ ਹਨ ਉਨ੍ਹਾਂ ਨੂੰ ਸਮੇਂ ਦੀ ਬੁਰਜੂਆ ਕਾਬਜ਼ ਜਮਾਤ ਵੱਲੋਂ ਗਦਾਰੀ ਦਾ ਫਤਵਾ ਦੇ ਦਿੱਤਾ ਜਾਂਦਾ ਹੈ ਜਾਂ ਫਿਰ ਉਨ੍ਹਾਂ ਨੂੰ ਖਤਮ ਕਰ ਦਿੱਤਾ ਜਾਂਦਾ ਹੈ। ਪਾਸ਼ ਅਨੁਸਾਰ ਅਦਾਲਤਾਂ ਦੇ ਬੂਹੇ ਖੜਕਾਣ ਨਾਲ ਅਨੈਤਿਕਤਾ ਦੀ ਧਾਰਣੀ ਸਰਕਾਰ ਕੋਲ ਹੱਕਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਗੱਲ ਤੋਂ ਭਲੀ ਭਾਂਤ ਜਾਣੂ ਹੈ ਕਿ ਹੱਕ ਮੰਗਿਆਂ ਨਹੀਂ ਮਿਲਦੇ ਹੱਕ ਖੋਹੇ ਜਾਂਦੇ ਹਨ। ਉਸ ਅਨੁਸਾਰ :

ਹੱਕ ਦੇ ਇਵਜ਼ ਵਿਚ ਇਕ ਜਰਨੈਲੀ ਸੜਕ ਦੇ ਕਿਨਾਰੇ
ਗੋਲੀਆਂ ਦੇ ਇਨਾਮ ਨਾਲ ਨਿਵਾਜਿਆ ਗਿਆ ਹੈ
ਤੁਸੀਂ ਵੀ ਬੜਾ ਭਾਰੀ
ਪੁਲਸ ਮੁਕਾਬਲਾ ਪੜ੍ਹਿਆ ਹੋਣਾ
ਤੇ ਤੁਸੀਂ ਦੇਖਿਆ ਹੈ ਕਿ ਸਿਆਸੀ ਪਾਰਟੀਆਂ
ਦੂਰੋਂ ਦੂਰੋਂ ਮਰੀਅਲ ਕੁੱਤਿਆਂ ਵਾਂਗੂੰ
ਪਲ ਦੀ ਪਲ ਅਦਾਲਤੀ ਪੜਤਾਲ ਲਈ ਭੌਂਕੀਆਂ
ਤੇ ਏਥੋਂ ਦਾ ਕਾਨੂੰਨ ਸਿੱਕੇ ਦਾ ਹੈ
ਜੋ ਕੇਵਲ ਅੱਗ ਨਾਲ ਹੀ ਢਲ ਸਕਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੌਂਕਣ ਨਾਲ ਨਹੀਂ

(ਕਾਤਲ, 'ਲੋਹ ਕਥਾ')

ਪਾਸ਼ ਦੀ ਇਹ ਨਜ਼ਮ ਇਕ ਪਾਸੇ ਕਾਬਜ਼ ਜਮਾਤ ਦੀਆਂ ਗ਼ਲਤ ਨੀਤੀਆਂ ਨੂੰ ਯਥਾਰਥ ਦ੍ਰਿਸ਼ਟੀ ਤੋਂ ਬੇ-ਝਿਜਕ ਪਰਖਦੀ ਹੈ ਤੇ ਦੂਜੇ ਪਾਸੇ ਹਥਿਆਰਬੰਦ ਸੰਘਰਸ਼ ਉੱਤੇ ਬਲ ਦਿੰਦੀ ਹੈ।

ਇਸ ਤਰ੍ਹਾਂ ਪਾਸ਼ ਦੀ ਕਵਿਤਾ ਲੋਕ ਯੁੱਧ ਤੇ ਹਥਿਆਰਬੰਦ ਇਨਕਲਾਬ ਦੀ ਨੀਤੀ ਉਤੇ ਬਲ ਦਿੰਦੀ ਹੋਈ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਆਸ਼ੇ ਨੂੰ, ''ਚੂੰ ਕਾਰ ਅੱਜ ਹਮਾ ਹੀਲਤੇ ਦਰ ਗੁਜਸ਼ਤ, ਹਲਾਲ ਅਸਤ ਬੁਰਦਨ ਸ਼ਮਸ਼ੀਰ ਦਸਤ'' ਨਾਲ ਮੇਲ ਖਾਂਦੀ ਹੈ।'' ਪਾਸ਼ ਅਨੁਸਾਰ ਸੰਘਰਸ਼ ਤੋਂ ਬਗੈਰ ਕਦੀ ਵੀ ਕੋਈ ਧਿਰ ਆਪਣੇ ਹੱਕਾਂ ਦੀ ਪ੍ਰਾਪਤੀ ਨਹੀਂ ਕਰ ਸਕਦੀ ਇਸੇ ਕਰਕੇ ਉਸਦੀਆਂ ਬਹੁਤੀਆਂ ਨਜ਼ਮਾਂ ਜਿਵੇਂ 'ਉੱਡਦੇ ਬਾਜਾਂ ਮਗਰ', 'ਲੜਾਂਗੇ ਸਾਥੀ', 'ਸ਼ਰਧਾਂਜਲੀ', 'ਅੰਤਿਕਾ', 'ਬੇਦਾਵਾ', ਆਦਿ ਲੜਨ ਦੀ ਲੋੜ ਉੱਤੇ ਹੀ ਜ਼ੋਰ ਦਿੰਦੀਆਂ ਹਨ। ਇਨਕਲਾਬੀ ਜਿੱਤ ਵਿਚ ਵਿਸ਼ਵਾਸ ਉਸ ਦੀ ਕਵਿਤਾ ਦੀ ਪ੍ਰਧਾਨ ਸੁਰ ਹੋ ਨਿਬੜਦਾ ਹੈ :

ਜਦੋਂ ਬੰਦੂਕ ਨਾ ਹੋਈ, ਉਦੋਂ ਤਲਵਾਰ ਹੋਵੇਗੀ
ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ
ਲੜਨ ਦੀ ਜਾਂਚ ਨਾ ਹੋਈ, ਲੜਨ ਦੀ ਲੋੜ ਹੋਏਗੀ

(ਅਸੀਂ ਲੜਾਂਗੇ ਸਾਥੀ, 'ਉਡਦੇ ਬਾਜਾਂ ਮਗਰ', ਪੰਨਾ 27)

ਪਾਸ਼ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਸ ਨੇ ਹਿੰਸਾ ਅਤੇ ਸੰਘਰਸ਼ ਨੂੰ ਸਮਾਜਕ ਅਨਿਆਂ ਤੇ ਮਾਨਵੀ ਗੌਰਵ ਦੀ ਬਹਾਲੀ ਵਾਲੇ ਸਮਾਜਵਾਦੀ ਸਮਾਜ ਦੀ ਉਸਾਰੀ ਵਾਸਤੇ ਵਰਤਣ ਦਾ ਸੰਕਲਪ ਕੀਤਾ ਹੈ। ਹਿੰਸਾ ਜਿਹਾ ਨਕਾਰਾਤਮਕ ਸੰਕਲਪ ਉਸਦੇ ਉਸਾਰੂ ਆਦਰਸ਼ ਨਾਲ ਜੁੜ ਕੇ ਇਕ ਨੈਤਿਕ ਜਿਹਾ ਸਿਧਾਂਤ ਹੋ ਨਿਬੜਦਾ ਹੈ। ਹੇਠ ਲਿਖੀਆਂ ਪੰਗਤੀਆਂ ਉਸਦੇ ਇਸ ਵਿਚਾਰ ਦੀਆਂ ਧਾਰਨੀ ਹਨ :

ਅਸੀਂ ਲੜਾਂਗੇ ਤਦ ਤਕ
ਕਿ ਵੀਰੂ ਬੱਕਰੀਆਂ ਵਾਲਾ ਜਦੋਂ ਤੀਕ ਬੱਕਰੀਆਂ ਦਾ ਮੂਤ ਪੀਂਦਾ ਹੈ
ਖਿੜੇ ਹੋਏ ਸਰ੍ਹੋਂ ਦੇ ਫੁੱਲਾਂ ਨੂੰ ਜਦ ਵਾਹੁਣ ਵਾਲੇ ਆਪ ਨਹੀਂ ਸੁੰਘਦੇ
ਕਿ ਸੁਜੀਆਂ ਅੱਖੀਆਂ ਵਾਲੀ ਪਿੰਡ ਦੀ ਅਧਿਆਪਕਾ ਦਾ ਪਤੀ
ਜੰਗ 'ਚੋਂ ਪਰਤ ਨਹੀਂ ਆਉਂਦਾ
ਅਸੀਂ ਲੜਾਂਗੇ ਜਦ ਤਕ ਦੁਨੀਆਂ 'ਚੋਂ ਲੜਨ ਦੀ ਲੋੜ ਬਾਕੀ ਹੈ

(ਅਸੀਂ ਲੜਾਂਗੇ ਸਾਥੀ, 'ਲੜਾਂਗੇ ਸਾਥੀ', ਪੰਨਾ 34)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ ਪਾਸ਼ ਦੀ ਕਵਿਤਾ ਹਰ ਪ੍ਰਕਾਰ ਦੀ ਸਥਾਪਤੀ ਦਾ ਵਿਰੋਧ ਕਰਦੀ ਹੈ ਜਿਸ ਵਿਚੋਂ ਕਿ ਉਸਨੂੰ, ਉਸਦੇ ਵਿਅਕਤਿਤਵ ਨੂੰ ਜੀਊਂਦੇ ਰਹਿਣ ਵਿਚ ਘੁਟਣ ਮਹਿਸੂਸ ਹੁੰਦੀ ਹੋਵੇ। ਪਾਸ਼ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੀ ਹਰ ਸ਼ਬਦ ਰਚਨਾ ਅਵਾਮ ਦੇ ਧੁਰ ਅੰਦਰ ਧੁਸ ਜਾਂਦੀ ਹੈ ਅਤੇ ਕੁਚਲੀ ਜਾ ਚੁੱਕੀ ਮਾਨਵਤਾ ਵਿਚ ਸੰਘਰਸ਼ ਦੀ ਲਹਿਰ ਉਤਪੰਨ ਕਰਦੀ ਹੈ। ਪਾਸ਼ ਕਵੀ ਵੀ ਹੈ ਤੇ ਜੁਝਾਰੂ ਸਿਪਾਹੀ ਵੀ। ਉਹ ਇਸ ਗੱਲ ਦੀ ਪੁਸ਼ਟੀ ਕਰਦਾ ਹੋਇਆ ਕਹਿੰਦਾ ਹੈ :

ਮੈਂ ਰੋਂਦੂ ਨਹੀਂ ਕਵੀ ਹਾਂ
ਕਿਸ ਤਰ੍ਹਾਂ ਚੁੱਪ ਰਹਿ ਸਕਦਾ ਹਾਂ
ਮੈਂ ਕਦ ਮੁੱਕਰਦਾ ਹਾਂ ਕਿ, ਮੈਂ ਕਤਲ ਨਹੀਂ ਕਰਦਾ
ਮੈਂ ਕਾਤਲ ਵੀ ਹਾਂ
ਉਨ੍ਹਾਂ ਦਾ ਜੋ ਮਨੁੱਖਤਾ ਕਤਲ ਕਰਦੇ ਹਨ
ਹੱਕ ਨੂੰ ਕਤਲ ਕਰਦੇ ਹਨ
ਸੱਚ ਨੂੰ ਕਤਲ ਕਰਦੇ ਹਨ

(ਕਾਤਲ, 'ਲੋਹ ਕਥਾ', ਪੰਨਾ 44)

ਇਸ ਤਰ੍ਹਾਂ ਪਾਸ਼ ਮੌਜੂਦਾ ਨਿਜਾਮ ਦੇ ਪਰਖਚੇ ਉਡਾਂਦਾ ਹੈ। ਇਹ ਸਾਰਾ ਕੁਝ ਕਰਦੇ ਸਮੇਂ ਉਸਦੀ ਸ਼ਬਦ ਰਚਨਾ ਨਾ ਡਰਦੀ ਹੈ ਤੇ ਨਾ ਪਿਲਕਦੀ ਹੈ ਸਗੋਂ ਉਸ ਦੇ ਸ਼ਬਦ ਰਚਨਾ, ਲਹੂ ਸਣੀ, ਮੁੜ੍ਹਕੇ ਭਿੰਨੀ ਮਿੱਟੀ 'ਚ ਗੁੰਨੀ ਜਾਪਦੀ ਹੈ ਜੋ ਕਈ ਵਾਰ ਬੰਬ ਦਾ ਰੂਪ ਵੀ ਧਾਰਣ ਕਰ ਜਾਂਦੀ ਹੈ ਤੇ ਮਾਨਵਤਾ ਦੇ ਕਾਤਲਾਂ ਨੂੰ ਵੰਗਾਰ ਪਾਉਂਦੀ ਹੋਈ ਪ੍ਰਤੀਤ ਹੁੰਦੀ ਹੈ।

ਪਾਸ਼ ਦੀ ਕਵਿਤਾ ਨਾ ਕੇਵਲ ਵਿਚਾਰਧਾਰਾਈ ਪਖੋਂ ਬਲਕਿ ਰੂਪਕ ਪਖੋਂ ਵੀ ਵਿਲੱਖਣਤਾ ਦੀ ਧਾਰਣੀ ਹੈ। ਉਸ ਵਲੋਂ ਵਰਤੇ ਗਏ ਬਿੰਬ, ਭਾਸ਼ਾ ਅਤੇ ਸ਼ੈਲੀ ਉਸਦੀ ਵਿਲੱਖਣ ਸੂਝ ਵਲ ਹੀ ਇਸ਼ਾਰਾ ਕਰਦੀ ਹੈ ਅਤੇ ਦੱਬੀ ਕੁਚਲੀ ਮਾਨਵਤਾ ਨੂੰ ਸੋਝੀ ਕਰਵਾਉਂਦੀ ਹੈ ਕਿ ਕਿਸ ਤਰ੍ਹਾਂ ਉਹ ਆਪਣੇ ਹੱਕਾਂ ਦੀ ਪ੍ਰਾਪਤੀ ਕਰ ਸਕਦੀ ਹੈ। ਬੇਸ਼ੱਕ ਉਸ ਦੀ ਕਵਿਤਾ ਕਈ ਵਾਰ ਨਾਹਰੇਬਾਜ਼ੀ ਦਾ ਰੂਪ ਅਖਤਿਆਰ ਕਰ ਜਾਂਦੀ ਹੈ। ਇਹ ਨਾਹਰੇਬਾਜ਼ੀ ਸੰਘਰਸ਼ਸ਼ੀਲ ਲੋਕ-ਮਨ ਨੂੰ ਤਾਂ ਭਾਉਂਦੀ ਹੈ ਪਰ ਸਾਹਿਤਕ ਚੇਤੰਨਤਾ ਵਾਲੇ ਵਿਅਕਤੀ ਨੂੰ ਇਹ ਨਾਹਰਬਾਜ਼ੀ ਅੱਖਰਦੀ ਹੈ, ਪਰ ਮੇਰੇ ਵਿਚਾਰ ਅਨੁਸਾਰ ਪਾਸ਼ ਨੇ ਆਪਣੀ ਕਵਿਤਾ ਬੁਧੀਜੀਵੀਆਂ ਲਈ ਨਹੀਂ ਰਚੀ ਸਗੋਂ ਉਹਨਾਂ ਸਾਧਾਰਣ ਵਿਅਕਤੀਆਂ ਲਈ ਰਚੀ ਹੈ ਜੋ ਕਿ ਵਰਤਮਾਨ ਅਵਾਮ ਅਧੀਨ ਦਬੇ ਕੁਚਲੇ ਜਾ ਰਹੇ ਹਨ। ਸੋ ਸਾਨੂੰ ਇਥੇ ਇਹ ਗੱਲ ਚੇਤੇ ਰੱਖ ਲੈਣੀ ਚਾਹੀਦੀ ਹੈ ਕਿ ਕ੍ਰਾਂਤੀਕਾਰੀ ਕਵੀ ਦੀ ਸੁਰ ਹਮੇਸ਼ਾਂ ਉੱਚੀ ਹੀ ਰਹਿਣੀ ਚਾਹੀਦੀ ਹੈ ਜੇਕਰ ਕ੍ਰਾਂਤੀਕਾਰੀ ਕਵੀ ਦੀ ਰਚਨਾ ਵਿਚ ਨਾਹਰੇਬਾਜੀ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਵੇਗੀ ਤਾ ਉਹ ਕਵਿਤਾ ਨਾ ਤਾਂ ਨਿਮਨ ਵਰਗ ਦੇ ਹੱਕਾਂ ਲਈ ਆਵਾਜ਼ ਉਠਾ ਸਕੇਗੀ ਅਤੇ ਨਾ ਹੀ ਸੰਘਰਸ਼ ਦੇ ਲਈ ਪ੍ਰੇਰਿਤ ਕਰ ਸਕੇਗੀ, ਸਗੋਂ ਨੀਰਸ ਬਣ ਕੇ ਰਹਿ ਜਾਵੇਗੀ। ਪਾਸ਼ ਇਕ ਕ੍ਰਾਂਤੀਕਾਰੀ ਕਵੀ ਹੈ। ਇਸ ਕਰਕੇ ਨਾਹਰੇਬਾਜ਼ੀ ਉਸ ਦੀ ਕਵਿਤਾ ਲਈ ਕੋਈ ਮਿਹਣਾ ਨਹੀਂ ਹੈ।

ਹਵਾਲੇ ਅਤੇ ਟਿੱਪਣੀਆਂ

1 'ਆਧੁਨਿਕ ਪੰਜਾਬੀ ਕਾਵਿ' : ਸੁਹਜ ਦ੍ਰਿਸ਼ਟੀ, ਪੰਨਾ 146.

2. ਅਵਤਾਰ ਸਿੰਘ ਪਾਸ਼, ਸੰਤ ਸੰਧੂ (ਭੂਮਿਕਾ) 'ਪੈੜ ਤੇ ਪਿਚਕਾਰੀ', ਪੰਨਾ ੳ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਸ਼ਕਰਸ਼

ਜੁਝਾਰ ਵਿਦਰੋਹੀ ਕਾਵਿ ਧਾਰਾ ਮਾਓ ਦੀ ਵਿਚਾਰਧਾਰਾ ਅਨੁਸਾਰ ਹਥਿਆਰਬੰਦ ਘੋਲ ਵਿਚ ਵਿਸ਼ਵਾਸ਼ ਰੱਖਦੀ ਹੋਈ ਅਤੇ ਅਮੀਰ ਸ਼੍ਰੇਣੀ, ਅਫ਼ਸਰਸ਼ਾਹੀ ਦੀ ਅਨੈਤਿਕਤਾ ਤੇ ਪੁਲਿਸ ਤਸ਼ੱਦਦ ਨੂੰ ਯਥਾਰਥਵਾਦੀ ਪੈਂਤੜੇ ਤੋਂ ਚਿਤਰਦੀ ਹੋਈ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਈ ਵਿਚਾਰਧਾਰਾਈ ਆਧਾਰ ਦੇ ਪੱਖ ਤੋਂ ਬੇਸ਼ੱਕ ਇਹ ਕਾਵਿ-ਧਾਰਾ ਪ੍ਰਗਤੀਵਾਦੀ ਕਾਵਿ-ਧਾਰਾ ਨਾਲ ਸਾਂਝ ਰੱਖਦੀ ਹੈ ਪਰ ਕ੍ਰਾਂਤੀਕਾਰੀ ਸਮਾਜਵਾਦੀ ਅੰਸ਼ ਇਸ ਧਾਰਾ ਦੇ ਕਵੀਆਂ ਦੀ ਆਪਣੀ ਯਥਾਰਥਵਾਦੀ ਚੇਤਨਾ ਦਾ ਪ੍ਰਤਿਫਲ ਹੈ। ਇਸ ਕਰਕੇ ਇਸ ਕਾਵਿ-ਧਾਰਾ ਨਾਲੋਂ ਅਗਲੇਰੇ ਪੜਾਅ ਦੀ ਸੂਚਕ ਹੈ ਤੇ ਉਸ ਨਾਲੋਂ ਵਧੇਰੇ ਜੋਸ਼ੀਲੀ ਨੰਕੀਲੀ ਤੇ ਰੋਹ ਭਰੀ ਹੈ।

ਅਵਤਾਰ ਸਿੰਘ ਪਾਸ਼ ਇਸ ਕਾਵਿ-ਧਾਰਾ ਨਾਲ ਪ੍ਰਤੀਬੱਧ ਕਵੀ ਹੈ। ਉਹ ਲੋਕ ਮੁਹਾਵਰੇ, ਕ੍ਰਾਂਤੀਕਾਰੀ ਚਿਨ੍ਹਾਂ ਬਿੰਬਾਂ ਤੇ ਵਿਅੰਗ ਦੇ ਸਵਰ ਰਾਹੀਂ ਸਮਾਜਕ ਆਰਥਿਕ ਦੇ ਰਾਜਨੀਤਕ ਸਮੱਸਿਆਵਾਂ ਨੂੰ ਚਿਤਰਦਾ ਹੋਇਆ ਸਿਆਸਤਦਾਨਾਂ ਤੇ ਅਮੀਰ ਵਰਗ ਦੇ ਜ਼ੁਲਮਾਂ ਨੂੰ ਉਘਾੜਦਾ ਹੈ। ਇਸ ਜ਼ਾਲਮ ਜਮਾਤ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਵਰਗ ਦੀ ਰਾਖੀ ਲਈ ਉਹ ਹਥਿਆਰਬੰਦ ਘੋਲ ਨੂੰ ਲਾਜ਼ਮੀ ਤੇ ਲੋੜੀਂਦਾ ਮੰਨ ਕੇ ਚਲਦਾ ਹੈ। ਪਾਸ਼ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਵੀ ਹੈ ਕਿ ਉਹ ਆਪਣੀ ਕਵਿਤਾ ਵਿਚ ਵਰਗ ਸੰਘਰਸ਼ ਨੂੰ ਇਤਿਹਾਸ ਦੀਆਂ ਉਦਾਹਰਣਾਂ ਦੇ ਕੇ ਚਿਤਰਦਾ ਅਤੇ ਜਾਇਜ਼ ਠਹਿਰਾਉਂਦਾ ਹੈ। ਗੁਰੂ ਗੋਬਿੰਦ ਸਿੰਘ ਤੇ ਬਾਬਾ ਦੀਪ ਸਿੰਘ ਵਰਗੇ ਕ੍ਰਾਤੀਕਾਰੀ ਅਤੇ ਮਹਾਨ ਯੋਧੇ ਉਸ ਦੀ ਕਵਿਤਾ ਵਿਚ ਸੰਘਰਸ਼ ਤੇ ਕ੍ਰਾਂਤੀ ਦਾ ਪ੍ਰੇਰਣਾ ਸਰੋਤ ਬਣਦੇ ਹਨ।

ਜਦੋਂ ਇਸ ਕਾਵਿ-ਧਾਰਾ ਦੇ ਕਵੀਆਂ ਦੁਆਰਾ ਕੀਤੀ ਗਈ ਕਾਵਿ-ਰਚਨਾ ਨੂੰ ਸਾਹਮਣੇ ਰੱਖਦੇ ਹਾਂ ਤਾਂ ਇਸ ਧਾਰਾ ਦੇ ਅੰਤਰਗਤ ਦੋ ਵੰਨਗੀਆਂ ਆਉਂਦੀਆਂ ਹਨ ਇਕ ਵੰਨਗੀ ਤਿੱਖੀ ਚੋਭ ਅਤੇ ਤੱਤੇ ਵਿਦਰੋਹ ਵਾਲੀ ਕਵਿਤਾ ਦੀ ਹੈ ਅਤੇ ਦੂਜੀ ਵੰਨਗੀ ਦੀ ਕਵਿਤਾ ਵਿਚ ਵਿਦਰੋਹ ਦੀ ਗੱਲ ਜ਼ਰਾ ਠਰੰਮੇ ਨਾਲ ਕੀਤੀ ਗਈ ਹੈ। ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਸੰਤ-ਸੰਧੂ ਦਰਸ਼ਨ ਖਟਕੜ ਆਦਿ ਪਹਿਲੀ ਵੰਨਗੀ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਵਿਤਾ ਲਿਖਣ ਵਾਲੇ ਕਵੀ ਹਨ। ਅਵਤਾਰ ਸਿੰਘ ਪਾਸ਼ ਦਾ ਇਸ ਵੰਨਗੀ ਦੇ ਕਵੀਆਂ ਵਿਚ ਪ੍ਰਮੁੱਖ ਸਥਾਨ ਤੇ ਵਿਲੱਖਣਤਾ ਹੈ।

1. ਪਾਸ਼ ਦਾ ਜੁਝਾਰ-ਵਿਦਰੋਹੀ ਕਾਵਿ ਧਾਰਾ ਵਿਚ ਸਥਾਨ ਨਿਸ਼ਚਤ ਕਰਨ ਲੱਗਿਆਂ ਤੇ ਵਿਲੱਖਣਤਾ ਉਜਾਗਰ ਕਰਨ ਲੱਗਿਆਂ ਉਸਦੀਆਂ ਕੁਝ ਵਿਲੱਖਣ ਵਿਸ਼ੇਸ਼ਤਾਵਾਂ ਉਜਾਗਰ ਹੁੰਦੀਆਂ ਹਨ :

2. ਪਾਸ਼-ਕਾਵਿ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਬਗਾਵਤ ਦੀ ਸੁਰ ਦੀ ਧਾਰਣੀ ਹੈ। ਇਸ ਕਵਿਤਾ ਨੂੰ ਪੜ੍ਹ ਕੇ ਮਨੁੱਖੀ ਮਨ ਬਦੋ-ਬਦੀ ਇਨਕਲਾਬੀ ਕਰਮ ਕਰਨ ਲਈ ਪ੍ਰੇਰਿਤ ਹੋ ਉੱਠਦਾ ਹੈ। ਗੁੱਸੇ ਦੀ ਭਾਵਨਾ ਤੇ ਖਰ੍ਹਵੀ ਸੋਚ ਦੀ ਪ੍ਰਚੰਡਤਾ ਪਾਸ਼ ਕਾਵਿ ਨੂੰ ਉਸ ਦੇ ਸਮਕਾਲੀ ਕਵੀਆਂ ਨਾਲੋਂ ਨਿਖੇੜਦੀ ਹੈ।

3. ਪਾਸ਼ ਦੀ ਕਵਿਤਾ ਕਿਸੇ ਫਤੀਰਾਬਾਜ਼ੀ ਦੇ ਚੱਕਰ ਵਿਚ ਨਹੀਂ ਪੈਂਦੀ ਜਿਵੇਂ ਕਿ ਆਮ ਆਧੁਨਿਕਤਾਵਾਦੀ ਕਵਿਤਾ ਵਿਚ ਦੇਖਿਆ ਜਾਂਦਾ ਹੈ। ਉਸ ਦੀ ਦ੍ਰਿਸ਼ਟੀ ਹਮੇਸ਼ਾ ਅਤਿਸਾਧਾਰਣ ਦੀ ਪੱਧਰ ਉੱਤੇ ਜੀਅ ਰਹੇ ਲੋਕਾਂ ਤੇ ਟਿਕੀ ਰਹਿੰਦੀ ਹੈ ਅਸਾਧਾਰਣ ਤੇ ਨਹੀਂ।

ਇਸ ਕਵਿਤਾ ਵਿਚ ਭਾਵੁਕਤਾ ਤੇ ਉਪਭਾਵੁਕਤਾ ਦੀ ਸੁਰ ਵਿਦਮਾਨ ਹੈ ਜੋ ਕਈ ਵਾਰ ਨਾਅਰੇਬਾਜ਼ੀ ਹੋ ਨਿੱਬੜਦੀ ਹੈ। ਬਹੁਤ ਸਾਰੇ ਆਲੋਚਕਾਂ ਦਾ ਵਿਚਾਰ ਹੈ ਕਿ ਇਹ ਨਾਅਰੇਬਾਜ਼ੀ ਉਸ ਕਵਿਤਾ ਵਿਚ ਪੇਤਲਾ ਪ੍ਰਭਾਵ ਪਾਉਂਦੀ ਹੈ ਪਰ ਜੇ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਨਾਅਰੇਬਾਜ਼ੀ ਸੰਘਰਸ਼ੀਲ ਲੋਕ ਮਨ ਨੂੰ ਤਾਂ ਭਾਉਂਦੀ ਹੈ ਪਰ ਸਾਹਿਤਕ ਚੇਤੰਨਤਾ ਵਾਲੇ ਵਿਅਕਤੀ ਨੂੰ ਅੱਖਰਦੀ ਹੈ ਪਰ ਸਾਡੇ ਵਿਸ਼ਵਾਸ਼ ਅਨੁਸਾਰ ਪਾਸ਼ ਨੇ ਕਵਿਤਾ ਬੁੱਧੀਜੀਵੀਆਂ ਲਈ ਨਹੀਂ ਰਚੀ ਸਗੋਂ ਉਹਨਾਂ ਸਾਧਾਰਣ ਵਿਅਕਤੀਆਂ ਲਈ ਰਚੀ ਹੈ ਜੋ ਕਿ ਵਰਤਮਾਨ ਅਵਾਮ ਅਧੀਨ ਦੱਬੇ ਕੁੱਚਲੇ ਜਾ ਰਹੇ ਹਨ। ਇਥੇ ਇਹ ਗਲ ਧਿਆਨ ਰੱਖਣ ਯੋਗ ਹੈ ਕਿ ਕ੍ਰਾਂਤੀਕਾਰੀ ਕਵੀ ਦੀ ਸੁਰ ਹਮੇਸ਼ਾ ਉੱਚੀ ਹੀ ਰਹਿਣੀ ਚਾਹੀਦੀ ਹੈ ਜੇਕਰ ਕ੍ਰਾਂਤੀਕਾਰੀ ਕਵੀ ਦੀ ਰਚਨਾ ਵਿਚ ਨਾਅਰੇਬਾਜ਼ੀ ਨਹੀਂ ਹੋਵੇਗੀ ਤਾਂ ਉਹ ਕਵੀ ਨਾ ਤਾਂ ਆਮ ਸਾਧਾਰਣ ਵਰਤਮਾਨ ਅਵਾਮ ਅਧੀਨ ਦੱਬੇ ਕੁੱਚਲੇ ਲੋਕਾਂ ਨੂੰ ਉਤਸ਼ਾਹਿਤ ਕਰ ਸਕੇਗਾ ਅਤੇ ਨਾ ਹੀ ਉਸ ਨਿਮਨ ਵਰਗ ਦੇ ਹੱਕਾਂ ਦੀ ਆਵਾਜ਼ ਉਠਾ ਸਕੇਗਾ ਸਗੋਂ ਉਸ ਦੀ ਕਵਿਤਾ ਰਸਹੀਣ ਹੋ ਜਾਵੇਗੀ। ਸੋ ਪਾਸ਼ ਇਕ ਕ੍ਰਾਂਤੀਕਾਰੀ ਕਵੀ ਹੈ ਨਾਅਰੇਬਾਜ਼ੀ ਉਸ ਦੀ ਕਵਿਤਾ ਤੇ ਪੇਤਲਾ ਪ੍ਰਭਾਵ ਨਹੀਂ ਪਾਉਂਦੀ ਸਗੋਂ ਉਸ ਦੀ ਇਨਕਲਾਬੀ ਭਾਵਨਾਂ ਨੂੰ ਉਜਾਗਰ ਕਰਦੀ ਹੈ।

ਅਵਤਾਰ ਸਿੰਘ ਪਾਸ਼ ਕਈ ਵਾਰ ਆਪਣੀ ਤੱਤੀ ਤਿੱਖੀ ਸ਼ਾਇਰੀ ਵਿਚੋਂ ਬਾਹਰ ਨਿਕਲਣ ਦਾ ਸੁਚੇਤ ਯਤਨ ਕਰਦਾ ਹੈ ਤਾਂ ਇਕ ਤਰ੍ਹਾਂ ਨਾਲ ਅਪਸ਼ਾਰ ਦੀ ਰੁੱਚੀ ਬਣ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨਕਲਾਬੀ ਪੱਖ ਹੀ ਪਾਸ਼ ਦੀ ਕਵਿਤਾ ਵਿਚ ਵਿਲੱਖਣਤਾ ਦਾ ਪ੍ਰਭਾਵ ਪਾਉਂਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬੇਸ਼ੱਕ ਉਸ ਦੀ ਕਵਿਤਾ ਵਿਚ ਭਾਵੁਕਤਾ ਦੀ ਸੁਰ ਪ੍ਰਧਾਨ ਹੈ ਪਰ ਜਿੱਥੋਂ ਤੱਕ ਅਤਿਸਾਧਾਰਣ ਦੀ ਪੀੜਾ ਤੇ ਸੰਤਾਪ ਨੂੰ ਚਿਤਰਣ ਦਾ ਸੰਬੰਧ ਹੈ ਇਸ ਪੱਖ ਤੋਂ ਉਸ ਦੀ ਕਵਿਤਾ ਦੀ ਸੁਹਿਰਦਤਾ ਬਾਰੇ ਕੋਈ ਨੁਕਤਾਚੀਨੀ ਨਹੀਂ ਕੀਤੀ ਜਾ ਸਕਦੀ ਉਸ ਦੀ ਕਾਵਿ-ਸਾਧਨਾ ਦੀ ਇਹ ਸੁਹਿਰਦਤਾ ਤੇ ਬੇਬਾਕ ਸੋਚ ਉਸ ਨੂੰ ਜੁਝਾਰ-ਵਿਦਰੋਹੀ ਕਾਵਿ-ਧਾਰਾ ਵਿਚ ਵਿਲੱਖਣ ਤੇ ਨਿਵੇਕਲਾ ਸਥਾਨ ਪ੍ਰਦਾਨ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ ਸੂਚੀ

ਪੰਜਾਬੀ

ਉਦਾਸੀ, ਸੰਤ ਰਾਮ, 'ਸੈਨਤਾਂ' ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀ ਹੀਣ।

ਅਤਰ ਸਿੰਘ, 'ਸਾਹਿਤ ਸੰਵੇਦਨਾ', ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ। 984.

ਅਫਾਨਸੀਏਵ, ਵਿ. ਗ੍ਰੁ, 'ਦਾਰਸ਼ਨਿਕ ਗਿਆਨ ਦੇ ਮੁਢਲੇ ਨਿਯਮ', ਪ੍ਰਗਤੀ ਪ੍ਰਕਾਸ਼ਨ, ਮਾਸਕੋ, 1981.

— —, 'ਮਾਰਕਸਵਾਦੀ ਦਰਸ਼ਨ', ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1973.

ਸਤਿੰਦਰ ਸਿੰਘ, 'ਆਧੁਨਿਕ ਪੰਜਾਬੀ ਕਾਵਿ : ਰੂਪ ਅਧਿਐਨ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980.

ਸੈਪਟੂਲਿਨ, ਏ. ਪੀ, 'ਮਾਰਕਸੀ ਲੈਨਿਨੀ ਦਰਸ਼ਨ', ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ 1984.

ਸੁਹੇਲ ਸਿੰਘ, 'ਨਕਸਲਵਾਦ ਦਾ ਹਕੀਕੀ ਚਿਹਰਾ', ਜਨਤਾ ਪ੍ਰਕਾਸ਼ਨ, ਜਲੰਧਰ, 1975.

ਸੰਧੂ, ਸੰਤ, 'ਸੀਸ ਤਲੀ ਤੇ', ਸੰਗਰਾਮ ਪ੍ਰਕਾਸ਼ਨ, ਅੰਮ੍ਰਿਤਸਰ, 1970.

ਹਰਿਭਜਨ ਸਿੰਘ, 'ਸਾਹਿਤ ਸ਼ਾਸਤਰ', ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1973.

— — 'ਸਾਹਿਤ ਸਿਧਾਂਤ', ਸੀਮਾਂ ਪ੍ਰਕਾਸ਼ਨ, ਜਲੰਧਰ, 1973.

ਹਾਂਸ, ਸੁਰਜੀਤ, 'ਪਰੰਪਰਾ ਤੇ ਪ੍ਰਗਤੀਵਾਦ : ਬਾਣੀ ਦਾ ਅਜੋਕੀ ਕਵਿਤਾ ਲਈ ਮਹੱਤਵ', ਬਲਰਾਜ ਸਾਹਨੀ ਯਾਦਗਾਰ ਘਰੇਲੂ ਪੁਸਤਕਸ਼ਾਲਾ, ਅੰਮ੍ਰਿਤਸਰ 1981.

ਹੁੰਦਲ, ਹਰਿਭਜਨ ਸਿੰਘ, 'ਮੁਖੌਟੇ', ਸਿਰਜਨਾ ਪ੍ਰੈਸ, ਲੁਧਿਆਣਾ, 1970.

ਕਰਮਜੀਤ ਸਿੰਘ, 'ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ', ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1982.

ਕਿਸ਼ਨ ਸਿੰਘ, 'ਸਾਹਿਤ ਦੀ ਸਮਝ' ਸੇਧ ਪ੍ਰਕਾਸ਼ਨ, ਨਵੀਂ ਦਿੱਲੀ, ਪਹਿਲੀ ਵਾਰ, ਅਗਸਤ, 1974.

ਕੇਸਰ, ਕੇਸਰ ਸਿੰਘ, 'ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ', ਆਕੀ ਪ੍ਰਕਾਸ਼ਨ, ਚੰਡੀਗੜ੍ਹ, 1987.

ਕੈਲਵੀ, ਜਸਵੰਤ (ਸੰਪਾ.), 'ਅਸੀਂ ਜੀਊਂਦੇ ਅਸੀਂ ਜਾਗਦੇ', ਪੰਜਾਬੀ ਸਾਹਿਤ ਸਭਾ, ਤਲਵੰਡੀ ਭਾਈ, 1973.

ਗੁਰਬਚਨ ਸਿੰਘ, 'ਚਿਹਨ ਸੰਰਚਨਾ ਤੇ ਮਾਰਕਸਵਾਦ', ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ 1985.

ਜੀਸ, ਅਵਨੇਰ, 'ਮਾਰਕਸਵਾਦੀ ਸੁਹਜ ਸ਼ਾਸਤਰ ਦੀਆਂ ਬੁਨਿਆਦਾਂ', ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਮਿਤੀ ਹੀਣ।

ਦਿਲ, ਲਾਲ ਸਿੰਘ, 'ਬਹੁਤ ਸਾਰੇ ਸੂਰਜ' (ਸੰਪਾ. ਅਮਰਜੀਤ ਚੰਦਨ), ਲੋਕਾਇਨ ਪ੍ਰਕਾਸ਼ਨ, ਚੰਡੀਗੜ੍ਹ, 1982.

ਦੀਵਾਨ ਸਿੰਘ ਅਤੇ ਕੁਲਬੀਰ ਸਿੰਘ ਕਾਂਗ, 'ਸਮਕਾਲੀ ਪੰਜਾਬੀ ਆਲੋਚਨਾ', ਨਾਨਕ ਸਿੰਘ, ਪੁਸਤਕ ਮਾਲਾ, ਅੰਮ੍ਰਿਤਸਰ, ਮਿਤੀ ਹੀਣ।

ਨੂਰ, ਸਤਿੰਦਰ ਸਿੰਘ, 'ਨਵੀਂ ਕਵਿਤਾ, ਸੀਮਾਂ ਤੇ ਸੰਭਾਵਨਾ', ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1972.

ਪਰਮਿੰਦਰ ਸਿੰਘ, 'ਪ੍ਰਗਤੀਵਾਦੀ ਪੰਜਾਬੀ ਸਾਹਿਤ ਦੇ ਪੰਜਾਹ ਸਾਲ : ਇਕ ਪੁਨਰ ਮੁਲਾਂਕਣ', ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1989.

ਪ੍ਰੀਤਮ ਸਿੰਘ, 'ਪ੍ਰਤੀਵਾਦ', ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1987.

ਪਾਸ਼, ਅਵਤਾਰ ਸਿੰਘ, 'ਲੋਹ ਕਥਾ', ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਸਰਾ ਐਡੀਸ਼ਨ, 1981.

— —, 'ਉੱਡਦੇ ਬਾਜਾਂ ਮਗਰ', ਲਾਹੌਰ ਬੁੱਕ ਸ਼ਾਪ, ਲੁਧਿਆਣਾ 1974.

— —, 'ਸਾਡੇ ਸਮਿਆਂ ਵਿਚ', ਲਾਹੌਰ ਬੁੱਕ ਸ਼ਾਪ, ਲੁਧਿਆਣਾ 1978.

— —, 'ਲੜਾਂਗੇ ਸਾਥੀ', ਬਲਰਾਜ ਸਾਹਨੀ ਯਾਦਗਾਰ, ਪ੍ਰਕਾਸ਼ਨ ਅੰਮ੍ਰਿਤਸਰ, 1988.

ਫਾਸਟ, ਹਾਵਰਡ, 'ਸਾਹਿਤ ਅਤੇ ਯਥਾਰਥ', ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1985.

ਬਲਜੀਤ ਕੌਰ, 'ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ', ਦੀਪਕ ਪਬਲਿਸਰਜ਼,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਲੰਧਰ, 1986.

——, 'ਸੁਹਜ ਦ੍ਰਿਸ਼ਟੀ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987.

ਮਾਰਕਸ ਏਜਲਜ਼, 'ਸਾਹਿਤ ਤੇ ਕਲਾ', ਪ੍ਰਗਤੀ ਪ੍ਰਕਾਸ਼ਨ, ਮਾਸਕੋ 1980,

ਮੋਹਨਜੀਤ (ਸੰਪਾ.), 'ਆਰੰਭ', ਸੰਗਰਾਮ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀਹੀਣ।

ਰਵੀ, ਰਵਿੰਦਰ, 'ਵਿਰਸਾ ਤੇ ਵਰਤਮਾਨ', ਪੰਜਾਬ ਪ੍ਰਕਾਸ਼ਨ ਚੰਡੀਗੜ੍ਹ, 1986.

ਹਿੰਦੀ

ਸ਼ਰਮਾ ਨਿਤਯਨੰਦ, 'ਆਧੁਨਿਕ ਹਿੰਦੀ ਕਵਿਤਾ ਮੇਂ ਪ੍ਰਤੀਕ-ਵਿਧਾਨ', ਸਾਹਿਤਯ ਸਦਨ, ਦੇਹਰਾਦੂਨ, 2006 ਬਿ.

ਅੰਗਰੇਜ਼ੀ

Chadwik, Charles, *Symbolism*, Methuen and Co. Ltd. London 1971.

Gupta, Biplab Das, *The Naxalite Movement*, The Other Polied Publications, Bombay 1974.

Harri, J. V., *Textual Stratigies* Methuen & Co. Ltd. New York 1979.

Johari J. C. *Naxalite Poltics in India*, Research Publication, Delhi, 1972.

Jawaid, Sohail, *Socialism in India*, Radiant Publishers, New Delhi 1986.

Pollard, Arthur, *Satire*, *The Critical Idiom*, Methuen & Co. Ltd. 1978.

Sangera, C. S., *Naxalism in India*, Radiant Publishers, New Delhi, 1986.

Wellek, Rene and Austin, Warren, *Theory of Literature*, Penguin Books, Middlesex, 1948

Fisher, Earnest, *Necessity of Art*, Penguin Publishers, London, 1984.

ਰਸਾਲੇ ਤੇ ਖੋਜ ਪੱਤਰ

'ਆਲੋਚਨਾ', ਨਵੰਬਰ-ਦਸੰਬਰ 1986.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਪੰਜਾਬੀ ਦੁਨੀਆ', ਜੂਨ 1972

'ਸਮਤਾ', ਮਈ 1988

'ਸਿਰਜਣਾ', ਜੁਲਾਈ-ਸਤੰਬਰ 1988

ਮਹਾਨ ਕੋਸ਼ ਤੇ ਸ਼ਬਦ ਕੋਸ਼

Encyclopeadia Britanica, Vol 10, 12, 1966.

Encyclopaedia of Britanica' Vol. 19. William Benton Publishers, 1768.

Encyclopaedia of Poetry and Poetics, Pinceton University Press, 1978.

'ਮਾਨਵਿਕੀ ਪਰਿਭਾਸ਼ਿਕ ਕੋਸ਼', ਰਾਜਕਮਲ ਪ੍ਰਕਾਸ਼ਨ, 1965.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar